ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ

ਜਨਵਰੀ-ਮਾਰਚ 2022

# ਪਰਵਾਸ



ਚਿੱਤਰਕਾਰ: ਸਰੂਪ ਸਿੰਘ (ਬਰਤਾਨੀਆ)

ਪਰਵਾਸੀ ਸਾਹਿਤ ਅਧਿਅਨ ਕੇਂਦਰ

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ

parvasggn@gmail.com, +9187290-80250, +9195010-27522

# ਡਾ. ਸ. ਪ. ਸਿੰਘ ਦੀ ਕੈਨੇਡਾ ਫੇਰੀ



ਪੰਜਾਬ ਭਵਨ, ਕੈਨੇਡਾ ਵਿਖੇ ਡਾ. ਸ. ਪ. ਸਿੰਘ ਜੀ ਨੂੰ ਸਨਮਾਨਿਤ ਕਰਦੇ ਹੋਏ ਜਰਨੈਲ ਸਿੰਘ ਸੇਖਾ, ਜਰਨੈਲ ਸਿਘ ਆਰਟਿਸਟ, ਡਾ. ਸਾਧੂ ਸਿੰਘ, ਸੁੱਖੀ ਬਾਠ, ਦਵਿੰਦਰਪਾਲ ਸਿੰਘ ਮੋਗਾ, ਪਰਮਜੀਤ ਕੌਰ ਪੰਮੀ ਅਤੇ ਰਾਏ ਅਜ਼ੀਜ਼ ਉੱਲਾ ਖਾਨ



ਡਾ. ਪਰਮਵੀਰ ਸਿੰਘ ਕੈਨੇਡਾ ਦੀ ਕਾਵਿ ਪੁਸਤਕ 'ਪੰਖੀ' ਨੂੰ ਸਰੀ 'ਚ ਰਿਲੀਜ਼ ਕਰਦੇ ਹੋਏ ਡਾ. ਸ. ਪ. ਸਿੰਘ, ਪ੍ਰੋ. ਸਰਬਜੀਤ ਸਿੰਘ, ਡਾ. ਰਘੁਬੀਰ ਸਿੰਘ, ਜਰਨੈਲ ਸਿੰਘ ਸੇਖਾ, ਮੋਹਨ ਗਿੱਲ ਤੇ ਜਰਨੈਲ ਸਿੰਘ ਆਰਟਿਸਟ।

ਪੁਸਤਕ ਲੜੀ-16 ਜਨਵਰੀ-ਮਾਰਚ 2022

# ਪਰਵਾਸ

(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ)


**ਮੁੱਖ ਸੰਪਾਦਕ**
**ਡਾ. ਸ. ਪ. ਸਿੰਘ**

**ਮੁੱਖ ਪ੍ਰਬੰਧਕ**

ਪ੍ਰਿੰ. ਡਾ. ਅਰਵਿੰਦਰ ਸਿੰਘ
ਡਾ. ਭੁਪਿੰਦਰ ਸਿੰਘ

**ਸੰਪਾਦਕ**

ਡਾ. ਤੇਜਿੰਦਰ ਕੌਰ
ਪ੍ਰੋ. ਸ਼ਰਨਜੀਤ ਕੌਰ

**ਉਪ-ਸੰਪਾਦਕ**

ਡਾ. ਗੁਰਪ੍ਰੀਤ ਸਿੰਘ
ਡਾ. ਹਰਪ੍ਰੀਤ ਸਿੰਘ ਦੂਆ

**ਸਹਿਯੋਗੀ (ਭਾਰਤ)**

ਪ੍ਰੋ. ਗੁਰਭਜਨ ਸਿੰਘ ਗਿੱਲ
+919872631199
ਪ੍ਰੋ. ਮਨਜੀਤ ਸਿੰਘ ਛਾਬੜਾ
+919815100791
ਡਾ. ਵਨੀਤਾ (ਦਿੱਲੀ)
+919811323640
ਡਾ. ਅੰਮ੍ਰਿਤਪਾਲ ਕੌਰ
+918146565014
ਡਾ. ਲਖਵਿੰਦਰ ਸਿੰਘ ਜੌਹਲ
+919417194812
ਡਾ. ਮੁਨੀਸ਼ ਕੁਮਾਰ
+917837901025

**ਸਹਿਯੋਗੀ (ਵਿਦੇਸ਼)**

ਸੁੱਖੀ ਬਾਠ (ਪੰਜਾਬ ਭਵਨ ਕੈਨੇਡਾ)
+16045064426
ਪ੍ਰੋ. ਸਰਬਜੀਤ ਸਿੰਘ (ਕੈਨੇਡਾ)
+16047658417
ਸਰਬਜੀਤ ਸੋਹੀ (ਆਸਟਰੇਲੀਆ)
+61410584302
ਬਲਵਿੰਦਰ ਸਿੰਘ ਚਾਹਲ (ਯੂ. ਕੇ.)
+447491073808
ਕੁਲਵਿੰਦਰ ਸਿੰਘ (ਅਮਰੀਕਾ)
+19253130281
ਮੋਹਨ ਗਿੱਲ (ਕੈਨੇਡਾ)
+17789080914

**ਸਹਿ-ਸੰਪਾਦਕ (ਤਕਨੀਕੀ): ਰਜਿੰਦਰ ਸਿੰਘ +919465642568**

# ਇਸ ਅੰਕ ਵਿਚ


ਸੰਪਾਦਕੀ ਡਾ. ਸ. ਪ. ਸਿੰਘ

**ਅੰਕ ਦੇ ਚਿੱਤਰਕਾਰ ਸਰੂਪ ਸਿੰਘ 7-15**

ਮਿੱਟੀ ਮਾਣ ਕਰੇ: ਸਰੂਪ ਸਿੰਘ ਸੰਤੋਖ ਭੁੱਲਰ

**ਗਜ਼ਲਾਂ/ਨਜ਼ਮਾਂ/ਗੀਤ 16-35**

ਇੰਦਰਜੀਤ ਕੌਰ ਸਿੱਧੂ ਕੁਲਵੰਤ ਕੌਰ ਢਿੱਲੋਂ ਤਰਨਦੀਪ ਬਿਲਾਸਪੁਰ
ਡਾ. ਲਖਵਿੰਦਰ ਸਿੰਘ ਗਿੱਲ ਗੁਰਸ਼ਰਨ ਸਿੰਘ ਅਜੀਬ ਹੈਪੀ (ਅਸ਼ੋਕ) ਚੌਧਰੀ
ਕਰਨ ਅਜਾਇਬ ਸਿੰਘ ਸੰਘਾ ਸੰਤੋਖ ਭੁੱਲਰ ਬਿਕਰਮ ਸੋਹੀ
ਤਾਰਾ ਸਿੰਘ 'ਤਾਰਾ' ਗੁਰਮੇਲ ਕੌਰ ਸੰਘਾ (ਥਿੰਦ) ਜੀ. ਐਸ. ਰੁਪਾਣਾ
ਬਲਜੀਤ ਖ਼ਾਨ ਕਰਮ ਸਿੰਘ 'ਕਰਮ' ਰਾਜਪਾਲ ਬੋਪਾਰਾਏ
ਗੁਰਿੰਦਰ ਕੌਰ ਗਿੱਲ ਦਿਲਬਾਗ ਸਿੰਘ ਖਹਿਰਾ

**ਕਹਾਣੀ/ ਹਾਸ ਵਿਅੰਗ 36-54**

ਅੱਤਵਾਦੀ ਸੁਰਜੀਤ ਸਿੰਘ ਔਲਖ
ਵਿਸ਼ਵਾਸ ਅੰਜੂਜੀਤ ਪੰਜਾਬਣ
ਜਦੋਂ ਮੇਰਾ ਡਾਲਰਾਂ ਨੂੰ ਹੱਥ ਪਿਆ ਮੰਗਤ ਕੁਲਜਿੰਦ

**ਸੱਜਣ ਮੇਰੇ ਰੰਗੁਲੇ 55-60**

ਸ਼ਿਵਚਰਨ ਗਿੱਲ ਦੀ ਸਾਹਿਤਕ ਦੇਣ ਪ੍ਰੋ. ਸਰਬਜੀਤ ਸਿੰਘ

**ਪੁਸਤਕ ਚਰਚਾ 61-69**

ਪੰਖੀ: ਮਾਨਵੀ ਸਰੋਕਾਰਾਂ ਦੀ ਪੇਸ਼ਕਾਰੀ ਪ੍ਰੋ. ਰਣਜੀਤ ਸਿੰਘ ਸੰਧੂ
ਅਰਜ਼ੋਈ: ਨਿਵੇਕਲੀ ਪ੍ਰਤਿਭਾ ਡਾ. ਹਰਪ੍ਰੀਤ ਸਿੰਘ ਹੁੰਦਲ

**ਪੁਸਤਕ ਰੀਵਿਊ 70-73**

ਕਾਗਜ਼ੀ ਕਿਰਦਾਰ: ਜੀਤ ਸੁਰਜੀਤ ਗੁਰਭਜਨ ਗਿੱਲ
ਜਲਾਵਤਨ: ਪ੍ਰੋ. ਜਗੀਰ ਕਾਹਲੋਂ ਰੁਪਿੰਦਰ ਸੋਜ਼


**ਭਾਰਤੀ ਪੰਜਾਬੀ ਸਾਹਿਤ: ਜਾਣ-ਪਛਾਣ 74-79**

ਤਾਰਿਆਂ ਦੇ ਨਾਲ ਗੱਲਾਂ ਕਰਦਿਆਂ ਗੁਰਭਜਨ ਗਿੱਲ
ਜੜ੍ਹਾਂ ਦੇ ਵਿੱਚ ਵਿਚਾਲੇ ਅਰਤਿੰਦਰ ਸੰਧੂ
ਕਿਣਮਿਣ ਗੁਰਦਿਆਲ ਰੋਸ਼ਨ
ਮਨ ਦੇ ਬੂਹੇ ਬਾਰੀਆਂ ਗੁਰਭਜਨ ਗਿੱਲ
ਨਕਸਲਵਾਦ ਅਤੇ ਪੰਜਾਬੀ ਨਾਵਲ: ਸਿਆਸੀ ਅਵਚੇਤਨ ਸਤਿੰਦਰਪਾਲ ਸਿੰਘ ਬਾਵਾ

**ਸਰਗਰਮੀਆਂ 80-99**

## ਸੰਪਾਦਕੀ

# ਪਰਵਾਸੀ ਪੰਜਾਬੀ ਸਾਹਿਤ: ਪੁਰਸਕਾਰ



ਪਰਵਾਸੀ ਪੰਜਾਬੀ ਸਾਹਿਤ ਨੇ ਪਿਛਲੇ 5 ਦਹਾਕਿਆਂ ਦੇ ਸਾਹਿਤਕ ਸਫ਼ਰ ਦੌਰਾਨ ਉੱਚ ਪੱਧਰ ਦੀਆਂ ਸਾਹਿਤਕ ਰਚਨਾਵਾਂ ਸਦਕਾ ਉੱਚ ਮੁਕਾਮ ਹਾਸਿਲ ਕਰ ਲਿਆ ਹੈ। ਅੱਜ ਪਰਵਾਸੀ ਪੰਜਾਬੀ ਸਾਹਿਤ ਨੂੰ ਉਸ ਦੀ ਗੁਣਵੱਤਾ ਦੇ ਆਧਾਰ ’ਤੇ ਯੋਗ ਸਥਾਨ ਵੀ ਮਿਲ ਰਿਹਾ ਹੈ। ਪਹਿਲੇ ਪੱਧਰ ’ਤੇ ਦੇਸ਼-ਵਿਦੇਸ਼ ਦੀਆਂ ਕੁਝ ਸਾਹਿਤ ਸਭਾਵਾਂ ਤੇ ਸੰਸਥਾਵਾਂ ਜਿਨ੍ਹਾਂ ਵਿਚ ਭਾਸ਼ਾ ਵਿਭਾਗ, ਪੰਜਾਬ ਸਰਕਾਰ ਅਤੇ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਨੇ ਯੋਗ ਪਰਵਾਸੀ ਪੰਜਾਬੀ ਸਾਹਿਤਕਾਰਾਂ ਨੂੰ ਸਨਮਾਨਿਤ ਕੀਤਾ ਹੈ। ਇਸੇ ਪੱਧਰ ਉੱਤੇ ਹੀ ਕੈਨੇਡਾ ਵੱਸਦੇ ਬਰਜਿੰਦਰ ਢਾਹਾਂ ਨੇ ਆਪਣੇ ਪਿਤਾ ਸ. ਬੁੱਧ ਸਿੰਘ ਢਾਹਾਂ ਦੀ ਯਾਦ ਨੂੰ ਸਮਰਪਿਤ ਢਾਹਾਂ ਪੁਰਸਕਾਰ ਸਥਾਪਿਤ ਕੀਤਾ ਹੈ। ਲੇਖਕਾਂ ਲਈ, ਪਰਵਾਸੀਆਂ ਨੇ ਉੱਚ ਪੱਧਰ ਦਾ ਇਹ ਪੁਰਸਕਾਰ ਸਥਾਪਿਤ ਕੀਤਾ ਹੈ, ਜਿਸ ਵਿਚ ਹਰ ਵਰ੍ਹੇ ਪਰਵਾਸੀ ਲੇਖਕਾਂ ਦੀਆਂ ਪੁਸਤਕਾਂ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ। ਇਹ ਪਰਵਾਸੀ ਸਾਹਿਤ ਲਈ ਮਾਣ ਵਾਲੀ ਗੱਲ ਹੈ। ਬੇਸ਼ਕ ਅੱਜ ਸਾਹਿਤਕ ਮਾਨ-ਸਨਮਾਨਾਂ ਨੂੰ ਲੈ ਕੇ ਅਨੇਕਾਂ ਤਰ੍ਹਾਂ ਦੇ ਜਾਇਜ਼-ਨਾਜਾਇਜ਼ ਵਿਰੋਧ ਵੀ ਹੋ ਰਹੇ ਹਨ ਪਰ ਸਾਡੇ ਲਈ ਇਹ ਮਹੱਤਵਪੂਰਨ ਹੈ ਕਿ ਪਰਵਾਸੀਆਂ ਵੱਲੋਂ ਇਹ ਸਨਮਾਨ ਆਰੰਭ ਕੀਤਾ ਗਿਆ ਹੈ। ਇਸ ਦਾ ਸੁਆਗਤ ਕਰਨਾ ਬਣਦਾ ਹੈ। ਮੈਂ ਨਿੱਜੀ ਤੌਰ ’ਤੇ ਵੀ ਸ. ਬੁੱਧ ਸਿੰਘ ਢਾਹਾਂ ਨੂੰ ਮਿਲਿਆ ਹਾਂ। ਉਹ ਧਰਮ, ਸਾਹਿਤ ਅਤੇ ਸਮਾਜ ਸੇਵਾ ਨੂੰ ਸਮਰਪਿਤ ਤੇ ਰਾਜਸੀ ਚੇਤਨਾ ਰੱਖਣ ਵਾਲੀ ਇਕ ਪ੍ਰਭਾਵਸ਼ਾਲੀ ਸਖ਼ਸ਼ੀਅਤ ਸਨ। ਉਹਨਾਂ ਦੇ ਸਪੁੱਤਰ ਸ. ਬਰਜਿੰਦਰ ਢਾਹਾਂ ਵੀ ਉਹਨਾਂ ਦੇ ਨਕਸ਼ੇ ਕਦਮਾਂ ਉੱਪਰ ਚੱਲ ਰਹੇ ਹਨ। ਪਰਵਾਸੀ ਪੰਜਾਬੀ ਸਾਹਿਤ ਦੇ ਪ੍ਰਚਾਰ, ਪਾਸਾਰ ਲਈ ਆਰੰਭੇ ਉਹਨਾਂ ਦੇ ਇਸ ਯਤਨ ਦੀ ਸ਼ਲਾਘਾ ਕਰਨੀ ਬਣਦੀ ਹੈ। ਇਸ ਵਰ੍ਹੇ ਦੇ ਢਾਹਾਂ ਪੁਰਸਕਾਰ ਦੇ ਜੇਤੂਆਂ ਬਲਬੀਰ ਮਾਧੋਪੁਰੀ (ਦਿੱਲੀ), ਪ੍ਰੋ. ਸਰਘੀ (ਜੰਮੂ) ਅਤੇ ਨੈਣਸੁੱਖ (ਪਾਕਿਸਤਾਨ) ਨੂੰ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਬਹੁਤ ਬਹੁਤ ਮੁਬਾਰਕਾਂ।

**ਸ. ਪ. ਸਿੰਘ (ਡਾ.)**
**ਮੁੱਖ ਸੰਪਾਦਕ**

**ਪਰਵਾਸੀ ਅਧਿਅਨ ਕੇਂਦਰ**

# ਸਪਸ਼ਟੀਕਰਨ

ਤ੍ਰੈ-ਮਾਸਿਕ ਪਰਚਾ ਪਰਵਾਸ, ਪਰਵਾਸੀ ਸਾਹਿਤ ਅਧਿਅਨ ਕੇਂਦਰ, ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦਾ ਹਿੱਸਾ ਹੈ।

ਅਕਾਦਮਿਕ ਦ੍ਰਿਸ਼ਟੀਕੋਣ ਤੋਂ ਕਾਲਜ ਅੰਦਰ 2011 ਤੋਂ ਪਰਵਾਸੀ ਸਾਹਿਤ ਅਧਿਅਨ ਕੇਂਦਰ ਸਥਾਪਤ ਕੀਤਾ ਗਿਆ ਹੈ ਜਿਸ ਦਾ ਮਨੋਰਥ ਪਰਵਾਸੀ ਪੰਜਾਬੀ ਸਾਹਿਤ ਦਾ ਮੁੱਲਾਂਕਣ, ਪ੍ਰਸਾਰ ਤੇ ਪ੍ਰਚਾਰ ਕਰਨਾ ਹੈ। **ਇਸ ਵੱਲੋਂ ਗੁਣਵਤਾ ਦੇ ਆਧਾਰ 'ਤੇ ਹੀ ਰਚਨਾਵਾਂ ਸੰਬੰਧੀ ਚਰਚਾ ਤੇ ਪਰਖ਼ ਪੜਚੋਲ ਕੀਤੀ ਕਰਵਾਈ ਜਾਂਦੀ ਹੈ। ਪਰ ਇਹ ਗੱਲ ਸਾਫ਼ ਹੈ ਕਿ ਇਹ ਕਾਰਜ ਬਿਨਾਂ ਕਿਸੇ ਵਿੱਤੀ ਲੋਭ ਲਾਲਚ ਦੇ ਨਿਭਾਇਆ ਜਾਂਦਾ ਹੈ। ਪੁਸਤਕ ਚਰਚਾ, ਵੈਬੀਨਾਰ, ਕਵੀ ਦਰਬਾਰ, ਪੁਸਤਕ ਰੀਵਿਊ ਅਤੇ ਦੇਸ਼ ਵਿਦੇਸ਼ ਵਿਚ ਛਪਦੀਆਂ ਮਹੱਤਵਪੂਰਨ ਲਿਖਤਾਂ ਸੰਬੰਧੀ ਜਾਣਕਾਰੀ ਦੇਣਾ ਸਾਡਾ ਸਪੱਸ਼ਟ ਉਦੇਸ਼ ਹੈ।**

**'ਪਰਵਾਸ' ਪੱਤ੍ਰਿਕਾ ਦੇ ਪ੍ਰਕਾਸ਼ਨ ਲਈ ਕਿਸੇ ਵੀ ਸਾਹਿਤ ਪ੍ਰੇਮੀ ਵਲੋਂ ਅਦਾਰੇ ਦੀਆਂ ਗਤੀਵਿਧੀਆਂ ਨੂੰ ਵਧੇਰੇ ਗਤੀਸ਼ੀਲ ਬਨਾਉਣ ਲਈ ਚੈੱਕ ਰਾਹੀਂ ਆਰਥਕ ਸਹਾਇਤਾ ਪ੍ਰਵਾਨ ਕੀਤੀ ਜਾ ਸਕਦੀ ਹੈ। ਪੁਸਤਕ ਪ੍ਰਕਾਸ਼ਨ ਲਈ ਅਸੀਂ ਕੇਵਲ ਅਗਵਾਈ ਹੀ ਦੇ ਸਕਦੇ ਹਾਂ ਤਾਂ ਕਿ ਪ੍ਰਕਾਸ਼ਕਾਂ ਵੱਲੋਂ ਹੋਣ ਵਾਲੇ ਸ਼ੋਸ਼ਣ ਤੋਂ ਪਰਵਾਸੀ ਲੇਖਕਾਂ ਨੂੰ ਬਚਾਇਆ ਜਾ ਸਕੇ।**

ਇਸ ਕੇਂਦਰ ਸਬੰਧੀ ਕਿਸੇ ਕਿਸਮ ਦੇ ਗੁੰਮਰਾਹਕੁੰਨ ਪ੍ਰਚਾਰ ਤੋਂ ਪ੍ਰਭਾਵਤ ਹੋਣ ਦੀ ਥਾਂ ਇਨ੍ਹਾਂ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਡਾ. ਤੇਜਿੰਦਰ ਕੌਰ**
8729080250

**ਪ੍ਰੋ. ਸ਼ਰਨਜੀਤ ਕੌਰ**
9501027522

**ਈਮੇਲ: parvasggn@gmail.com**

**ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਪ੍ਰਾਪਤ ਹੋਏ ਆਰਥਕ ਸਹਿਯੋਗ**

## ਧੰਨਵਾਦ

**ਪੰਜਾਬ ਭਵਨ, ਸਰੀ (ਕੈਨੇਡਾ), ਸਾਹਿਤ ਸੁਰ ਸੰਗਮ ਸਭਾ (ਇਟਲੀ), ਨਕਸ਼ਦੀਪ ਪੰਜਕੋਹਾ (ਅਮਰੀਕਾ), ਸੁਰਿੰਦਰ ਸੁੰਨੜ (ਅਮਰੀਕਾ), ਐਸ਼ਕਮ ਐਸ਼ਵਿਕ (ਅਮਰੀਕਾ), ਚਰਨ ਸਿੰਘ (ਕੈਨੇਡਾ), ਪ੍ਰੋ. ਸਰਬਜੀਤ ਸਿੰਘ ਸਰੀ (ਕੈਨੇਡਾ)**

# ਰੰਗਾਂ ਦਾ ਜਾਦੂਗਰ : ਸਰੂਪ ਸਿੰਘ

ਸੰਤੋਖ ਭੁੱਲਰ



ਸਰੂਪ ਸਿੰਘ

ਚਿੱਤਰਕਾਰ ਸਰੂਪ ਸਿੰਘ ਕਲਾ ਦੇ ਖੇਤਰ ਦਾ ਇਕ ਅਜਿਹਾ ਕਲਾਕਾਰ ਹੈ ਜਿਸਨੇ ਬਰਤਾਨੀਆ ਰਹਿੰਦਿਆਂ ਆਪਣੀਆਂ ਕਲਾਕ੍ਰਿਤਾਂ ਰਾਹੀਂ ਪੰਜਾਬ ਸਭਿਆਚਾਰ ਤੇ ਵਿਰਸੇ ਦੀ ਢੁੱਕਵੀਂ ਪੇਸ਼ਕਾਰੀ ਕੀਤੀ ਹੈ। ਚਿੱਤਰਕਾਰੀ ਦੇ ਸ਼ੌਂਕ ਸਦਕਾ ਉਸਨੂੰ ਬਹੁਤ ਸਾਰੇ ਰਾਸ਼ਟਰੀ-ਅੰਤਰਾਸ਼ਟਰੀ ਮਾਨ-ਸਨਮਾਨਾਂ ਨਾਲ ਨਿਵਾਜਿਆ ਗਿਆ ਹੈ ਜਿਨ੍ਹਾਂ ਵਿਚ 'ਏਸ਼ੀਅਨ ਅਚੀਵਰਜ਼ ਐਵਾਰਡ', 'ਕਲਾਕਾਰ ਆਫ ਦਾ ਯੀਅਰ' ਐਵਾਰਡ (ਲੈਸਟਰ) ਬਰਤਾਨੀਆ ਦੀ ਰਾਣੀ ਵੱਲੋਂ 'ਲਾਈਫ ਟਾਈਮ ਐਚੀਵਰ ਫੈਲੋਸ਼ਿਪ' ਤੇ ਹੋਰ ਅਨੇਕਾਂ ਮਾਨ-ਸਨਮਾਨ ਹਨ। ਇਸ ਲੇਖ ਵਿਚ ਲੇਖਕ ਸੰਤੋਖ ਭੁੱਲਰ ਨੇ ਚਿੱਤਰਕਾਰ ਸਰੂਪ ਸਿੰਘ ਦੇ ਜੀਵਨ ਅਤੇ ਉਸ ਦੀਆਂ ਕਲਾਕ੍ਰਿਤਾਂ ਬਾਰੇ ਵਿਸਥਾਰ ਪੂਰਵਕ ਚਰਚਾ ਕੀਤੀ ਹੈ



ਸੰਤੋਖ ਭੁੱਲਰ

ਕਲਾ ਪ੍ਰੇਮੀ ਹੋਣ ਕਰਕੇ ਮੈਂ ਇੰਗਲੈਂਡ ਤੋਂ ਇਲਾਵਾ ਰਸ਼ੀਆ ਅਤੇ ਯੂਰਪੀਅਨ ਦੇਸ਼ਾਂ ਦੀਆਂ ਆਰਟ ਗੈਲਰੀਆਂ ਅੰਦਰ ਚਿੱਤਰਕਾਰਾਂ ਦੀਆਂ ਸਦੀਆਂ ਪੁਰਾਣੀਆਂ ਚੋਣਵੀਆਂ ਪੇਂਟਿੰਗਜ਼ ਵੇਖਣ ਲਈ ਭਰਮਣ ਕਰਦਾ ਰਹਿੰਦਾ ਹਾਂ। ਇਸੇ ਸਿਲਸਿਲੇ ਅਧੀਨ ਮੈਨੂੰ ਇੱਕ ਵਾਰ ਆਪਣੀ ਪਤਨੀ ਕਮਲਜੀਤ ਨਾਲ ਲੰਦਨ ਦੀ ਆਰਟ ਗੈਲਰੀ ਨੇੜੇ ਲੱਗੀ ਨੁਮਾਇਸ਼ ਵੇਖਣ ਦਾ ਸੁਭਾਗ ਪ੍ਰਾਪਤ ਹੋਇਆ। ਇਹ ਨੁਮਾਇਸ਼ ਬਰਤਾਨੀਆ ਦੇ ਕੁੱਝ ਅੰਗਰੇਜ਼ ਚਿਤੇਰਿਆਂ ਅਤੇ ਆਰਟਸ ਸੁਸਾਇਟੀ ਵਲੋਂ ਕਲਾ ਨੂੰ ਉਜਾਗਰ ਕਰਨ ਲਈ ਲਗਾਈ ਗਈ ਸੀ। ਇਸ ਨੁਮਾਇਸ਼ ਨੂੰ ਵੇਖਣ ਆਏ ਕਲਾ ਪ੍ਰੇਮੀਆਂ ਵਿੱਚ ਸਾਡੇ ਲੋਕਾਂ ਦੀ ਗਿਣਤੀ ਆਟੇ 'ਚ



ਸਰੂਪ ਸਿੰਘ ਜਨਰਲ ਸਰ ਮਾਇਕਲ ਵਾਕਰ ਕਮਾਂਡਰ ਇੰਨ ਚੀਫ ਯੂ. ਕੇ. ਨਾਲ

ਲੂਣ ਬਰਾਬਰ ਸੀ। ਇਸ ਇਮਾਰਤ ਦੇ ਇਕ ਛੋਟੇ ਜਿਹੇ ਕਮਰੇ ਵਿੱਚ ਕੁਦਰਤੀਂ ਸਾਨੂੰ ਸਾਡੀਆਂ ਮਹਾਨ ਸ਼ਖਸੀਅਤਾਂ ਵਾਲੀਆਂ ਕੁੱਝ ਤਸਵੀਰਾਂ ਵੇਖਣ ਵਾਸਤੇ ਮਿਲੀਆਂ, ਜਿਨ੍ਹਾਂ ਵਿੱਚ ਸਿੱਖ ਰਾਜ, ਮਹਾਰਾਜਾ ਰਣਜੀਤ ਸਿੰਘ, ਉਸ ਦੇ ਪੁੱਤਰ ਦਲੀਪ ਸਿੰਘ ਅਤੇ ਮਦਰ ਟੈਰੀਸਾ ਦੇ ਪੋਰਟਰੇਟ ਵੀ ਸ਼ਾਮਿਲ ਸਨ। ਇਨ੍ਹਾਂ ਤਸਵੀਰਾਂ ਨੂੰ ਕਿਸੇ ਭਾਰਤੀ ਮੂਲ ਦੇ 'ਸਰੂਪ' ਨਾਮੀਂ ਚਿਤੇਰੇ ਨੇ ਚਿਤਰਿਆ ਸੀ। ਜਦੋਂ ਮੈਂ ਇਨ੍ਹਾਂ ਤਸਵੀਰਾਂ ਦੀ ਕੰਪੋਜੀਸ਼ਨ ਅਤੇ ਰੰਗ ਯੋਜਨਾ ਵੇਖੀ ਤਾਂ ਉਹ ਬਹੁਤ ਵਧੀਆ ਲੱਗੀ। ਇਨ੍ਹਾਂ ਅਜ਼ੀਮ ਸ਼ਖਸੀਅਤਾਂ ਦੀਆਂ ਤਸਵੀਰਾਂ ਨੂੰ ਕਲਾਕਾਰ ਨੇ ਆਪਣੇ ਕਲਾਮਈ ਪੋਟਿਆਂ ਨਾਲ ਬਹੁਤ ਸੁੰਦਰ ਛੋਹ ਦਿੱਤੀ ਸੀ। ਇਹ ਚਿੱਤਰ ਵੇਖ ਸਾਨੂੰ ਖ਼ੁਸ਼ੀ ਅਤੇ ਹੈਰਾਨੀ ਵੀ ਹੋਈ ਅਤੇ ਅਸੀਂ ਇਸ ਸਬੰਧੀ ਉਥੋਂ ਦੀ ਦੇਖਭਾਲ ਕਰਨ ਵਾਲੀ ਇੱਕ ਔਰਤ 'ਸਾਇਰਾ ਸਮਿੱਥ' ਪਾਸੋਂ 'ਸਰੂਪ' ਨਾਮੀ ਚਿਤੇਰੇ ਬਾਰੇ ਪੁੱਛ-ਗਿਛ ਕੀਤੀ ਕਿਉਂਕਿ ਇਹ ਨਾਮ ਸਾਡੇ ਪੰਜਾਬੀਆਂ ਵਿੱਚ ਵੀ ਪ੍ਰਚਲਿਤ ਹੈ।

ਸਾਇਰਾ ਸਮਿੱਥ ਸਾਡੇ ਸਵਾਲ ਸੁਣਕੇ ਥੋੜ੍ਹਾ ਹੈਰਾਨ ਹੋਈ ਪਰ ਉਸ ਨੇ ਸਾਨੂੰ ਦੱਸਿਆ ਕਿ ਇਹ ਤਸਵੀਰਾਂ ਜਗਤ ਪ੍ਰਸਿੱਧ ਪੇਂਟਰ ਸਰੂਪ ਸਿੰਘ ਨੇ ਬਣਾਈਆਂ ਹਨ।




ਅਸੀਂ ਇਹ ਤਸਵੀਰਾਂ ਵਿਸ਼ੇਸ਼ ਕਰਕੇ ਨੁਮਾਇਸ਼ ਵੇਖਣ ਆਉਂਦੇ ਸੈਲਾਨੀਆਂ ਵਾਸਤੇ ਕੁੱਝ ਵਕਤ ਲਈ ਉਸ ਪਾਸੋਂ ਉਧਾਰੀਆਂ ਲਈਆਂ ਹਨ। ਤੁਸੀਂ ਇਸ ਚਿੱਤਰਕਾਰ ਦੀ ਲੋਕਪ੍ਰਿਯਤਾ ਦਾ ਅੰਦਾਜ਼ਾ ਇਸ ਗੱਲ ਤੋਂ ਭਲੀ-ਭਾਂਤ ਲਾ ਸਕਦੇ ਹੋ ਕਿ ਉਸਦੇ ਪ੍ਰਕਾਸ਼-ਚਿੱਤਰ ਇੰਗਲੈਂਡ ਦੀਆਂ ਆਰਟ ਗੈਲਰੀਆਂ ਤੋਂ ਇਲਾਵਾ, ਯੂਰਪ ਅਤੇ ਅਰਬ ਦੇਸ਼ਾਂ ਅੰਦਰ ਲੋਕਾਂ ਦੇ ਘਰਾਂ ਦਾ ਸ਼ਿੰਗਾਰ ਬਣ ਚੁੱਕੇ ਹਨ। ਉਸ ਨੇ ਸਾਨੂੰ ਇਹ ਵੀ ਜਾਣਕਾਰੀ ਦਿੱਤੀ ਕਿ ਮਿਸਟਰ ਸਰੂਪ ਸਿੰਘ ਦੀ ਕਲਾ ਦਾ ਘੇਰਾ ਵਸੀਹ ਹੋਣ ਕਰਕੇ ਬ੍ਰਿਟੇਨ ਦੀਆਂ ਅੰਗਰੇਜ਼ੀ ਅਖਬਾਰਾਂ, ਮੈਗਜ਼ੀਨਾਂ ਤੋਂ ਇਲਾਵਾ ਇੱਥੋਂ ਦੇ ਹਿੰਦੀ, ਪੰਜਾਬੀ, ਗੁਜਰਾਤੀ ਪਰਚਿਆਂ ਵਿੱਚ ਉਸ ਦੀ ਵਚਿੱਤਰ ਕਲਾ ਦੀ ਸੋਭਾ ਸਮੇਂ-ਸਮੇਂ ਛਪਦੀ ਰਹੀ ਹੈ। ਸਰੂਪ ਸਿੰਘ ਦੇ ਮਹੱਤਵਪੂਰਨ ਕੰਮਾਂ ਕਰਕੇ ਉਸ ਨੂੰ ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈਥ ਦੂਸਰੀ ਵਲੋਂ (ਬਕਿੰਘਮ ਪੈਲੇਸ) ਵਿੱਚ ਐਮ. ਬੀ. ਈ.

ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਪੇਂਟਰ ਵਲੋਂ ਤਿਆਰ ਕੀਤੀਆਂ ਹੋਰ ਤਸਵੀਰਾਂ ਵੱਖ-ਵੱਖ ਸੰਸਥਾਵਾਂ ਵਲੋਂ ਸੰਭਾਲੀਆਂ ਹੋਈਆਂ ਹਨ। ਜਿਨ੍ਹਾਂ ਦੀ ਸਹੀ ਗਿਣਤੀ-ਮਿਣਤੀ ਸਾਡੇ ਪਾਸ ਇਸ ਵਕਤ ਮੌਜੂਦ ਨਹੀਂ ਹੈ।

ਐਨਾ ਸਮਿੱਥ ਪਾਸੋਂ ਸਾਨੂੰ ਇਹ ਵੀ ਪਤਾ ਚੱਲਿਆ ਕਿ ਸਰੂਪ ਸਿੰਘ ਨੂੰ ਇਸ ਸਨਮਾਨ ਤੋਂ ਇਲਾਵਾ 'ਏਸ਼ੀਅਨ ਅਚੀਵਰਜ਼' ਐਵਾਰਡ, ਲੈਸਟਰ ਦੇ ਮਰਕਰੀ ਪੇਪਰ ਵਲੋਂ 'ਕਲਾਕਾਰ ਆਫ ਦੀ ਯੀਅਰ ਐਵਾਰਡ' ਅਤੇ ਉਸ ਨੂੰ ਇੰਟਰਨੈਸ਼ਨਲ ਬਾਇਓਗਰਾਫੀਕਲ ਆਰਗੇਨਾਈਜੇਸ਼ਨ ਵਲੋਂ 'ਲਾਈਫ਼ ਟਾਈਮ ਅਚੀਵਰਜ਼', ਫੈਲੋਸ਼ਿਪ ਦਿੱਤੀ ਜਾ ਚੁੱਕੀ ਹੈ। ਸਰੂਪ ਸਿੰਘ ਲੈਸਟਰ ਦਾ ਵਸਨੀਕ ਹੈ। ਜੇਕਰ ਤੁਹਾਨੂੰ ਇਸ ਚਿਤੇਰੇ ਬਾਰੇ ਹੋਰ ਪੁਖਤਾ ਜਾਣਕਾਰੀ ਚਾਹੀਦੀ ਹੈ ਤਾਂ ਤੁਸੀਂ ਉਸ ਨਾਲ ਫੋਨ ਰਾਹੀਂ ਸੰਪਰਕ ਕਰ ਸਕਦੇ ਹੋ। ਸਾਨੂੰ ਐਨਾ ਸਮਿੱਥ ਦੀ ਗੱਲ ਸੁਣ ਕੇ ਜਿੱਥੇ ਬੇਹੱਦ ਖ਼ੁਸ਼ੀ ਹੋਈ, ਉੱਥੇ ਇਹ ਅਫ਼ਸੋਸ ਵੀ ਹੋਇਆ ਕਿ ਸਾਡੇ ਲੋਕਾਂ ਨੇ ਆਪਣੇ ਮਹਾਨ ਚਿੱਤਰਕਾਰ ਨੂੰ ਅਣਗੌਲਿਆ ਹੋਇਆ ਹੈ। ਮੇਰੀ ਤਰ੍ਹਾਂ ਹੋਰਨਾਂ ਪੰਜਾਬੀਆਂ ਨੂੰ ਆਪਣੇ ਇਸ ਚਿੱਤਰਕਾਰ ਬਾਰੇ ਕੋਈ ਖਾਸ ਪੁਖ਼ਤਾ ਜਾਣਕਾਰੀ ਨਹੀਂ ਹੈ। ਉੱਥੇ ਖੜ੍ਹੇ ਖੜ੍ਹੇ ਹੀ ਮੇਰੇ ਦਿਮਾਗ਼ ਵਿੱਚ ਆਪਣੇ ਇਸ ਕਲਾਕਾਰ ਨੂੰ ਮਿਲਣ ਦੀ ਇੱਛਾ ਉਤਪੰਨ ਹੋਈ। ਅਸੀਂ ਉਸ ਕੁੜੀ ਨੂੰ ਬੇਨਤੀ ਕੀਤੀ ਕਿ ਕੀ ਸਾਨੂੰ ਸਰੂਪ ਸਿੰਘ ਦਾ ਫੋਨ ਨੰਬਰ ਮਿਲ ਸਕਦਾ ਹੈ ਉਸ ਨੇ ਆਪਣੇ ਮੈਨੇਜਰ ਨਾਲ ਗੱਲਬਾਤ ਕਰਕੇ ਸਾਨੂੰ ਸਰੂਪ ਸਿੰਘ ਦਾ ਫੋਨ ਨੰ. ਦਿੱਤਾ। ਅਸੀਂ ਨੁਮਾਇਸ਼ ਦਾ ਅਨੰਦ ਮਾਣਿਆ ਅਤੇ ਘਰ ਨੂੰ ਵਾਪਸ ਆ ਗਏ। ਇੰਗਲੈਂਡ ਵਿੱਚ ਕੰਮ ਦੀ ਦੌੜ ਭੱਜ ਕਰਕੇ ਕੁੱਝ ਵਰ੍ਹੇ ਲੰਘ ਗਏ ਅਤੇ ਸਾਡੇ ਪਾਸੋਂ ਉਸਦਾ ਫੋਨ ਨੰਬਰ ਅੱਗੇ ਪਿੱਛੇ ਹੋ ਗਿਆ। ਇੱਕ ਦਿਨ ਸਬੱਬੀ ਸਾਊਥਾਲ ਵਿਖੇ ਉਨ੍ਹਾਂ ਨਾਲ ਮੇਰਾ ਮੇਲ



**ਸਰੂਪ ਸਿੰਘ ਵਾਈਸ ਐਡਮਿਰਲ ਜੇਮਸ ਬਰਨਿਲ ਅਤੇ ਚੀਫ ਕਮਾਂਡਰ ਨਾਲ**

ਹੋ ਗਿਆ ਅਤੇ ਮੈਂ ਉਸ ਨੂੰ ਮਿਲਣ ਵਾਸਤੇ ਆਪਣੇ ਮਨ ਦੀ ਇਛਾ ਜ਼ਾਹਿਰ ਕੀਤੀ। ਉਹ ਮੇਰੀ ਗੱਲ ਸੁਣਕੇ ਬੇਹੱਦ ਖ਼ੁਸ਼ ਹੋਇਆ ਅਤੇ ਉਸ ਨੇ ਮੈਨੂੰ ਆਪਣਾ ਫੋਨ ਨੰਬਰ ਦਿੰਦੇ ਹੋਏ ਅਗਲੇ ਐਤਵਾਰ ਲੈਸਟਰ ਮਿਲਣ ਦੀ ਇਜਾਜ਼ਤ ਦੇ ਦਿੱਤੀ।

ਅਸੀਂ ਮਿੱਥੇ ਹੋਏ ਪ੍ਰੋਗਰਾਮ ਅਨੁਸਾਰ ਅਗਲੇ ਹਫ਼ਤੇ ਉਚੇਚਾ ਲੰਦਨ ਤੋਂ ਸਰੂਪ ਸਿੰਘ ਨੂੰ ਮਿਲਣ ਲੈਸਟਰ ਉਸ ਦੇ ਗ੍ਰਹਿ ਪਹੁੰਚੇ। ਉਸਨੇ ਹੱਸਦੇ ਹੋਏ ਸਾਨੂੰ ਜੀ ਆਇਆਂ ਕਿਹਾ ਅਤੇ ਸੁਹਣੀ ਤਰ੍ਹਾਂ ਚਾਹ ਪਾਣੀ ਨਾਲ ਸਾਡੀ ਆਓ ਭਗਤ ਕੀਤੀ। ਉਹ ਕੇਸੀਂ ਨਹਾ ਮੱਖਣ ਦੇ ਰੰਗ ਵਰਗਾ ਚਿੱਟਾ ਕੁੜਤਾ ਪਾਈ ਬੈਠੇ ਸਨ। ਉਸਦੇ ਚਿਹਰੇ ਉੱਪਰ ਅਨੋਖਾ ਨੂਰ ਚਮਕ ਰਿਹਾ ਸੀ। ਜਿਸ ਤੋਂ ਜਾਪਦਾ ਜਿਵੇਂ ਕੋਈ ਦਰਵੇਸ਼ ਇਬਾਦਤ ਕਰਕੇ ਹੱਟਿਆ ਹੈ। ਆਪਣੀ ਗੱਲਬਾਤ ਦੌਰਾਨ ਸਰੂਪ ਸਿੰਘ ਨੇ ਮੈਨੂੰ ਗਿਆਨਵਾਨ ਗੱਲਾਂ ਨਾਲ ਸਰਸ਼ਾਰ ਕੀਤਾ। ਕੁੱਝ ਚਿਰ ਬਾਅਦ ਉਸ ਨੇ ਮੈਨੂੰ ਆਪਣੀ ਲਾਇਬਰੇਰੀ ਅਤੇ ਕਾਫ਼ੀ ਪੋਰਟਰੇਟ ਵਿਖਾਏ, ਜਿਨ੍ਹਾਂ ਵਿੱਚ ਗੁਰੂ ਨਾਨਕ ਜੀ,ਗੁਰੂ ਹਰਗੋਬਿੰਦ ਸਾਹਿਬ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ ਤੋਂ ਇਲਾਵਾ ਹੋਰ ਮਹਾਨ ਸ਼ਖਸੀਅਤਾਂ, ਅਵਤਾਰਾਂ ਦੇ ਚਿੱਤਰ ਸ਼ਾਮਲ ਸਨ। ਉਸ ਨੇ ਸਾਰੀਆਂ ਪੇਂਟਿੰਗਾਂ ਬਹੁਤ ਸੰਭਾਲ ਕੇ ਰੱਖੀਆਂ ਸਨ। ਬੇਸ਼ੱਕ ਚਿੱਤਰਕਲਾ ਨੂੰ ਸਮਝਣ ਦੀ ਸੂਝਬੂਝ ਹਰ ਕਿਸੇ ਪਾਸ ਨਹੀਂ ਹੁੰਦੀ ਪਰ ਇਹ ਚਿੱਤਰ ਮੈਨੂੰ ਸੀਤਲਤਾ, ਨਿਮਰਤਾ,ਸਰਬ ਸਾਂਝੀਵਾਲਤਾ, ਧੀਰਜ ਅਤੇ ਸਹਿਣਸ਼ੀਲਤਾ ਦਾ ਸੁਨੇਹਾ ਦਿੰਦੇ ਨਜ਼ਰ ਆਉਂਦੇ ਸਨ। ਇਸ ਤੋਂ ਇਲਾਵਾ



ਸਰੂਪ ਸਿੰਘ ਨੇ ਮੈਨੂੰ ਆਪਣੇ ਚੁਰਾਸੀ ਸਾਲਾ ਜੀਵਨ ਵਿੱਚ ਆਪਣੀ ਸਰਵੋਤਮ ਕਲਾ ਰਾਹੀਂ ਵੱਖ-ਵੱਖ ਪੜਾਵਾਂ ਵਿਚੋਂ ਲੰਘਦੇ ਹੋਏ ਕੁੱਝ ਪ੍ਰਸਿੱਧ ਹਸਤੀਆਂ ਦੇ ਜਿਹੜੇ ਚਿੱਤਰ ਬਣਾਏ ਸਨ, ਉਨ੍ਹਾਂ ਉੱਪਰ ਵੀ ਝਾਤੀ ਪਵਾਈ। ਇਨ੍ਹਾਂ ਤਸਵੀਰਾਂ ਵਿੱਚ ਉਸਦੀ ਮਹਿਬੂਬ ਸਹਿਪਾਠੀ ਹਮੀਦਾਂ, ਸਾਡੇ ਮਸ਼ਹੂਰ ਕਵੀਆਂ, ਗ਼ਜਲਕਾਰਾਂ, ਨਾਵਲਕਾਰਾਂ, ਸੰਗੀਤਕਾਰਾਂ ਤੋਂ ਇਲਾਵਾ ਸ਼ੇਰੇ ਪੰਜਾਬ ਰਣਜੀਤ ਸਿੰਘ, ਸਿੱਖਾਂ ਦਾ ਆਖਰੀ ਬਾਦਸ਼ਾਹ ਦਲੀਪ ਸਿੰਘ, ਸਿੱਖ ਰਾਜ, ਮਦਰ ਟੈਰੀਸਾ, ਰਾਣੀ ਐਲਿਜ਼ਾਬੈਥ, ਰਾਜਕੁਮਾਰੀ ਡਾਇਨਾ, ਬਰਫ਼ਬਾਰੀ ਦੇ ਕੁਦਰਤੀ ਵਾਤਾਵਰਨ ਵਿਖਾਉਂਦੇ ਦ੍ਰਿਸ਼ ਅਤੇ ਬਹੁਤ ਸਾਰੇ ਅਦਬੀ ਸਿਤਾਰਿਆਂ ਦੇ ਤੇਲ ਦਿਆਂ ਰੰਗਾਂ ਨਾਲ ਬਣਾਏ ਪੋਰਟਰੇਟ ਸ਼ਾਮਲ ਸਨ। ਮਦਰ ਟੈਰੀਸਾ ਦੀ ਪੋਰਟਰੇਟ ਵਾਕਿਆ ਹੈਰਾਨ ਕਰਨ ਵਾਲੀ ਸੀ। ਇਨ੍ਹਾਂ ਚਿੱਤਰਾਂ ਦੇ ਕੁੱਝ ਪਾਤਰਾਂ ਚੋਂ ਉਦਾਸੀ, ਡਰ-ਭੈਅ ਦਾ ਮਿਸ਼ਰਣ, ਭਵਿੱਖ, ਆਤਮ ਚਿੰਤਨ, ਅੰਤਰ ਮੁਖੀ ਹੋਣ ਦੇ ਝਲਕਾਰੇ ਸਾਫ਼ ਨਜ਼ਰ ਆਉਂਦੇ ਹਨ।

ਉਸ ਨੇ ਸਾਰੇ ਪੋਰਟਰੇਟ ਬੜੀ ਖ਼ੂਬਸੂਰਤੀ ਨਾਲ ਪੂਰੀ ਮਿਹਨਤ ਅਤੇ ਲਗਨ ਨਾਲ ਤਿਆਰ ਕੀਤੇ ਸਨ।

ਸਰੂਪ ਸਿੰਘ ਨੇ ਮੈਨੂੰ ਹਰ ਚਿੱਤਰ ਬਾਬਤ ਪੁਖ਼ਤਾ ਜਾਣਕਾਰੀ ਵੀ ਦਿੱਤੀ। ਮੈਂ ਇਸ ਚਿੱਤਰਹਾਰੇ ਦੀ ਕਲਾ ਅਤੇ ਪੇਂਟਿੰਗਾਂ ਦੀ ਆਪਣੀ ਸੂਝ-ਸਮਝ ਨਾਲ ਸਿਫ਼ਤ-ਸਲਾਹ ਵੀ ਕੀਤੀ। ਉਸਨੇ ਮੇਰੇ ਪਾਸ ਗਿਲਾ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਸਾਡੇ ਲੋਕ ਆਪਣੇ ਚਿੱਤਰਕਾਰਾਂ ਦਾ ਬਣਦਾ ਮਾਣ ਸਨਮਾਨ ਨਹੀਂ ਕਰਦੇ ਹਨ। ਇਸ ਦੇ ਉਲਟ ਇੰਗਲੈਂਡ ਅੰਦਰ ਚਿੱਤਰਕਲਾ ਨਾਲ ਲਗਦੀਆਂ ਨੁਮਾਇਸ਼ਾਂ ਵਿੱਚ ਦਰਸ਼ਕਾਂ ਵਲੋ ਮੇਰੀਆਂ ਪੇਂਟਿੰਗਜ਼ ਦੀ ਭਰਪੂਰ ਸ਼ਲਾਘਾ ਹੁੰਦੀ ਰਹੀ ਹੈ। ਕਲਾ ਦੇ ਸਮੀਖਿਅਕ ਵਾਂਗ ਮੈਨੂੰ ਲੱਗਾ ਕਿ ਸਰੂਪ ਸਿੰਘ ਨੇ ਪੂਰਬ ਅਤੇ ਪੱਛਮੀ ਚਿੱਤਰਕਾਰੀ ਵਾਲੇ ਸਾਰੇ ਲੱਛਣਾਂ ਨੂੰ ਖ਼ੂਬ ਗ੍ਰਹਿਣ ਕੀਤਾ ਹੈ। ਉਸ ਨੇ ਆਪਣੇ ਚਿੱਤਰਾਂ ਵਿੱਚ ਉਹ ਮਜੀਠੀ ਰੰਗ ਭਰੇ ਹਨ, ਜਿਹੜੇ ਤੁਹਾਨੂੰ ਆਪਣੀ ਵੱਲ ਖਿੱਚਦੇ ਹਨ। ਸਰੂਪ ਸਿੰਘ ਨੇ ਬਹੁਤ ਖ਼ੂਬਸੂਰਤ ਆਤਮ-ਚਿੱਤਰ ਵੀ ਬਣਾਏ ਸਨ। ਇਸ ਮੁਲਾਕਾਤ ਸਮੇਂ ਘਰ ਅੰਦਰ ਸਾਨੂੰ ਕੋਈ ਹੋਰ ਪਰਿਵਾਰਕ ਮੈਂਬਰ ਨਜ਼ਰ ਨਹੀਂ ਆਇਆ ਸੀ। ਜਿਸ ਕਰਕੇ ਮੈਨੂੰ ਮਹਿਸੂਸ ਹੋਇਆ ਕਿ ਸਾਡਾ ਅਜ਼ੀਮ ਚਿਤੇਰਾ ਆਪਣੇ ਚਾਰ ਕਮਰਿਆਂ ਵਾਲੇ ਇਸ ਵੱਡੇ ਘਰ ਵਿੱਚ ਬਿਲਕੁੱਲ ਇੱਕਲਾ ਜ਼ਿੰਦਗੀ ਬਸਰ ਕਰਦਾ ਹੈ। ਮੈਂ ਚਾਹੁੰਦਾ ਸੀ ਕਿ ਉਹ ਆਪਣੀ ਚਿੱਤਰਕਾਰੀ ਸਬੰਧੀ ਹੋਰ ਗੱਲਾਂ ਮੇਰੇ ਨਾਲ ਸਾਂਝੀਆਂ ਕਰੇ।



ਇਸੇ ਕਰਕੇ ਸਰੂਪ ਸਿੰਘ ਦੀ ਕਲਾ ਕ੍ਰਿਤੀਆਂ ਨੂੰ ਵੇਖ ਮੇਰੇ ਦਿਮਾਗ਼ ਵਿੱਚ ਖ਼ਿਆਲ ਆਇਆ ਕਿ ਪੰਜਾਬੀਆਂ ਦੇ ਇਸ ਕਲਾਕਾਰ ਬਾਰੇ ਕੋਈ ਲੇਖ ਲਿਖਕੇ ਉਸਨੂੰ ਪੰਜਾਬ

## ਮਿੱਟੀ ਮਾਣ ਕਰੇ- ਸਰੂਪ ਸਿੰਘ

ਦੀ ਕਿਸੇ ਅਖਬਾਰ ਜਾਂ ਮੈਗਜ਼ੀਨ ਵਿੱਚ ਛਪਵਾਇਆ ਜਾਵੇ। ਜਿਸ ਨਾਲ ਅਨੇਕਾਂ ਪਾਠਕਾਂ ਨੂੰ ਆਪਣੇ ਚਿਤੇਰੇ ਬਾਰੇ ਜਾਣਕਾਰੀ ਮਿਲ ਜਾਵੇਗੀ। ਇਸ ਸਿਲਸਿਲੇ ਅਧੀਨ ਮੈਂ ਸਰੂਪ ਸਿੰਘ ਜੀ ਨੂੰ ਮਿਲ ਕੇ ਉਹਨਾਂ ਦੇ ਪਿਛੋਕੜ, ਕਲਾ ਸ਼ੈਲੀ ਅਤੇ ਜੀਵਨ ਸ਼ੈਲੀ ਬਾਰੇ ਜਾਨਣ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਦਾ ਜਨਮ 1940 ਵਿੱਚ ਪਿੰਡ ਮੰਗੂਵਾਲ ਜਿਲ੍ਹਾ ਜਲੰਧਰ ਤਹਿਸੀਲ ਨਵਾਂ ਸ਼ਹਿਰ ਵਿਖੇ ਮਾਤਾ ਚਰਨ ਕੌਰ ਦੀ ਕੁੱਖੋਂ ਹੋਇਆ ਸੀ ਪਰ ਬਦਕਿਸਮਤੀ ਨੂੰ ਚਾਰ ਕੁ ਮਹੀਨਿਆਂ ਬਾਅਦ ਉਹਨਾਂ ਦੀ ਮਾਤਾ ਚਰਨ ਕੌਰ ਨੂੰ ਮੌਤ ਨੇ ਉਹਨਾਂ ਤੋਂ ਵਿਛੋੜ ਦਿੱਤਾ ਸੀ। ਉਹਨਾਂ ਦੇ ਪਿਤਾ ਦਾ ਨਾਮ ਸਰਦਾਰ ਹਰੀ ਸਿੰਘ ਅਤੇ ਬਾਬੇ ਦਾ ਨਾਮ ਹਰਦਿੱਤ ਸਿੰਘ ਸੀ। ਉਹਨਾਂ ਦੀ ਇਕਲੌਤੀ ਛੇ ਵਰ੍ਹਿਆਂ ਦੀ ਵੱਡੀ ਭੈਣ ਦਾ ਨਾਮ ਸੁਰਿੰਦਰ ਕੌਰ ਸੀ। ਉਹਨਾਂ ਦੀ ਮਾਂ ਦੀ ਮੌਤ ਨਾਲ ਘਰ ਦੇ ਹਾਲਾਤ ਇੱਕ ਦਮ ਬਦਲ ਗਏ। ਜਿਸ ਕਾਰਨ ਉਹਨਾਂ ਦੋਵਾਂ ਭੈਣ-ਭਰਾਵਾਂ ਦੀ ਪਰਵਰਿਸ਼ ਉਹਨਾਂ ਦੇ ਨਾਨਕੇ ਪਿੰਡ 'ਠੋਲੀ' ਵਿਖੇ ਹੋਈ। ਉਹਨਾਂ ਦੇ ਨਾਨੇ ਦਾ ਨਾਮ ਸਰਦਾਰ ਅਮਰ ਸਿੰਘ 'ਮਾਨ' ਅਤੇ ਨਾਨੀ ਦਾ ਨਾਮ ਸਰਦਾਰਨੀ ਕਰਮ ਕੌਰ ਸੀ। ਮਾਂ ਮਹਿੱਟਰ ਕਰਕੇ ਉਸ ਨੂੰ ਬਚਪਨ ਵਿੱਚ ਵੀ ਅਣਕਿਆਸੀਆਂ ਦੁਸ਼ਵਾਰੀਆਂ, ਤਲ਼ਖ਼ੀਆਂ ਅਤੇ ਤੰਗੀਆਂ ਤੁਰਸ਼ੀਆਂ ਦਾ ਸਾਹਮਣਾ ਪਿਆ। ਪਰ ਇਸ ਨਾਲ ਉਸ ਦੇ ਅੰਦਰ ਵਿਸ਼ਵਾਸ ਅਤੇ ਹੌਸਲੇ ਦੀ ਜੋਤ ਜਗੀ ਸੀ। ਜਿਸ ਨੇ ਉਸ ਨੂੰ ਭਵਿੱਖ 'ਚ ਵਿਚਰਨ ਲਈ ਸਾਹਸ ਭਰੇ ਨਰੋਏ ਕਦਮਾਂ ਨਾਲ ਚੱਲਣ ਦੀ ਜੀਵਨ ਜਾਚ ਸਿਖਾ ਦਿੱਤੀ ਸੀ।




ਉਹਨਾਂ ਦੀ ਮੁਢਲੀ ਸਿੱਖਿਆ ਦੀ ਸ਼ੁਰੂਆਤ ਪਹਿਲਾਂ ਗੁਰਾਇਆਂ ਵਿਖੇ ਹੋਈ ਸੀ, ਜਿੱਥੇ ਫਿਰਕੂ ਜਨੂੰਨੀਆਂ ਨੇ ਉਸ ਦੀਆਂ ਅੱਖਾਂ ਮੂਹਰੇ ਰਿੱਖੀ ਦੀ ਕੁਟੀਆ ਨੇੜੇ ਉਸ ਦੀ ਸਹਿ-ਪਾਠਣ ਹਮੀਦਾਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਇਹ ਹਿਰਦੇ-ਵੇਦਕ ਘਟਨਾ ਉਸ ਦੇ ਦਿਮਾਗ਼ ਤੇ ਅਮਿੱਟ ਪ੍ਰਭਾਵ ਛੱਡ ਗਈ। ਉਸ ਤੋਂ ਬਾਅਦ ਉਸ ਨੂੰ ਬਟਵਾਰੇ ਕਰਕੇ ਕੁੱਝ ਚਿਰ ਫਗਵਾੜੇ ਰਹਿਣਾ ਪਿਆ ਪਰ ਉਸ ਦਾ ਬਾਬਾ ਉਸ ਨੂੰ ਉਸਦੀ ਦਾਦੀ ਉਤਮ ਕੌਰ ਪਾਸ ਨਾਨਕੇ ਪਿੰਡ ਤੋਂ ਦਾਦਕੇ ਪਿੰਡ ਮੰਗੂਵਾਲ ਵਾਪਿਸ ਲੈ ਆਇਆ ਸੀ। ਫਗਵਾੜੇ ਉਹਨਾਂ ਨੇ ਪਾਕਿਸਤਾਨ ਨੂੰ ਜਾਂਦੇ ਕਾਫ਼ਿਲੇ ਵਿਚਲੇ ਲੋਕਾਂ ਦੇ ਕਤਲੇਆਮ, ਲਾਸ਼ਾਂ ਦੀਆਂ ਭਰੀਆਂ

## ਮਿੱਟੀ ਮਾਣ ਕਰੇ- ਸਰੂਪ ਸਿੰਘ

ਗੱਡੀਆਂ ਦੇ ਖ਼ੂਨੀ ਦ੍ਰਿਸ਼ ਵੇਖੇ ਅਤੇ ਲੋਕਾਂ ਦੀਆਂ ਦਿਲ-ਦਹਿਲਾਊ ਚੀਕਾਂ ਨੂੰ ਸੁਣਿਆ ਸੀ। ਮੰਗੂਵਾਲ ਆਪਣੀ ਭੈਣ ਸੁਰਿੰਦਰ ਨੂੰ ਘਰ ਵਿਚ ਨੌਕਰਾਣੀ ਦੀ ਤਰਾਂ ਕੰਮ ਕਰਦੀ ਵੇਖ ਅਤੇ ਮਤਰੇਈ ਮਾਂ ਦੇ ਭੈੜੇ ਵਰਤਾਓ ਕਾਰਨ ਉਸ ਦੇ ਮਨ ਨੂੰ ਡੂੰਘੀ ਸੱਟ ਵੱਜੀ। ਆਪਣੇ ਬਾਪ ਵੱਲੋਂ ਅਣਗੌਲਿਆ ਹੋਣ ਅਤੇ ਦਾਦਾ, ਦਾਦੀ ਦੇ ਪਿਆਰ ਤੋਂ ਸੱਖਣਾ ਰਹਿਣ, ਦਮ ਘੁੱਟ ਦੇ ਮਾਹੌਲ ਕਾਰਨ ਉਸਦਾ ਬਾਲ ਮਨ ਉਦਾਸੀਨਤਾ ਦੀ ਘੁੰਮਣ-ਘੇਰੀ ਵਿਚ ਗੋਤੇ ਖਾਂਦਾ ਰਹਿੰਦਾ ਸੀ। ਦੇਸ਼ ਦੀ ਵੰਡ ਤੋਂ ਬਾਅਦ ਉਸਨੇ ਆਪਣੀ ਮੁਢਲੀ ਸਿੱਖਿਆ ਫਿਰ ਦੁਬਾਰਾ ਪਿੰਡ 'ਕਾਹਮਾ' ਦੇ ਪ੍ਰਾਇਮਰੀ ਸਕੂਲ ਵਿਚ ਪੂਰੀ ਕੀਤੀ ਅਤੇ ਉਚੇਰੀ ਵਿਦਿਆ ਦੀਆਂ ਛੇ ਕਲਾਸਾਂ ਸਰਕਾਰੀ ਹਾਈ ਸਕੂਲ ਬੰਗੇ 'ਚੋਂ ਗ੍ਰਹਿਣ ਕੀਤੀਆਂ ਸਨ।


ਵਿਸ਼ਵ ਪ੍ਰਸਿੱਧ ਚਿੱਤਰਕਾਰ ਸ. ਸਰੂਪ ਸਿੰਘ ਮਹਾਰਾਣੀ ਐਲਿਜ਼ਬਿਥ ਪਾਸੋਂ ਮਸ਼ਹੂਰ ਐਮ.ਬੀ.ਈ. ਐਵਾਰਡ ਪ੍ਰਾਪਤ ਕਰਨ ਮੌਕੇ।

ਉਸ ਨੂੰ ਪੰਜਾਬੀ ਸਾਹਿਤ ਨਾਲ ਅਥਾਹ ਪ੍ਰੇਮ ਅਤੇ ਚਿੱਤਰਕਲਾ ਨਾਲ ਬਚਪਨ ਤੋ ਇਸ਼ਕ ਸੀ। ਉਸਨੇ ਸਕੂਲ ਪੜ੍ਹਦੇ ਸਮੇਂ ਜਿੱਥੇ ਤੇਲ ਦੇ ਰੰਗਾਂ ਨਾਲ ਚਿੱਤਰ ਬਣਾਏ ਉੱਥੇ ਹੀ ਅੱਠਵੀਂ ਕਲਾਸ ਵਿੱਚ ਇੱਕ ਨਾਟਕ 'ਗ਼ਰੀਬ ਦੀ ਦੁਨੀਆ' ਲਿਖਿਆ ਅਤੇ ਖੇਡਿਆ ਸੀ। ਦਸਵੀਂ ਜਮਾਤ ਪਾਸ ਕਰਨ ਪਿੱਛੋਂ ਉਸਦੀ ਖ਼ਾਹਿਸ਼ ਡਰਾਇੰਗ ਮਾਸਟਰ ਬਣਨਾ ਸੀ। ਇਸੇ ਕਰਕੇ ਉਸਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਤਿੰਨ ਸਾਲ ਦਾ 'ਫਾਈਨ ਆਰਟਸ' ਵਿੱਚ ਡਿਪਲੋਮਾ ਕੀਤਾ। ਸਿਆਣੇ ਆਖਦੇ ਹਨ ਕਿ 'ਜਹਾਂ ਦਾਣਾ ਤਹਾਂ ਖਾਣਾ'। ਅਜੇ ਉਸਦੇ ਡਿਪਲੋਮੇ ਦੇ ਫੇਲ੍ਹ ਪਾਸ ਦਾ ਨਤੀਜਾ ਵੀ ਨਹੀਂ ਆਇਆ ਸੀ ਕਿ ਉਸ ਦੇ ਘਰਦਿਆਂ ਉਸਨੂੰ ਇੱਕ ਅਜਨਬੀ ਆਦਮੀ ਨਾਲ ਉਸਦੀ ਮਰਜ਼ੀ ਦੇ ਬਗੈਰ, ਬਿਨਾਂ ਪੁੱਛੇ ਹੀ 1959 ਵਿੱਚ ਇੰਗਲੈਂਡ ਦੇ ਭਿਆਨਕ ਰਸਤੇ ਪਾ ਦਿੱਤਾ।

ਉਹ ਆਪਣੀ ਵਲਾਇਤ ਯਾਤਰਾ ਬਿਨਾਂ ਪਾਸਪੋਰਟ ਫ਼ਿਲੌਰ ਤੋਂ ਸ਼ੁਰੂ ਕਰਕੇ ਦਿੱਲੀ, ਮਦਰਾਸ ਹੁੰਦਾ ਹੋਇਆ ਕੋਚੀਨ ਪਹੁੰਚਿਆ ਅਤੇ ਫਿਰ ਸਮੁੰਦਰੀ ਰਸਤੇ ਅਦਨ ਤੋਂ ਨਹਿਰ ਸੁਵੇਜ਼ ਰਾਹੀਂ ਇਟਲੀ, ਫ਼ਰਾਂਸ ਘੁੰਮਦਾ ਇੰਗਲੈਂਡ ਦੇ ਸ਼ਹਿਰ ਡਰਬੀ ਆ

ਗਿਆ ਸੀ। ਡਰਬੀ ਕੋਈ ਦੋ ਹਫ਼ਤੇ ਰਹਿਣ ਅਤੇ ਕੰਮ ਨਾ ਮਿਲਣ ਕਾਰਨ ਉਸਨੂੰ ਆਪਣੀ ਭੂਆ ਪ੍ਰੀਤਮ ਕੌਰ ਦੇ ਘਰ ਲੈਸਟਰ ਆਉਣਾ ਪਿਆ। ਇਸ ਜਗ੍ਹਾ ਤੋਂ ਉਸਦੀ ਜ਼ਿੰਦਗੀ ਵਿੱਚ ਨਵਾਂ ਮੋੜ ਸ਼ੁਰੂ ਹੋਇਆ ਸੀ। ਜਿਸ ਦਾ ਵਰਣਨ ਅਤਿ ਦੁਖਦਾਈ ਹੈ। ਲੈਸਟਰ ਅਤੇ ਡਰਬੀ ਵਿੱਚ ਉਸ ਸਮੇਂ ਕੇਵਲ ਚਾਰ ਪੰਜ ਘਰ ਸਨ ਅਤੇ ਉਹ ਇੱਕ ਘਰ ਵਿੱਚ ਚੌਦਾਂ ਪੰਦਰਾਂ ਆਦਮੀ ਮਸੀਂ ਗੁਜ਼ਾਰਾ ਕਰਦੇ ਹੁੰਦੇ ਸੀ। ਕੋਈ ਅੰਗਰੇਜ਼ ਉਹਨਾਂ ਨੂੰ ਆਪਣੇ ਘਰ ਰਹਿਣ ਵਾਸਤੇ ਕਮਰਾ ਕਿਰਾਏ ਉੱਪਰ ਨਹੀਂ ਦਿੰਦਾ ਸੀ। ਆਪਣੇ ਚਿੱਤਰਕਾਰੀ ਦੇ ਸ਼ੌਕ ਨੂੰ ਅੱਗੇ ਵਧਾਉਣ ਵਾਸਤੇ ਉਸਨੇ ਇੰਗਲੈਂਡ ਦੇ Percy Bradshaw's Press Art School in Reading ਚੋਂ ਮੁੜ ਦੁਬਾਰਾ ਪੰਜ ਸਾਲ ਦਾ ਫ਼ਾਈਨ ਆਰਟਸ ਦਾ ਡਿਪਲੋਮਾ ਕੀਤਾ। ਉਸ ਵਕਤ ਕੰਮਾਂ ਦਾ ਮੰਦਾ ਹਾਲ ਸੀ। ਉਸਦੇ ਦਿਲ ਵਿੱਚ ਵਲਵਲਾ ਸੀ ਕਿ ਖ਼ੂਬਸੂਰਤ ਦ੍ਰਿਸ਼ਾਂ ਅਤੇ ਹੁਸੀਨ ਚਿਹਰਿਆਂ ਦੇ





ਚਿੱਤਰ ਤਿਆਰ ਕਰਾਂ ਜਿਨ੍ਹਾਂ ਨੂੰ ਵੇਚ ਉਹ ਔਖੇ ਵਕਤ ਆਪਣਾ ਗੁਜ਼ਾਰਾ ਕਰ ਸਕੇ। ਉਹ ਸ਼ੁਰੂ ਤੋਂ ਇਨਕਲਾਬੀ ਸੋਚ ਦਾ ਧਾਰਨੀ ਹੈ, ਇਸੇ ਕਰਕੇ ਉਸਨੂੰ ਇੰਗਲੈਂਡ ਰਹਿੰਦਿਆਂ ਫਿਰਕੂ ਨਸਲ-ਵਾਦੀਆਂ ਵਿਰੁਧ ਲੰਮਾ ਸੰਘਰਸ਼ ਕਰਨਾ ਪਿਆ ਸੀ। ਉਸਦੀ ਸ਼ਾਦੀ 18 ਦਸੰਬਰ 1965 ਵਿੱਚ ਪਿੰਡ ਬਗਾਣਾ ਦੇ ਜਮਾਦਾਰ ਸਰਦਾਰ ਗੁਲਵੰਤ ਸਿੰਘ ਬੈਂਸ ਦੀ ਬੇਟੀ ਗੁਰਮੀਤ ਕੌਰ ਨਾਲ ਹੋਈ ਸੀ। ਗੁਲਵੰਤ ਸਿੰਘ ਬੈਂਸ ਨੇ ਦੂਸਰੇ ਮਹਾਂਯੁੱਧ ਸਮੇਂ ਇਟਲੀ ਵਿੱਚ ਭਾਗ ਲਿਆ ਸੀ। ਉਸਦੇ ਦੋ ਪੁੱਤਰ ਹਨ ਜਿਹੜੇ ਹੁਣ ਸਰਕਾਰੀ ਨੌਕਰੀਆਂ ਕਰਦੇ ਹਨ। ਸਰੂਪ ਸਿੰਘ ਨੇ ਹੁਣ ਤੱਕ ਵੱਖ-ਵੱਖ ਧਰਮਾਂ ਦੇ ਲੋਕਾਂ ਦੀਆਂ ਕੋਈ 4000 ਤੋਂ ਵੱਧ ਤਸਵੀਰਾਂ ਬਣਾਈਆਂ ਹਨ। ਜਿਨ੍ਹਾਂ ਵਿਚੋਂ ਕੁੱਝ ਇਸ ਸਮੇਂ ਲੈਸਟਰ ਅਤੇ ਡਰਬੀ ਦੇ ਅਜਾਇਬ ਘਰਾਂ ਵਿੱਚ ਸੁਸ਼ੋਭਿਤ ਹਨ। ਉਸ ਦੀ ਪਤਨੀ ਨੂੰ ਅਚਾਨਕ ਕੈਂਸਰ ਦੇ ਨਾਮੁਰਾਦ ਰੋਗ ਨੇ ਘੇਰ ਲਿਆ ਸੀ। ਜਿਸ ਕਰਕੇ 18 ਦਸੰਬਰ 2019 ਨੂੰ ਉਸ ਦੀ ਮੌਤ ਹੋ ਗਈ ਸੀ।

ਇਸ ਚਿਤੇਰੇ ਦੇ ਜੀਵਨ ਕਾਲ ਵਿੱਚ ਵਾਪਰੀਆਂ ਯਥਾਰਥ ਘਟਨਾਵਾਂ ਨੂੰ ਸੁਣਕੇ ਅਤੇ ਉਸ ਵਲੋਂ ਦਰਸਾਏ ਖ਼ੌਫ਼ਨਾਕ ਮੰਜ਼ਰਾਂ ਨੂੰ ਮਹਿਸੂਸ ਕਰਕੇ ਅਸੀਂ ਬਹੁਤ ਪ੍ਰਭਾਵਿਤ ਹੋਏ ਸੀ। ਉਸ ਦੀਆਂ ਗੱਲਾਂ ਸਾਡੇ ਦਿਲ ਅੰਦਰ ਸਿੱਧੀਆਂ ਉੱਤਰ ਗਈਆਂ ਸਨ।

## ਮਿੱਟੀ ਮਾਣ ਕਰੇ- ਸਰੂਪ ਸਿੰਘ

ਜਿਸ ਕਰਕੇ ਮੇਰੀ ਪਤਨੀ ਨੇ ਮੈਨੂੰ ਕਿਹਾ ਕਿ ਤੁਸੀਂ ਸਰੂਪ ਸਿੰਘ ਦੇ ਜੀਵਨ ਉੱਪਰ ਕੋਈ ਪੁਸਤਕ ਜ਼ਰੂਰ ਲਿਖੋ। ਮੈਂ ਆਪਣੀ ਪਤਨੀ ਨੂੰ ਜੁਆਬ ਦਿੱਤਾ ਕਿ ਕਮਲ ਮੇਰੇ ਦਿਮਾਗ਼ ਵਿੱਚ ਇਹ ਖ਼ਿਆਲ ਪਹਿਲਾਂ ਹੀ ਆਇਆ ਸੀ। ਜੇਕਰ ਸਰੂਪ ਸਿੰਘ ਜੀ ਮੈਨੂੰ ਇਜ਼ਾਜ਼ਤ ਦੇਣ ਤਾਂ ਮੈਂ ਇਹ ਕੰਮ ਕਰਨ ਵਾਸਤੇ ਤਿਆਰ ਹਾਂ। ਇਸ ਨਾਲ ਅਥਾਹ ਖ਼ੁਸ਼ੀ ਹੋਵੇਗੀ।

ਇਹ ਗੱਲ ਸੁਣ ਕੇ ਸਰੂਪ ਸਿੰਘ ਮੁਸਕਰਾਇਆ, ਜਿਸ ਤੋਂ ਮੈਨੂੰ ਅਹਿਸਾਸ ਹੋਇਆ ਕਿ ਉਸਨੇ ਇੱਕ ਤਰ੍ਹਾਂ ਇਜ਼ਾਜਤ ਦੇ ਦਿੱਤੀ ਹੈ। ਮੈਨੂੰ ਇੰਜ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਅਸੀਂ ਇੱਕ ਦੂਸਰੇ ਨੂੰ ਬਹੁਤ ਚਿਰਾਂ ਤੋਂ ਜਾਣਦੇ ਹਾਂ। ਮੈਨੂੰ ਇਹ ਵੀ ਅਹਿਸਾਸ ਹੋਇਆ ਕਿ ਇਸ ਚਿੱਤਰਹਾਰੇ ਦੀਆਂ ਬੌਧਿਕ ਅਤੇ ਦਾਰਸ਼ਨਿਕ ਜੜ੍ਹਾਂ ਕਾਫ਼ੀ ਡੂੰਘੀਆਂ ਹਨ। ਆਪਣੀ ਸਹਿਪਾਠੀ ਹਮੀਦਾਂ ਦਾ ਸਵੱਛ ਪਿਆਰ ਅਜੇ ਵੀ ਇਸਦੇ ਰੋਮ-ਰੋਮ 'ਚ ਵੱਸਿਆ ਹੋਇਆ ਹੈ।





ਅਚਾਨਕ ਮੈਨੂੰ ਮੇਰੀ ਪਤਨੀ ਨੇ ਫਿਰ ਕਿਹਾ ਕਿ ਤੁਸੀਂ ਕੀ ਸੋਚ ਰਹੇ ਹੋ। ਮੈਂ ਉਸ ਨੂੰ ਜੁਆਬ ਦਿੱਤਾ ਕਿ ਕਮਲ ! ਮੈਂ ਇਸ ਦੀਆਂ ਜੀਵਨ ਘਟਨਾਵਾਂ ਨੂੰ ਗਲਪ-ਦ੍ਰਿਸ਼ਟੀ ਤੋਂ ਵੀ ਵੇਖ ਰਿਹਾ ਹਾਂ ਅਤੇ ਆਪਣੀ ਸ਼ੈਲੀ ਵਿੱਚ ਢਾਲ ਕਲਮਬੱਧ ਕਰਨਾ ਚਾਹੁੰਦਾ ਹਾਂ। ਸਾਡੀ ਪ੍ਰੰਪਰਾ 'ਬਾਬਾਣੀਆਂ ਕਹਾਣੀਆਂ ਪੁੱਤ ਸਪੁੱਤ ਕਰੇਨਿ' ਦੀ ਪ੍ਰੰਪਰਾ ਰਹੀ ਹੈ। ਬੇਸ਼ੱਕ ਸਰੂਪ ਸਿੰਘ ਦੀ ਜੀਵਨ ਗਾਥਾ ਲਿਖਣੀ ਮੇਰੇ ਵਾਸਤੇ ਚੁਣੌਤੀ ਹੈ ਪਰ ਆਪਣੀ ਸੋਚ ਨੂੰ ਅਮਲੀ ਜਾਮਾ ਪਹਿਨਾਉਣ ਵਾਸਤੇ ਮੈਂ ਹਰ ਕੋਸ਼ਿਸ਼ ਕਰਾਂਗਾ। ਸਰੂਪ ਸਿੰਘ ਨੇ ਵੀ ਆਪਣੇ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਦਮ ਭਰਿਆ। ਅਸੀਂ ਉੱਥੇ ਬੈਠੇ ਕਿਤਾਬ ਦਾ ਨਾਂ 'ਰੰਗਾਂ ਦਾ ਜਾਦੂਗਰ' ਸੋਚ ਲਿਆ ਸੀ। ਇਸ ਤੋਂ ਬਾਅਦ ਅਸੀਂ 'ਰੰਗਾਂ ਦਾ ਜਾਦੂਗਰ' ਪਾਸੋਂ ਘਰ ਵਾਪਿਸ ਆਉਣ ਦੀ ਇਜ਼ਾਜ਼ਤ ਲੈ ਲਈ।

ਇਹ ਮਿਲਣੀ ਸਾਡੀ ਦੋਸਤੀ ਦਾ ਪਹਿਲਾ ਕਦਮ ਸੀ।

**ਸੰਤੋਖ ਭੁੱਲਰ**
**ਯੂ. ਕੇ.**
**+447886013232**

## ਨਜ਼ਮ

### ਇੰਦਰਜੀਤ ਕੌਰ ਸਿੱਧੂ



ਇੰਦਰਜੀਤ ਕੌਰ ਸਿੱਧੂ ਸਰੀ, ਕੈਨੇਡਾ ਵੱਸਦੀ ਪੰਜਾਬੀ ਸਾਹਿਤ ਦੀ ਮਾਣਮੱਤੀ ਲੇਖਿਕਾ ਹੈ ਉਹ ਹੁਣ ਤੱਕ 20 ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੀ ਹੈ ਜਿਨ੍ਹਾਂ ਵਿਚ ਕਹਾਣੀ ਸੰਗ੍ਰਹਿ, ਕਾਵਿ ਸੰਗ੍ਰਹਿ ਅਤੇ ਵਾਰਤਕ ਦੀਆਂ ਪੁਸਤਕਾਂ ਸ਼ਾਮਿਲ ਹਨ। ਸੱਚ, ਨਿਡਰਤਾ, ਨਿਰਪੱਖਤਾ ਦੇ ਗੁਣਾਂ ਨਾਲ ਲਬਰੇਜ਼ ਉਸ ਦੀ ਸਾਹਿਤ ਸਿਰਜਣਾ ਨਰੋਏ ਸਮਾਜ ਦੀ ਸਿਰਜਣਾ ਲਈ ਨਿਰੰਤਰ ਯਤਨਸ਼ੀਲ ਹੈ

### ਔਰਤ - ਨਵੀਂ ਪ੍ਰੀਭਾਸ਼ਾ

ਮੁਨਕਰ ਹਾਂ ਮੈਂ
ਤੇਰੀ ਦਿੱਤੀ ਕਿਸੇ ਵੀ
ਪ੍ਰੀਭਾਸ਼ਾ ਤੋਂ
ਮੈਂ ਨਵੀਂ ਸਦੀ ਦੀ ਔਰਤ
ਤੇਰੇ ਹਰ ਪੈਂਤੜੇ ਨੂੰ
ਬਾਖ਼ੂਬੀ ਸਮਝਦੀ
ਪਹਿਚਾਣਦੀ
ਤੇਰੇ ਹਰ ਬਦਲਦੇ
ਰੂਪ ਤੋਂ ਵਾਕਫ਼
ਮੈਂ ਮੁਨਕਰ ਹਾਂ
ਤੇਰੀ ਦਿੱਤੀ ਕਿਸੇ ਵੀ
ਪ੍ਰੀਭਾਸ਼ਾ ਤੋਂ
ਮੈਨੂੰ ਪ੍ਰੀਭਾਸ਼ਤ ਨਾ ਕਰ-
ਲੰਮਾ ਸਮਾਂ
ਮੈਂ ਸੰਤਾਪ ਹੰਢਾਇਆ
ਮਾਂ, ਧੀ, ਪਤਨੀ ਬਣ
ਤੇਰੇ ਘਰ ਨੂੰ ਮੰਦਰ
ਬਣਾਇਆ-
ਤੇਰੀਆਂ ਨੀਹਾਂ ਹੇਠਾਂ
ਆਪਣਾ ਸਮੁੱਚਾ ਵਜੂਦ
ਦਫ਼ਨਾਇਆ
ਨਾਨੀ ਬਣੀ
ਦਾਦੀ ਬਣੀ
ਮਾਂ ਬਣੀ
ਪਰ ਤੇਰੀ ਡਿਕਸ਼ਨਰੀ
ਵਿਚ ਮੈਂ ਸਿਰਫ਼
ਔਰਤ ਹੀ ਰਹੀ
ਮੁਨਕਰ ਹਾਂ ਮੈਂ
ਤੇਰੀ ਗ਼ਜ਼ਲ ਦੀ
ਸਤਰ ਬਨਣ ਤੋਂ
ਇਨਕਾਰੀ ਹਾਂ ਮੈਂ
ਤੇਰੀ ਨਜ਼ਮ ਦੀ
ਨਾਜ਼ੁਕ ਸੋਹਲ
ਖ਼ਿਆਲ ਬਨਣ ਤੋਂ-
ਕਿ
ਮੈਂ ਆਪਣੀ
ਨਵੀਂ ਪ੍ਰੀਭਾਸ਼ਾ ਲਿਖ ਰਹੀ ਹਾਂ
ਮੈਨੂੰ ਪ੍ਰੀਭਾਸ਼ਤ ਨਾ ਕਰ-
ਤੇਰੇ ਮਹਿਲ ਵਿਚ


## ਨਜ਼ਮ

## ਇੰਦਰਜੀਤ ਕੌਰ ਸਿੱਧੂ

ਰੁਮਕਣ ਵਾਲੀ ਪੌਣ
ਕਦ ਰੁਖ਼ ਬਦਲ ਲਵੇਗੀ
ਤੈਨੂੰ ਪਤਾ ਵੀ ਨਹੀਂ ਚੱਲਣਾ
ਤੇ ਤੇਰੀ
ਕਾਗਜ਼ ਦੀ ਉਸਾਰੀ ਲੰਕਾ
ਢਹਿ ਢੇਰੀ ਹੋ
ਤੇਰੇ ਹੀ ਉੱਤੇ
ਡਿੱਗ ਪਈ ਹੈ
ਤੂੰ ਅਜੇ ਵੀ ਨਹੀਂ ਸਮਝਿਆ
ਔਰਤ ਨੂੰ
ਇਹ ਨਵਾਂ ਰੰਗ ਰੂਪ
ਤੂੰ ਹੀ ਚਾੜ੍ਹਿਆ ਹੈ
ਤੂੰ ਹੀ ਮੈਨੂੰ
ਜੋ ਮੈਂ ਅੱਜ ਹਾਂ
ਬਣਾਇਆ ਹੈ-
ਮੈਂ ਹੁਣ
ਸੁਬਕ ਸੁਹਲ ਨਾਜ਼ੁਕ
ਕਲੀ ਨਹੀਂ ਹਾਂ
ਰੁਮਕਦੀ ਸੰਦਲੀ ਪੌਣ ਵੀ
ਨਹੀਂ ਹਾਂ
ਬਲ਼ਦਾ, ਦਗ਼ਦਾ, ਮਘਦਾ
ਵਹਿ ਤੁਰਿਆ-
ਦਾਵਾਨਲ ਹਾਂ-
ਮੈਨੂੰ ਪ੍ਰੀਭਾਸ਼ਤ ਨਾ ਕਰ
ਬਦਲ ਲਏ ਹਨ
ਔਰਤ ਨੇ ਆਪਣੇ ਅਰਥ
ਨਵਾਂ ਅਧਿਆਏ
ਲਿਖ ਰਹੀ ਹੈ-ਔਰਤ
ਮੈਨੂੰ ਪ੍ਰਭਾਸ਼ਿਤ ਨਾ ਕਰ-

**ਸਰੀ, ਕੈਨੇਡਾ**
**+17788591607**



# ਗੀਤ

## ਕੁਲਵੰਤ ਕੌਰ ਢਿੱਲੋਂ



ਯੂ. ਕੇ. ਦੀ ਧਰਤੀ 'ਤੇ ਵਸਣ ਵਾਲੀ ਕੁਲਵੰਤ ਕੌਰ ਢਿੱਲੋਂ 'ਵਕਤ ਦੀਆਂ ਪੈੜਾਂ 'ਚ' ਕਾਵਿ ਸੰਗ੍ਰਹਿ ਰਾਹੀਂ ਪੰਜਾਬੀ ਕਾਵਿ ਜਗਤ ਵਿੱਚ ਹਾਜ਼ਰੀ ਲਵਾ ਚੁੱਕੇ ਹਨ। ਇਸ ਤੋਂ ਇਲਾਵਾ ਇਨ੍ਹਾਂ ਦੀ ਅਮਰੀਕਾ, ਕੈਨੇਡਾ, ਜਾਪਾਨ ਅਤੇ ਇੰਗਲੈਂਡ ਵਸਦੇ 79 ਕਵੀਆਂ ਦੀਆਂ ਕਵਿਤਾਵਾਂ ਨੂੰ ਸੰਪਾਦਿਤ ਕਰ ਕੇ 'ਵਰਤਮਾਨ ਦੇ ਆਰ ਪਾਰ' ਪੁਸਤਕ ਪ੍ਰਕਾਸ਼ਿਤ ਹੋ ਚੁੱਕੀ ਹੈ। ਨਾਵਲ 'ਦਸਤਕ' ਅਤੇ ਕਾਵਿ ਸੰਗ੍ਰਹਿ 'ਸਾਲ ਦਰ ਸਾਲ' ਪ੍ਰਕਾਸ਼ਨਾ ਅਧੀਨ ਹਨ। ਸਾਊਥਾਲ ਯੂ. ਕੇ. ਵਿੱਚ ਪੰਜਾਬੀ ਸਾਹਿਤ ਕਲਾ ਕੇਂਦਰ ਦੇ ਪ੍ਰਧਾਨ ਦੀ ਅਹਿਮ ਭੂਮਿਕਾ ਨਿਭਾ ਰਹੇ ਹਨ

ਪੱਛਮ ਦੇ ਬੁੱਲ੍ਹਿਆ ਵੇ !
ਪੂਰਬ ਦੇ ਗ਼ਲ ਲੱਗ
ਜਾਈਂ ਵਿਹੜੇ ਉਸ ਮੁਟਿਆਰ
ਚਿੱਟੜੀ ਵੀ ਭੰਨੀਆਂ ਨੇ
ਲੁੱਟੀ ਗਈ ਏ ਜਿਸ ਦੀ ਬਹਾਰ।

ਪੱਛਮ ਦੇ ਬੁੱਲ੍ਹਿਆ ਵੇ !
ਪੂਰਬ ਦੇ ਗ਼ਲ ਲੱਗ
ਮਿਲੀ ਉਸ ਅੰਮੜੀ ਨੂੰ ਜਾ
ਪੱਗ ਬੰਨ ਪੁੱਤ ਜਿਹਦਾ
ਹੱਕ ਲੈਣ ਗਿਆ, ਦਿੱਤਾ
ਹਾਕਮਾਂ ਨੇ ਮਾਰ ਕੇ ਖਪਾ।

ਪੱਛਮ ਦੇ ਬੁੱਲ੍ਹਿਆ ਵੇ !
ਪੂਰਬ ਦੇ ਗ਼ਲ ਲੱਗ
ਲਵੀਂ ਉਸ ਬਾਪ ਦਾ ਪਤਾ
ਨਿੱਕੇ ਨਿੱਕੇ ਬਾਲ ਛੱਡ
ਜਿਹਦਾ ਪੁੱਤ ਫਾਹਾ ਲੈ ਕੇ
ਗਿਆ ਘੋਰ ਦੁੱਖਾਂ ਵਿਚ ਪਾ।

ਪੱਛਮ ਦੇ ਬੁੱਲ੍ਹਿਆ ਵੇ !
ਪੂਰਬ ਦੇ ਗ਼ਲ ਲੱਗ
ਉਨ੍ਹਾਂ ਦੀ ਵੀ ਸੁਣ ਲਈਂ ਪੁਕਾਰ
ਮੋਰਚੇ 'ਚ ਗਏ ਜਿਹੜੇ
ਮੁੜ ਕੇ ਨਾ ਘਰ ਆਏ
ਹਾਏ ! ਲੋਕੀਂ ਦੇਣ ਨਾ ਵਿਸਾਰ।

ਪੱਛਮ ਦੇ ਬੁੱਲ੍ਹਿਆ ਵੇ !
ਪੂਰਬ ਦੇ ਗ਼ਲ ਲੱਗ
ਆਖੀਂ ਕਿਸਾਨ ਭਰਾਓ
ਜਿੱਤ ਗਏ ਹੋ, ਜਸ਼ਨ ਮਨਾਓ
ਪਰ ਰਣਨੀਤੀ
ਆਉਣ ਵਾਲੇ ਸਮੇਂ ਦੀ ਬਣਾਓ।

ਪੱਛਮ ਦੇ ਬੁੱਲ੍ਹਿਆ ਵੇ !
ਪੂਰਬ ਦੇ ਗ਼ਲ ਲੱਗ
ਪਿੰਡਾਂ ਅਤੇ ਸ਼ਹਿਰਾਂ ਵਿਚ ਜਾਵੀਂ
ਲੋਕ ਜਿਹੜੇ ਜੂਝਦੇ ਨੇ
ਹੱਕ ਲੈਣ ਆਪਣੇ ਲਈ
ਫਤਹਿ 'ਕੁਲਵੰਤ' ਦੀ ਬੁਲਾਵੀਂ।

**ਲੰਡਨ, ਯੂ. ਕੇ.**
**00447870358186**

## ਨਜ਼ਮ

# ਤਰਨਦੀਪ ਬਿਲਾਸਪੁਰ




ਤਰਨਦੀਪ ਬਿਲਾਸਪੁਰ ਪੇਸ਼ੇ ਵੱਜੋਂ ਨਿਊਜ਼ੀਲੈਂਡ ਵਿਚ ਪੱਤਰਕਾਰ ਹੈ। ਸਾਹਿਤਕ ਪੰਜਾਬੀ ਰਸਾਲੇ 'ਤਾਸਮਨ' ਦੇ ਪ੍ਰਬੰਧਕੀ ਸੰਪਾਦਕ ਵੀ ਹਨ ਇਹਨਾਂ ਵੱਲੋਂ ਦੋ ਕਿਤਾਬਾਂ ਸੰਪਾਦਿਤ ਕੀਤੀਆਂ ਗਈਆਂ ਹਨ ਅਤੇ ਇਕ ਮੌਲਿਕ ਕਾਵਿ-ਸੰਗ੍ਰਹਿ 'ਸੁਪਨ ਸਕੀਰੀ' ਵੀ ਪ੍ਰਕਾਸ਼ਿਤ ਹੋ ਚੁੱਕਿਆ ਹੈ


## ਕਿਥੇ ਜਾਵੇ ਦੇਵ

ਧਰਤ ਖਾ ਗਿਆ ਬਾਣੀਆ
ਟੱਬਰ ਸਪਰੇਅ
ਸੁਪਨੇ ਸ਼ਮਸ਼ਾਨ ਪਏ
ਖੁਲ੍ਹੇ ਅਸਮਾਨ ਪਏ
ਉਤੋਂ ਹੈ ਧਰਮ ਨਿਰਾਲਾ
ਕਹਿੰਦੇ ਪੀ ਸਬਰ ਪਿਆਲਾ
ਬੇਬੇ ਦੀ ਜੋਤ ਗੁਆਚੀ
ਕਿਥੇ ਹੈ ਸਾਚੀ ਸਾਖੀ
ਜਿਥੋਂ ਪੜ ਆਵੇ ਉਹ
ਤੁਰਦਾ ਉਹ ਫਿਰੇ ਇਕੱਲਾ
ਪਰਛਾਵਾਂ ਵੀ ਭੱਜ ਗਿਆ ਝੱਲਾ
ਕਿਥੇ ਗਏ ਸੰਗੀ ਸਾਥੀ
ਰੌਣਕ ਜੋ ਲਾਉਂਦੇ ਸੀ
ਕਰ ਗਏ ਉਹ ਸਭ ਬੇਗਾਨਾ
ਗਲਵਕੜੀ ਜੋ ਪਾਉਂਦੇ ਸੀ
ਜਿਹਨਾਂ ਦੇ ਮਗਰ ਸੀ ਲਗਦਾ
ਨਾਹਰੇ ਜੋ ਲਾਉਂਦਾ ਸੀ
ਪੰਥ ਰਤਨ ਸੀ ਮੇਰਾ ਕਹਿੰਦਾ
ਬੜਾ ਵਡਿਆਉਂਦਾ ਸੀ
ਉਹੀ ਗਿਆ ਵੇਚ ਦੇਵ ਨੂੰ
ਜੋ ਜੇਬਾਂ ਵਿਚ ਪਾਉਂਦਾ ਸੀ।

**ਨਿਊਜ਼ੀਲੈਂਡ**
**+64220491964**



## ਗ਼ਜ਼ਲ

### ਡਾ. ਲਖਵਿੰਦਰ ਸਿੰਘ ਗਿੱਲ



ਡਾ. ਲਖਵਿੰਦਰ ਸਿੰਘ ਗਿੱਲ ਨੇ 'ਤੂੰ ਕਿਉਂ ਨਹੀਂ ਬੋਲਦਾ' ਕਾਵਿ-ਸੰਗ੍ਰਹਿ ਨਾਲ ਆਪਣਾ ਕਦਮ ਰੱਖ ਕੇ ਸਾਹਿਤਕ ਜਗਤ ਵਿਚ ਕਵੀ ਵੱਜੋਂ ਆਪਣੀ ਅਲੱਗ ਪਛਾਣ ਕਾਇਮ ਕੀਤੀ। ਪੰਜਾਬ ਰਹਿੰਦਿਆਂ ਉਹ ਪਹਿਲਾਂ ਅੰਗਰੇਜੀ ਦੇ ਪ੍ਰੋਫ਼ੈਸਰ ਵੱਜੋਂ ਕਾਰਜਸ਼ੀਲ ਰਹੇ ਅਤੇ ਫਿਰ ਡਿਪਟੀ ਡਾਇਰੈਕਟਰ, (ਡੀ. ਪੀ. ਆਈ., ਕਾਲਜਾਂ) ਵੱਜੋਂ ਵੀ ਸੇਵਾਵਾਂ ਨਿਭਾਈਆਂ। ਇਹਨਾਂ ਦੀਆਂ ਤਿੰਨ ਆਲੋਚਨਾਤਮਕ ਪੁਸਤਕਾਂ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਹਨਾਂ ਦੀਆਂ ਕਵਿਤਾਵਾਂ ਪੰਜਾਬੀ ਰਹਿਤਲ ਨਾਲ ਜੁੜੀਆਂ ਹੋਈਆਂ ਹਨ

ਔੜਾਂ ਨੇ ਵੀ ਮਾਰਿਆ, ਹੜ੍ਹਾਂ ਨੇ ਵੀ ਮਾਰਿਆ
ਸਾਡੇ ਵੱਲ ਵੇਖ, ਕਦੀ ਹੌਸਲਾ ਨਹੀਂ ਹਾਰਿਆ।

ਸਾਨੂੰ ਕੀ ਡਰਾਉਣਾ ਇਹਨਾਂ ਝੱਖੜਾਂ, ਹਨੇਰੀਆਂ ਨੇ!
ਖੜ੍ਹਕੇ ਨਜਿੱਠੇ, ਸਾਨੂੰ ਜੀਹਨੇ ਵੀ ਵੰਗਾਰਿਆ।


ਮੰਡੀਆਂ ਨੇ ਖਾ ਲਏ ਮੇਰੇ ਨਾਨਕੇ ਤੇ ਦਾਦਕੇ
ਫਿਰ ਵੀ ਨਾ ਗਿਆ ਸਾਥੋਂ ਕਰਜ਼ਾ ਉਤਾਰਿਆ।

ਵਿਕ ਵੀ ਨਾ ਸਕੇ, ਕਦੀ ਗਹਿਣੇ ਵੀ ਨਾ ਪੈ ਸਕੇ
ਇਹੋ ਜਿਹੀ ਮੁੰਦਰੀ ਤੂੰ ਘੜ ਸੁਨਿਆਰਿਆ।

ਪੋਤਰੇ ਨੂੰ ਫ਼ੋਨ ਉਤੇ ਹੌਲੀ ਹੌਲੀ ਕਹੇ ਬਾਪੂ
'ਕਰ ਕੋਈ ਮਿੱਠੀ ਜਿਹੀ ਗੱਲ ਤੂੰ ਪਿਆਰਿਆ'।

ਤੇਰੇ ਲਈ ਮਰਦੇ ਹਾਂ, ਤੇਰੇ ਲਈ ਜੀਂਦੇ, ਪਰ
ਤੇਰੀਆਂ ਤਰੱਕੀਆਂ ਨੇ ਸਾਡਾ ਕੀ ਸੁਆਰਿਆ ?

**ਵੈਨਕੂਵਰ, ਕੈਨੇਡਾ**
**+7783230105**



## ਗ਼ਜ਼ਲ

# ਗੁਰਸ਼ਰਨ ਸਿੰਘ ਅਜੀਬ



ਗ਼ਜ਼ਲ ਸਮਰਾਟ ਨਾਲ ਜਾਣੇ ਜਾਂਦੇ ਗੁਰਸ਼ਰਨ ਸਿੰਘ ਅਜੀਬ ਗੁਜਰਾਂਵਾਲਾ ਪਾਕਿਸਤਾਨ ਦੇ ਜੰਮਪਲ ਹਨ। ਦੇਸ਼ ਦੀ ਵੰਡ ਤੋਂ ਬਾਅਦ ਉਹ ਫਗਵਾੜੇ ਤੇ ਫਿਰ ਕਪੂਰਥਲੇ ਵੱਸੇ। 1969 ਤੋਂ ਉਹ ਇੰਗਲੈਂਡ ਦੇ ਵਾਸੀ ਹਨ। ਹੁਣ ਤੱਕ ਉਹਨਾਂ ਦੇ 3 ਕਾਵਿ ਸੰਗ੍ਰਹਿ 'ਕੂੰਜਾਂਵਲੀ', 'ਪੁਸ਼ਪਾਂਜਲੀ' ਅਤੇ 'ਗ਼ਜ਼ਲਾਂਜਲੀ' ਪ੍ਰਕਾਸ਼ਿਤ ਹੋ ਚੁੱਕੇ ਹਨ

ਮੈਂ ਅਪਣੀ ਸੋਚ ਅਕਸਰ ਹਰ ਗ਼ਜ਼ਲ
ਵਿਚ ਢਾਲ ਲੈਂਦਾ ਹਾਂ॥
ਸੁਰਾਂ ਦੀ ਲਹਿਰ 'ਚੋਂ ਅਸ਼ਿਆਰ
ਸੁੰਦਰ ਭਾਲ ਲੈਂਦਾ ਹਾਂ॥

ਜੁਲਾਹੇ ਵਾਂਗ ਨਿਤ ਬੁਣਦਾ ਹਾਂ ਤਾਣਾ
ਰੋਜ਼ ਸ਼ਬਦਾਂ ਦਾ,
ਮਛੇਰੇ ਵਾਂਗਰਾਂ ਅਦਬੀ ਵਿਛਾ ਮੈਂ
ਜਾਲ਼ ਲੈਂਦਾ ਹਾਂ॥

ਮੁਫ਼ਾਈਲੁਨ ਮੁਫ਼ਾਈਲੁਨ ਮੁਫ਼ਾਈਲੁਨ
ਹੀ ਜਪਦਾ ਖ਼ੁਦ,
ਗ਼ਜ਼ਲ ਦੀ ਬਹਿਰ ਨਾਲੇ ਢੂੰਡ ਇਸ
ਦੀ ਚਾਲ਼ ਲੈਂਦਾ ਹਾਂ॥

ਵਿਸ਼ੇ ਚੁਣਦਾ ਨਹੀਂ ਫ਼ੁਰਦੇ ਇਲਾਹੀ
ਬਾਣੀ ਦੇ ਵਾਂਗਰ,
ਜਦੋਂ ਫ਼ੁਰਦੇ ਜ਼ਿਹਨ ਅੰਦਰ ਸਦਾ
ਸੰਭਾਲ ਲੈਂਦਾ ਹਾਂ॥

ਮਿਰਾ ਪੇਸ਼ਾ ਗ਼ਜ਼ਲ ਕਹਿਣਾ ਤਿਜਾਰਤ
ਹਰਫ਼ਾਂ ਦੀ ਕਰਨਾ,

ਮੈਂ ਉਮਦਾ ਸ਼ਿਅਰ ਕਹਿ ਕਰ ਖ਼ੁਦ ਨੂੰ
ਮਾਲਾਮਾਲ਼ ਲੈਂਦਾ ਹਾਂ॥

ਚੰਗੇਰੇ ਸ਼ਬਦ ਲੱਭਣ 'ਤੇ ਖ਼ੁਦਾ ਦਾ
ਸ਼ੁਕਰ ਕਰਦਾ ਹਾਂ,
ਸਮਝ ਇਲਹਾਮ ਸ਼ਬਦਾਂ ਨੂੰ ਕਰ
ਇਸਤੇਮਾਲ਼ ਲੈਂਦਾ ਹਾਂ॥

ਗ਼ਜ਼ਲ ਦੀ ਸਾਧਨਾ ਕਰਨੀ 'ਅਜੀਬਾ'
ਧਰਮ ਹੈ ਤੇਰਾ,
ਮੈਂ ਪੂਜਾ ਏਸ ਦੀ ਨਿਤ ਕਰ ਖ਼ੁਸ਼ੀ ਦੇ
ਨਾਲ਼ ਲੈਂਦਾ ਹਾਂ॥

**ਲੰਡਨ, ਬਰਤਾਨੀਆ**
**+447932752850**

## ਨਜ਼ਮ

### ਹੈਪੀ (ਅਸ਼ੋਕ) ਚੌਧਰੀ



ਹੁਸ਼ਿਆਰਪੁਰ ਨਾਲ ਸੰਬੰਧਤ ਹੈਪੀ (ਅਸ਼ੋਕ) ਚੌਧਰੀ ਕੈਨੇਡਾ ਵਿਚ ਅਧਿਆਪਕ ਦੇ ਤੌਰ ਤੇ ਟੋਰਾਂਟੋ ਵਿਖੇ ਪਰਵਾਸ ਕਰ ਗਿਆ ਇਮੀਗ੍ਰੇਸ਼ਨ ਲਾਅ ਦੀ ਪੜ੍ਹਾਈ ਕਰਨ ਦੇ ਨਾਲ ਨਾਲ ਉਸ ਨੇ ਟਰਾਂਸਪੋਰਟ ਕਿੱਤਾ ਵੀ ਅਪਣਾਇਆ ਹੋਇਆ ਹੈ ਆਪਣੀਆਂ ਰਚਨਾਵਾਂ ਵਿਚ ਆਸ਼ਾਵਾਦੀ ਸੋਚ ਦਾ ਪ੍ਰਗਟਾਵਾ ਕਰਨ ਵਾਲਾ ਅਸ਼ੋਕ ਚੌਧਰੀ ਕੈਨੇਡਾ ਦੀਆਂ ਬਹੁਤ ਸਾਰੀਆਂ ਸਾਹਿਤਕ ਸੰਸਥਾਵਾਂ ਨਾਲ ਜੁੜਿਆ ਹੋਇਆ ਹੈ

### ਕਯਾ ਬਾਤ

ਕਯਾਮਤ ਕਯਾਮਤ, ਕਰਾਮਾਤ ਐ,
ਕਯਾ ਬਾਤ ਮੌਲਾ, ਕਯਾ ਬਾਤ ਐ,
ਇਹ ਨੈਣਾਂ ਦੇ ਬੂਹੇ, ਤੇ ਦਰਬਾਨ
ਪਲਕਾਂ,
ਹਵਾਵਾਂ 'ਚ ਘੁਲ਼ਕੇ, ਇਹ ਵਸਦੇ ਨੇ
ਫ਼ਲਕਾਂ,
ਗ਼ਜ਼ਬ ਰੱਖਦੇ ਜਲਵੇ, ਜਲੌਅ ਤੇ
ਨਜ਼ਾਰੇ,
ਇਹ ਰੂਹਾਂ 'ਚ ਵੜ ਬਹਿੰਦੇ, ਜਾਨੋ
ਪਿਆਰੇ,
ਬਸ ਵੱਸਣ ਸਲਾਮਤ,ਜੋ ਕਾਇਨਾਤ ਐ
ਕਯਾਮਤ ਕਯਾਮਤ ਕਰਾਮਾਤ ਐ।

ਇਹ ਜਦ ਗਿੱਲੀ ਮਿੱਟੀ, ਤਾਂ ਮਨਚਾਹੇ
ਥੱਪਦੇ,
ਤੇ ਕਾਦਰ ਦੇ 'ਆਵੇ', ਇਹ ਰੜ੍ਹਰੜ੍ਹ ਕੇ
ਪੱਕਦੇ,
ਜੋ ਰੂਹ ਲਾ ਕੇ ਬੁੱਤ-ਘਾੜੇ, ਦਿੱਤੀਆਂ
ਨੇ ਛੋਹਾਂ,
ਨੇ ਮੁੱਢ ਤੋਂ ਇਹ ਬਾਗੀ, ਪਰ ਲਿਫ
ਜਾਂਦੇ ਮੋਹਾਂ,
ਇਹ ਅੰਤਾਂ ਦੀ ਸੋਹਣੀ, ਹਸੀਂ ਰਾਤ ਐ
ਬੱਸ ਕਯਾ ਬਾਤ ਮੌਲਾ, ਕਯਾ ਬਾਤ ਐ

ਜੇ ਮਾਨਣ ਦਾ ਲੋਚੇਂ, ਇਹ ਕਣ ਕਣ
'ਚ ਵੱਸਣ,
ਕਰ ਔਕੜ ਨੂੰ ਟਿੱਚਰਾਂ, ਇਹ
ਖਿੜ-ਖਿੜ ਕੇ ਹੱਸਣ,
ਇਹ ਸਤਰੰਗੀ ਪੀਂਘਾਂ, ਧੁਰ ਅੰਬਰਾਂ 'ਚ
ਜੱਚਣ,
ਦਰ ਡਾਹਢੇ ਦੇ 'ਹੈਪੀ', ਪਾ ਘੁੰਗਰੂ
ਇਹ ਨੱਚਣ,
ਕਦੇ ਰੰਗ ਪਰਖੇ, ਨਾ ਜਿਸ ਜਾਤ ਐ,
ਕਯਾਮਤ ਕਯਾਮਤ, ਕਰਾਮਾਤ ਐ,
ਕਯਾ ਬਾਤ ਮੌਲਾ, ਕਯਾ ਬਾਤ ਐ

**ਓਂਟਾਰੀਓ, ਕੈਨੇਡਾ**
**0019058675455**

ਨਜ਼ਮ

## ਕਰਨ ਅਜਾਇਬ ਸਿੰਘ ਸੰਘਾ



ਕਰਨ ਅਜਾਇਬ ਸਿੰਘ ਸੰਘਾ ਦਾ ਜਨਮ ਪਿੰਡ ਬਿਲਗਾ ਜ਼ਿਲਾ ਜਲੰਧਰ ਵਿਖੇ ਹੋਇਆ 1984 ਵਿਚ ਆਪ ਬਲਿਊ ਸਟਾਰ ਤੋਂ ਪ੍ਰਭਾਵਿਤ ਹੋ ਕੇ ਅਕਾਲੀ ਰਾਜਨੀਤੀ ਵਿਚ ਸਰਗਰਮ ਹੋਏ ਅਤੇ ਇਕ ਵਰ੍ਹਾ ਯੂਨੀਫਾਈਡ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਮੁੱਖ ਬੁਲਾਰੇ ਵਜੋਂ ਸੇਵਾ ਨਿਭਾਈ। ਇਨ੍ਹਾਂ ਦੇ ਤਿੰਨ ਕਾਵਿ-ਸੰਗ੍ਰਹਿ 'ਕੋਏ ਸਿੱਲ੍ਹੇ ਪੱਥਰਾਂ', 'ਪੈਂਡੇ ਪ੍ਰੀਤ ਵੀ' ਅਤੇ 'ਮਾਂ ਮਿੱਟੀ ਮਹਿਕ' ਪ੍ਰਕਾਸ਼ਿਤ ਹੋ ਚੁੱਕੇ ਹਨ

### ਆਖਰੀ ਮੰਜ਼ਿਲ ਹੈ ਮੌਤ

ਹਰ ਗੁਨਾਹ ਮੇਰੇ ਦੀ,
ਸਜ਼ਾ ਹੀ ਹੈ ਮੌਤ।
ਗੁਣ ਕਿਸੇ ਮੇਰੇ ਲਈ,
ਇਨਾਮ ਵੀ ਹੈ ਮੌਤ।

ਜ਼ਿੰਦਗੀ ਹੈ ਇਕ ਸਫ਼ਰ,
ਕੋਈ ਮੰਜ਼ਿਲ ਤਾਂ ਨਹੀਂ।
ਸੱਚੇ ਹਰ ਸਫ਼ਰ ਦੀ,
ਮੰਜ਼ਿਲ ਹੀ ਹੈ ਮੌਤ।

ਰੁਕ ਜਾਂਦੇ ਸਭ ਸਿਲਸਿਲੇ,
ਰੁਕ ਜਾਂਦੀ ਹਰ ਸੋਚ।
ਰੁਕ ਜਾਂਦੇ ਸਭ ਕਾਫ਼ਲੇ,
ਬੇ-ਰੋਕ ਹੀ ਹੈ ਮੌਤ।

ਸੱਜਣ ਕੀ ਅਤੇ ਠੱਗ ਕੀ,
ਮਹਿਮਾਨ ਨੇ ਸਭ ਇਸ ਦੇ।
ਹਿੱਸੇ ਹਰ ਮਹਿਮਾਨ ਦੇ,
ਆਉਣੀ ਹੈ ਫਿਰ ਮੌਤ।

ਮੁਹੱਬਤ ਸੱਚੀ ਇਸ ਦੀ,
ਕਰਦੀ ਨਹੀਂ ਇਹ ਦਗ਼ਾ।
ਹਰ ਦਗ਼ਾਬਾਜ਼ ਦੀ ਤਾਂ,
ਮੁਹੱਬਤ ਵੀ ਹੈ ਮੌਤ।

ਨਜ਼ਰਾਨੇ ਬਹੁਤ ਹੀ ਦਿੱਤੇ,
ਜ਼ਿੰਦਗੀ ਵਿਚ ਤੂੰ ਸਭ ਨੂੰ।
ਆਖਰ 'ਕਰਨ' ਲਈ ਤੇਰੇ ਕੋਲ,
ਸੌਗਾਤ ਬਚੀ ਹੈ ਮੌਤ।

**ਬਰੈਂਪਟਨ, ਕੈਨੇਡਾ**
**+19052655509**

# ਗ਼ਜ਼ਲ

## ਸੰਤੋਖ ਭੁੱਲਰ



ਸੰਤੋਖ ਸਿੰਘ ਭੁੱਲਰ ਪੰਜਾਬੀ ਦਾ ਬਹੁਪੱਖੀ ਅਤੇ ਅਨੁਭਵੀ ਲੇਖਕ ਹੈ ਉੱਚ ਕੋਟੀ ਦੇ ਵਾਰਤਕਕਾਰ ਹੋਣ ਦੇ ਨਾਲ ਨਾਲ ਉਹਨਾਂ ਨੇ ਕਥਾ ਸਾਹਿਤ ਅਤੇ ਗ਼ਜ਼ਲਗੋਈ ਦੇ ਖੇਤਰ ਵਿਚ ਆਪਣੀ ਵਿਸ਼ੇਸ਼ ਪਹਿਚਾਣ ਬਣਾਈ ਹੈ। ਇਹਨਾ ਦੀਆਂ ਦੋ ਪੁਸਤਕਾਂ 'ਮੇਰਾ ਸਮੁੰਦਰੀ ਸਫ਼ਰਨਾਮਾ' ਅਤੇ 'ਗੋਰੀਆਂ ਰਿਸ਼ਮਾਂ ਦੀ ਛੋਹ' ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਸਰਲਤਾ, ਸਾਦਗੀ, ਸੰਖੇਪਤਾ, ਸੂਖਮਤਾ ਇਹਨਾਂ ਦੀ ਕਵਿਤਾ ਦਾ ਅਟੁੱਟ ਅੰਗ ਹਨ।

ਸ਼ਹਿਰ ਤੇਰੇ ਵਿੱਚ ਮੈਂ ਵੱਖਰਾ ਹੀ
ਮੰਜ਼ਰ ਵੇਖਿਆ।
ਘਰ ਦੇ ਅੰਦਰ ਰਹਿੰਦਿਆਂ ਹਰ
ਸ਼ਖਸ ਬੇਘਰ ਵੇਖਿਆ।

ਬਾਗ਼ ਅੰਦਰ ਟਹਿਣੀਆਂ ਦੀ ਥਾਂ 'ਤੇ
ਬਸ ਤ੍ਰਿਸ਼ੂਲ ਸਨ,
ਮੈਂ ਤਾਂ ਫੁੱਲਾਂ ਦੀ ਜਗ੍ਹਾ
ਖ਼ੰਜਰ ਹੀ ਖ਼ੰਜਰ ਵੇਖਿਆ।


ਕੁਝ ਫ਼ਰਾਕਾਂ ਵੇਖੀਆਂ ਮੈਂ
ਖ਼ੂਨ ਦੇ ਵਿਚ ਰੰਗੀਆਂ,
ਇਕ ਨਗਰ ਵਿਚ ਮੈਂ ਬੜਾ
ਵਖਰਾ ਹੀ ਮੰਦਰ ਵੇਖਿਆ।

ਹਰ ਤਰਫ਼ ਵਗਦੀ ਪਈ
ਓਥੇ ਨਸ਼ੀਲੀ ਪੌਣ ਸੀ,
ਪਿੰਡ ਮੈਂ ਜਦ ਵੀ ਗਿਆ
ਹਰ ਖੇਤ ਬੰਜਰ ਵੇਖਿਆ।

ਮੈਂ ਸਵੇਰੇ ਉੱਠ ਕੇ ਸ਼ੀਸ਼ੇ ਦੇ
ਹੋਇਆ ਸਾਹਮਣੇ,
ਓਸ ਦੇ ਸਾਹਵੇਂ ਖੜ੍ਹਾ
ਅਪਣਾ ਮੈਂ ਪਿੰਜਰ ਵੇਖਿਆ।

ਫਿਰ ਬਹਾਰਾਂ ਵੇਖੀਆਂ 'ਭੁੱਲਰ' ਨੇ
ਪਤਝੜ ਤੋਂ ਅਗਾਂਹ,
ਵੇਖਦਾ ਉਸਦੀ ਤਰਫ਼
ਹੱਸ ਹੱਸ ਕੇ ਖੰਡਰ ਵੇਖਿਆ।

ਯੂ. ਕੇ.
+447886013232



## ਨਜ਼ਮ

# ਬਿਕਰਮ ਸੋਹੀ



ਬਿਕਰਮ ਸੋਹੀ ਪਿੰਡ ਸੋਹੀਆਂ ਜ਼ਿਲਾ ਗੁਰਦਾਸਪੁਰ ਦੇ ਜੰਮਪਲ ਹਨ ਅਤੇ ਹੁਣ ਉਹ ਅਮਰੀਕਾ ਵਿਚ ਵੈਟਰਨੇਰੀ ਡਾਕਟਰ ਵੱਜੋਂ ਸੇਵਾਵਾਂ ਨਿਭਾਅ ਰਹੇ ਹਨ। ਇਹਨਾਂ ਦੇ 2 ਕਾਵਿ ਸੰਗ੍ਰਹਿ 'ਪਲਾਸ਼ ਦੇ ਪੱਤੇ' ਅਤੇ 'ਆਪਣੇ ਜੋਗੀ ਛਾਂ' ਪ੍ਰਕਾਸ਼ਤ ਹੋ ਚੁੱਕੇ ਹਨ ਅਤੇ 'ਸਰਦਲਾਂ' ਪ੍ਰਕਾਸ਼ਨਾ ਅਧੀਨ ਹੈ

### ਵਾਂਗ ਸ਼ਿੱਦਤਾਂ ਡੂੰਘਾ ਟੱਕ ਲੱਗਾ..

ਵੇਲਾ ਆ ਗਿਆ ਚੋਲਾ ਲੀਰ ਹੋਇਆ
ਖ਼ਾਲਸ ਫੁੱਲ ਹੋਏ ਪ੍ਰਵਾਨ ਮੱਥੇ
ਵਾਂਗ ਸ਼ਿੱਦਤਾਂ ਡੂੰਘਾ ਟੱਕ ਲੱਗਾ
ਧਾਰ ਖ਼ੂਨ ਦੀ ਸੁਖਮਨੀ ਸਾਹਬ ਜੱਪੇ

ਸਾਂਝੇ ਵਾਰ ਨੇ ਬੋਹੜ ਅਨਾਰ ਕੀਤਾ
ਵਚਨ ਸਿੰਘ ਦਾ ਝੂਠਾ ਹੋਣ ਲੱਗਾ
ਦਸਮ ਜੋਤ ਨੇ ਸਿਰ ਤੇ ਹੱਥ ਧਰਿਆ
ਖੰਡਾ ਜਾਗਿਆ ਲੋਹਾ ਗੌਣ ਲੱਗਾ

ਨੰਗੇ ਪੈਰਾਂ ਚ ਮਿਰਗ ਚੁੰਗੀਆਂ ਨੇ
ਨੀਲੇ ਬਾਣਿਆਂ ਚ ਤੇਗ ਤੂਫ਼ਾਨ ਸੁੱਤੇ
ਤੀਰ ਭੱਥਿਆਂ ਨੂੰ ਅਰਕਾਂ ਮਾਰ ਆਖਣ
ਸਾਹ ਦੁਸ਼ਟ ਪਰੋ ਦੀਏ ਨੋਕ ਉੱਤੇ

ਰੋਹ ਢਲਿਆ ਅਕੀਦਤਾਂ ਵਿੱਚ ਏਦਾਂ
ਕਿਹੜਾ ਕੀ ਏ ਪਤਾ ਕੀ ਲੱਗੇ
ਤਲਵਾਰ ਖਣਕਦੀ ਚੂੜੀਆਂ ਗਗਨ ਵੀਣੀ
ਨੇਜ਼ੇ ਢਾਲ ਤੇ ਖੜਤਾਲ਼ ਵੱਜੇ

ਮਿੱਟੀ ਹੋਈ ਸਵੱਲੀ ਭਾਗ ਲੱਗੇ
ਜਦ ਕਾਠੀਓਂ ਟੁੱਟ ਗੁਲਾਬ ਡਿੱਗੇ
ਦਰ ਖੁੱਲ੍ਹ ਗੇ ਅਨਹਦ ਨਾਦ ਬਾਜੇ
ਦੂਰ ਅੱਪੜੇ ਨਗਾਰੇ ਡਗ ਸਿੱਧੇ

ਤੁਰਿਆ ਅਜਬ ਹਠੀਲਾ ਸਾਜ਼ ਵੇਖੋ
ਇਕਤਾਰਾ ਖੰਡੇ ਦੀ ਤਾਰ ਵੇਖੋ
ਪਾਕ ਪ੍ਰਕਰਮਾ ਸਾਜ਼ ਨਵਾਜ਼ ਵੇਖੋ
ਤਨ ਕੀਰਤਨ ਕਰਤਾਰ ਵੇਖੋ

ਫਟਨਾ ਲਾਜ਼ਮੀ ਪੀਂਘ ਸਤਰੰਗੀਆਂ ਲਈ
ਉਂਜ ਰੌਸ਼ਨੀ ਦਾ ਕਿਹੜਾ ਰੰਗ ਹੁੰਦਾ?
ਕਾਇਆ ਕੰਚਨ ਅਹਿਰਨ ਬਿਨ ਕਿੱਦਾਂ
ਖਰੇ ਸੋਨਿਆਂ 'ਚ ਅੱਗ ਦਾ ਰੰਗ ਹੁੰਦਾ

ਕਾਇਆ ਕੰਚਨ ਅਹਿਰਨ ਬਿਨ ਕਿੱਦਾਂ
ਖਰੇ ਸੋਨਿਆਂ 'ਚ ਅੱਗ ਦਾ ਡੰਗ ਹੁੰਦਾ

ਅਮਰੀਕਾ
+14437601098

# ਗੀਤ

## ਤਾਰਾ ਸਿੰਘ 'ਤਾਰਾ'



ਇੰਗਲੈਂਡ ਵੱਸਦਾ ਤਾਰਾ ਸਿੰਘ 'ਤਾਰਾ' ਕਵੀ, ਨਾਟਰਕਾਰ ਅਤੇ ਰੰਗਮੰਚ ਕਲਾਕਾਰ ਹੈ ਉਹ ਹੁਣ ਤੱਕ 'ਉਹ ਵੀ ਦਿਨ ਆਉਂਣਗੇ', 'ਸਵੇਰਿਆਂ ਦੇ ਨਾਲ', ਪਰਾਂ ਉੱਤੇ ਉੱਡਣਾ ਸਿਖਾ ਬਾਬਲਾ' ਕਾਵਿ ਸੰਗ੍ਰਹਿ ਅਤੇ 'ਭੇਖਧਾਰੀ' ਨਾਟ ਸੰਗ੍ਰਹਿ ਪਾਠਕਾਂ ਸਨਮੁੱਖ ਕਰ ਚੁੱਕੇ ਹਨ। ਹਿੰਦੂਸਤਾਨੀ ਮਜ਼ਦੂਰ ਸਭਾ ਗ੍ਰੇਟ ਬ੍ਰਿਟੇਨ ਦੇ ਸਕੱਤਰ ਵੀ ਹਨ

### ਸਾਨੂੰ ਪਰਾਂ ਉੱਤੇ ਉੱਡਣਾ ਸਿਖਾ ਬਾਬਲਾ

ਸਾਡੇ ਪਰਾਂ ਉਤੇ ਪੱਥਰ ਨਾ ਟਿਕਾ ਬਾਬਲਾ
ਸਾਨੂੰ ਪਰਾਂ ਉੱਤੇ ਉੱਡਣਾ ਸਿਖਾ ਬਾਬਲਾ

ਬਹਿਣਾ ਉੱਠਣਾ ਸਿਖਾਵਾਂ ਖਾਣਾ ਪੀਣਾ ਸਿਖਾਵਾਂ
ਮੈਂ ਹੀ ਸਾਰਿਆਂ ਨੂੰ ਪਹਿਲੋਂ ਆਪ ਜੀਣਾ ਸਿਖਾਵਾਂ
ਸਾਡਾ ਜੀਵਣਾ ਨਰਕ ਨਾ ਬਣਾ ਬਾਬਲਾ
ਸਾਨੂੰ ਪਰਾਂ ਉੱਤੇ..........

ਗੁਰੂ ਪੀਰ ਪੈਗੰਬਰ ਸਭ ਮੇਰੇ ਹੀ ਜਾਏ ਨੇ
ਨਹੀਂ ਤੂੰ ਹੀ ਦੱਸ ਬਾਬਲਾ ਇਹ ਕਿਥੋਂ ਆਏ ਨੇ
ਇਨ੍ਹਾਂ ਧੀਆਂ ਤਾਈਂ ਪੱਥਰ ਨਾ ਬਣਾ ਬਾਬਲਾ
ਸਾਨੂੰ ਪਰਾਂ ਉੱਤੇ..........

ਸਦਾ ਯੁੱਗ ਯੁੱਗ ਜੀਣ ਪੁੱਤ ਰਾਜੇ ਤੇਰੇ
ਸਦਾ ਖ਼ੁਸ਼ੀਆਂ ਦੇ ਰਹਿਣ ਵੱਜਦੇ ਵਾਜੇ ਤੇਰੇ
ਕਦੇ ਧੀਆਂ ਦੀਆਂ ਸੁੱਖਾਂ ਵੀ ਮਨਾ ਬਾਬਲਾ
ਸਾਨੂੰ ਪਰਾਂ ਉੱਤੇ..........

ਕੋਈ ਮਾਪਿਆਂ ਦਾ ਘਰ ਕੋਈ ਸਹੁਰਿਆਂ ਦਾ ਘਰ
ਧੀਆਂ ਬਹਿਣ ਮੱਲ ਕੇ ਦੱਸ ਕਿਹੜਾ ਦਰ
ਦੱਸ ਧੀਆਂ ਨੂੰ ਕਿਉਂ ਮਿਲੀ ਇਹ ਸਜ਼ਾ ਬਾਬਲਾ
ਸਾਨੂੰ ਪਰਾਂ ਉੱਤੇ..........

ਜਿਹੜੀ ਬੱਚੇ ਜੰਮਾਵੇ, ਸਾਰੇ ਜੱਗ ਨੂੰ ਵਸਾਵੇ
ਸਾਰੀ ਉਮਰ ਜਿਹੜੀ ਬੱਸ ਰੋਟੀਆਂ ਪਕਾਵੇ
ਸਾਨੂੰ ਏਦਾਂ ਦੀ ਮਸ਼ੀਨ ਨਾ ਬਣਾ ਬਾਬਲਾ
ਸਾਨੂੰ ਪਰਾਂ ਉੱਤੇ..........

**ਸੈਂਡਵੈਲ, ਇੰਗਲੈਂਡ**
**+447484173743**

# ਗੀਤ

ਗੁਰਮੇਲ ਕੌਰ ਸੰਘਾ (ਥਿੰਦ)



ਗੁਰਮੇਲ ਕੌਰ ਸੰਘਾ ਵਲਾਇਤ ਵੱਸਦੀ ਸੁਚੇਤ ਪੰਜਾਬੀ ਕਵਿੱਤਰੀ ਹੈ। ਉਸਨੇ ਆਪਣੀ ਕਾਵਿ ਪੁਸਤਕ 'ਦਰਦ ਅਵੱਲੜੇ' (2020) ਨਾਲ ਪੰਜਾਬੀ ਕਾਵਿ ਜਗਤ ਵਿਚ ਆਪਣੀ ਹਾਜ਼ਰੀ ਲਗਵਾਈ ਹੈ। ਉਹ ਸਮਾਜ ਵਿੱਚ ਵਾਪਰਦੀਆਂ ਘਟਨਾਵਾਂ ਨੂੰ ਬੜੇ ਗਹੁ ਨਾਲ ਵੇਖਦੀ ਹੈ, ਮਹਿਸੂਸ ਕਰਦੀ ਹੈ ਅਤੇ ਉਹਨਾਂ ਨੂੰ ਆਪਣੀਆਂ ਕਵਿਤਾਵਾਂ ਵਿੱਚ ਰੂਪਮਾਨ ਕਰਦੀ ਹੈ


## ਪੰਛੀ ਪ੍ਰਦੇਸੀ

ਟੁੱਟੇ ਹੋਏ ਦਿਲ ਨਹੀਂ ਜੁੜਦੇ,
ਛੱਡ ਕੇ ਗਏ ਮੁਸ਼ਕਿਲ ਮੁੜਦੇ।
ਵਤਨਾਂ ਵਿੱਚ ਰੂਹ ਭਟਕਦੀ,
ਵਸਣ ਪ੍ਰਦੇਸੀ ਵੇ।
ਮਿਲਦੇ ਨੇ ਰੱਬ ਸਬੱਬੀਂ,
ਪੰਛੀ ਪਰਦੇਸੀ ਵੇ।

ਜਿਸ ਤੇ ਬੀਤੇ, ਉਹ ਜਾਣੇ,
ਸੀਨੇ ਪਏ ਟੋਏ ਜੋ।
ਹਿਜਰਾਂ ਦੀ ਭੱਠੀ ਝੁਲਸੇ
ਹੋਏ ਨਾ ਹੋਏ ਓਹ।
ਸੀਨੇ ਵਿੱਚ ਦੱਬੀਆਂ ਯਾਦਾਂ ਪਾ
ਬਿਰਹੋਂ ਦੀ ਖ਼ੇਸੀ ਵੇ।
ਮਿਲਦੇ ਨੇ ਰੱਬ ਸਬੱਬੀਂ,
ਪੰਛੀ ਪਰਦੇਸੀ ਵੇ।

ਆਸਾਂ ਵਿੱਚ ਪਲ ਪਲ ਲੰਘਦਾ
ਵਤਨਾਂ ਤੋਂ ਦੂਰ ਵੇ।
ਹਾਸਿਆਂ ਵਿੱਚ ਲੁਕੀਆਂ ਪੀੜਾਂ,
ਰਿਸਦੇ ਨਾਸੂਰ ਵੇ।
ਪੱਛਮ ਵਿੱਚ ਵਸਦੇ 'ਸੰਘਾ'
ਵਿੱਚੋਂ ਨਿਰੇ ਦੇਸੀ ਵੇ।
ਮਿਲਦੇ ਨੇ ਰੱਬ ਸਬੱਬੀਂ,
ਪੰਛੀ ਪਰਦੇਸੀ ਵੇ।

ਯੂ. ਕੇ.
+447846952178



## ਨਜ਼ਮ

## ਜੀ. ਐਸ. ਰੁਪਾਣਾ



ਜੀ. ਐਸ. ਰੁਪਾਣਾ ਸਾਹਿਤਕ ਅਦਾਰੇ ਸਾਹਿਤ ਸੁਮੇਲ ਸਾਊਥ ਆਸਟਰੇਲੀਆ ਦਾ ਸਰਗਰਮ ਮੈਂਬਰ ਹੈ ਜੋ ਪਿਛਲੇ 10 ਵਰ੍ਹਿਆਂ ਤੋਂ ਪਰਵਾਸ ਹੰਢਾ ਰਿਹਾ ਹੈ। 'ਤੈਨੂੰ ਇਕ ਖ਼ਤ ਲਿਖ ਦੇਵਾਂ' ਕਵੀ ਦੀ ਪਲੇਠੀ ਪੁਸਤਕ ਹੈ। ਉਸ ਦੀਆਂ ਰਚਨਾਵਾਂ ਵਿਚੋਂ ਪਰਵਾਸ ਦੀ ਤਪਸ਼ ਦਾ ਰੰਗ ਸਾਫ਼ ਝਲਕਦਾ ਹੈ

### ਤੁਰ ਗਏ ਪ੍ਰਦੇਸੀ

ਤੁਰ ਗਏ ਪ੍ਰਦੇਸੀ ਦਾ ਕਦੇ ਵੀ
ਇੰਤਜ਼ਾਰ ਨਾ ਕਰਨਾ,
ਬੇਗ਼ੈਰਤ ਲੋਕਾਂ ਨਾਲ ਕਦੇ ਵੀ ਪਿਆਰ
ਨਾ ਕਰਨਾ।
ਆਪਣਾ ਬਣਾ ਕੇ ਦੱਸਣਾ ਨਾ ਕਦੇ ਵੀ
ਦਿਲ ਦੀ ਗੱਲ,
ਹੱਸਦੇ ਜੋ ਅੱਖਾਂ ਵਿੱਚ ਉਨ੍ਹਾਂ ਤੇ
ਇਤਬਾਰ ਨਾ ਕਰਨਾ।
ਕਰਦੇ ਨੇ ਜੋ ਪਿੱਠ ਤੇ ਵਾਰ, ਨਾਲ
ਚੰਗੀ ਤਰ੍ਹਾਂ ਸਿੱਝ ਲਵੋ,
ਨਿਹੱਥੇ ਉਪਰ ਕਦੇ ਵੀ ਭੁੱਲ ਕੇ ਵਾਰ
ਨਾ ਕਰਨਾ।
ਜੋ ਆਪਣੇ ਲਈ ਵਹਾਏ ਪਸੀਨਾ ਡੋਲ
ਦਿਓ ਲਹੂ ਉਸ ਲਈ,
ਪਰ ਬੇਵਫ਼ਾ ਲੋਕਾਂ ਨਾਲ ਕਦੇ ਵੀ
ਇਕਰਾਰ ਨਾ ਕਰਨਾ।
ਬਣ ਜਾਂਦੇ ਨੇ ਜੋ ਦੱਬੇ ਕੁਚਲੇ
ਲੋਕਾਂ ਦੀ ਆਵਾਜ਼,
'ਜੀ. ਐਸ' ਉਨ੍ਹਾਂ ਨੂੰ ਕਦੇ ਵੀ
ਇਨਕਾਰ ਨਾ ਕਰਨਾ।

### ਸੱਜਣਾ ਜਿੰਦ

ਸੱਜਣਾ ਜਿੰਦ ਤਾਂ ਸੂਰਜ ਵਰਗੀ,
ਇੱਕ ਦਿਨ ਇਹ ਛਿਪ ਜਾਣੀ।
ਟੁੱਟੇ ਫੁੱਲਾਂ ਵਾਂਗੂੰ ਹੋ ਜਾਊ,
ਇਸਦੀ ਖ਼ਤਮ ਕਹਾਣੀ।
ਸੱਜਣਾ ਮੁੜਕੇ ਫਿਰ ਨੀ ਆਉਣਾ,
ਜਿਉਂ ਦਰਿਆ ਦਾ ਪਾਣੀ।
ਹਉਕੇ ਹਾਵੇ ਲੈ ਕੇ ਤੁਰ ਜੂ,
ਮੇਰੀ ਜਿੰਦ ਨਿਮਾਣੀ।
ਸੱਜਣਾ ਦਿਲ ਦੇ ਕੋਲੇ ਰਹਿ ਕੇ,
ਦਿਲ ਦੀ ਗੱਲ ਨਾ ਜਾਣੀ।
ਖ਼ੌਰੇ ਕਿਹੜੇ ਹਾਲ 'ਚ ਹੋਣੀ,
ਦਿਲ ਮੇਰੀ ਦੀ ਰਾਣੀ।
ਮੈਂ ਵੀ ਹੁਣ ਤਾਂ ਖੁਰਦਾ ਜਾਵਾਂ,
ਜਿਉਂ ਬਰਫ਼ਾਂ ਦਾ ਪਾਣੀ।
ਧਾਗਾ-ਧਾਗਾ ਹੋ ਕੇ ਟੁੱਟ,
ਉਲਝ ਗਈ ਏ ਤਾਣੀ।

**ਸਾਊਥ ਆਸਟਰੇਲੀਆ**
**+61404069979**

# ਨਜ਼ਮ

## ਬਲਜੀਤ ਖ਼ਾਨ



ਬਲਜੀਤ ਖ਼ਾਨ ਪਿੰਡ ਸਮਾਲਸਰ ਪੰਜਾਬ ਵਿਚ ਰਹਿੰਦਿਆਂ ਅਧਿਆਪਕ ਵੱਜੋਂ ਕਾਰਜਸ਼ੀਲ ਸੀ ਹੁਣ ਉਹ ਵਿਨੀਪੈਗ, ਕੈਨੇਡਾ ਵਿਖੇ ਰਹਿ ਰਿਹਾ ਹੈ ਅਤੇ ਡਰਾਈਵਿੰਗ ਇੰਸਟਰਕਟਰ ਵਜੋਂ ਕਾਰਜਸ਼ੀਲ ਹੈ। ਪੰਜਾਬੀ ਸਾਹਿਤ ਨਾਲ ਵੀ ਉਸਨੂੰ ਡੂੰਘਾ ਲਗਾਓ ਹੈ ਕਵਿਤਾ ਅਤੇ ਕਹਾਣੀ ਉਸ ਦੀ ਸਾਹਿਤ ਸਿਰਜਣਾ ਦਾ ਮਨਪੰਸਦ ਖੇਤਰ ਹੈ

ਐ ਮੇਰੇ ਪੰਜਾਬ
ਅਸੀਂ ਤੇਰੇ ਪ੍ਰਦੇਸੀ ਪੁੱਤ
ਆਪਣੇ ਬੋਝਿਆਂ ’ਚ
ਤੇਰਾ ਦਰਦ-ਵਿਛੋੜਾ
ਚੁੱਕੀ ਫਿਰਦੇ ਆਂ
ਬੋਝ ਏਨਾ ਏ ਹੈਰਾਨ ਹਾਂ
ਬੋਝਾ ਪਾਟ ਕਿਉਂ ਨੀਂ ਜਾਂਦਾ

ਅਸੀਂ ਚਕਾ-ਚੌਂਧਾਂ ਦੇ ਮਾਰੇ
ਭੇਡ-ਚਾਲਾਂ ’ਚ ਪਏ
ਨਿਕੰਮੀਆਂ ਸਰਕਾਰਾਂ ਦੇ ਮਜ਼ਬੂਰ
ਕੀਤੇ
ਭੱਜੇ, ਬੇਗਾਨੀਆਂ ਧਰਤੀਆਂ ’ਤੇ
ਆਣ ਬੈਠੇ
ਜਿੰਮੇਦਾਰੀਆਂ ਦਾ ਬੇੜਾ ਪਾਰ ਲਾਉਂਦੇ
ਸੱਤ ਸਮੁੰਦਰ ਟੱਪ ਗਏ
ਸਾਥੋਂ ਸਾਰੀ ਉਮਰ ਨਿਤਾਰਾ ਨੀਂ ਹੋਣਾ
ਅਸੀਂ ਪ੍ਰਵਾਸ ਚੁਣ ਕੇ ਠੀਕ ਕੀਤਾ
ਜਾਂ ਗ਼ਲਤ
ਅਸੀਂ ਦੋ ਬੇੜੀਆਂ ਦੇ ਸਵਾਰ
ਨਾ ਘਰ ਦੇ ਰਹੇ ਨਾ ਘਾਟ ਦੇ
ਸਾਡੀ ਕੋਈ ਗਤੀ ਨਹੀਂ
ਅਸੀਂ ਮੂੰਹ ਅੱਡਿਆ ਤੇ ਵਿੱਚ
ਮੱਖੀਆਂ ਪਈਆਂ
ਤੈਨੂੰ ਪਿੱਛੇ ਛੱਡ ਆਏ
ਤੇ ਵਲੈਤ ਪੂਰੇ ਦਾ ਪੂਰਾ ਅਪਣਾਇਆ
ਨੀਂ ਗਿਆ
ਖੇਦ ਏ ਸਾਥੋਂ ਤੇਰੀ ਸਰਜ਼ਮੀਨ ’ਤੇ
ਜਿਉਂਦਿਆ-ਮਰਿਆ ਨੀਂ ਗਿਆ
ਸਾਡੀਆਂ ਅਸਥੀਆਂ ਤੇਰੇ ਪਾਣੀਆਂ
’ਚ ਰਲ਼ਣ
ਤੇ ਲੋਥਾਂ ਤੇਰੀ ਮਿੱਟੀ ’ਚ ਦਫ਼ਨ ਹੋਣ
ਲਈ ਤਰਸਣਗੀਆਂ

ਅਸੀਂ ਤੇਰੇ ਖ਼ਾਨ ਸਿੰਘ ਕੁਮਾਰ
ਤੇਰੀ ਸਤਨਾਜੇ ਵਰਗੀ ਸਾਂਝੀਵਾਲਤਾ
ਦੇ ਗੁਣ ਗਾਉਂਦੇ ਆਂ
ਪਿੱਪਲ, ਬੋਹੜ, ਜੰਡ, ਕਰੀਰਾਂ
ਰਾਹ, ਪਗਡੰਡੀ, ਰਸਤੇ
ਝਿੜੀਆਂ, ਖੇਤ,
ਦਿਵਾਲੀ, ਦੁਸਹਿਰੇ, ਈਦਾਂ,
ਗੁਰਪੁਰਬ
ਮੰਦਰ, ਮਸੀਤ, ਗੁਰਦਵਾਰੇ,

# ਨਜ਼ਮ


## ਬਲਜੀਤ ਖ਼ਾਨ


ਚੌਂਕ, ਬਸਤੀਆਂ ਨੂੰ ਯਾਦ ਕਰਦੇ ਆਂ
ਸੱਚ ਦੱਸਾਂ
ਸਿਆਸਤ ਤੇਰੀ ਦੋਖੀ ਏ
ਤੇਰੇ ਢਿੱਡੋਂ ਜੰਮਕੇ ਬਣੇ ਲੀਡਰਾਂ ਨੇ
ਜੋ ਧ੍ਰੋਹ ਤੇਰੇ ਨਾਲ਼ ਕਮਾਇਆ
ਦੁਸ਼ਮਨ ਤੋਂ ਵੀ ਕਮਾਇਆ ਨੀਂ ਜਾਣਾ
ਅਸੀਂ ਵੀ ਪਾਪੀ ਹਾਂ
ਜੋ ਘੋਲ਼ਾਂ ਤੋਂ ਟਲਦੇ
ਗੰਦੇ ਨਿਜ਼ਾਮ ਨਾਲ਼ ਲੜਣ ਦੀ ਬਜਾਇ
ਵਿਦੇਸ਼ਾਂ ਦੇ ਰਾਹ ਹੋ ਤੁਰੇ

ਐ ਮੇਰੇ ਪੰਜਾਬ
ਅਸੀਂ ਤੈਨੂੰ ਬੇਦਾਵਾ ਦੇਣ ਵਾਲ਼ੇ
ਸਾਡੇ ਅਮਲ ਖੋਟੇ
ਸਾਡੀਆਂ ਦੁਆਵਾਂ 'ਚ ਰਤਾ ਭਰ ਵੀ
ਅਸਰ ਨਹੀਂ
ਫਿਰ ਵੀ
ਤੇਰੇ ਵਿਹੜੇ ਵੱਸਦੇ ਰਹਿਣ
ਤੇਰੇ ਬਾਲ-ਬਾਲੜੀਆਂ ਖੇਡਦੇ-ਹੱਸਦੇ
ਰਹਿਣ
ਤੇਰੇ ਵਿਹੜੇ
ਨਾਨਕ ਗੋਬਿੰਦ ਭਗਤ ਤੇ ਊਧਮ
ਜੰਮਦੇ ਰਹਿਣ

ਤੇਰੇ ਲੋਕਗੀਤ, ਘੋੜੀਆਂ, ਸੁਹਾਗ,
ਢੋਲੇ, ਮਾਹੀਏ, ਟੱਪੇ
ਜ਼ਿੰਦਾਬਾਦ ਰਹਿਣ

ਵਿਨੀਪੈਗ, ਕੈਨੇਡਾ
+12049529008



## ਨਜ਼ਮ

## ਕਰਮ ਸਿੰਘ 'ਕਰਮ'



ਲੁਧਿਆਣਾ ਜ਼ਿਲੇ ਦੇ ਜੰਮਪਲ ਕਰਮ ਸਿੰਘ ਕਰਮ 1977 ਤੋਂ ਇੰਗਲੈਂਡ ਰਹਿ ਰਹੇ ਹਨ। ਪੰਜਾਬੀ ਸਾਹਿਤ ਨੂੰ ਪੜ੍ਹਨ ਤੇ ਲਿਖਣ ਦੀ ਚੇਟਕ ਆਪ ਨੂੰ ਪੰਜਾਬ ਰਹਿੰਦਿਆਂ ਹੀ ਲੱਗ ਗਈ ਸੀ। ਬਹੁਤ ਹੀ ਜਲਦ ਇਹਨਾਂ ਦਾ ਕਾਵਿ-ਸੰਗ੍ਰਹਿ ਪ੍ਰਕਾਸ਼ਤ ਹੋ ਕੇ ਪਾਠਕਾਂ ਸਨਮੁੱਖ ਹੋਵੇਗਾ। ਇਹਨਾਂ ਦੀਆਂ ਰਚਨਾਵਾਂ ਸਮਾਜ ਵਿਚਲੀਆਂ ਅਲਾਮਤਾਂ ਨੂੰ ਪਛਾਣਕੇ ਉਹਨਾਂ ਨੂੰ ਖ਼ਤਮ ਕਰਨ ਲਈ ਪ੍ਰੇਰਿਤ ਕਰਦੀਆਂ ਹਨ

### ਕਲਮਾਂ ਨਾਲ ਅਕਲਾਂ ਦੇਣ ਵਾਲਿਓ

ਕਲਮਾਂ ਨਾਲ ਅਕਲਾਂ ਦੇਣ ਵਾਲਿਓ,
ਇਤਿਹਾਸ ਨੂੰ ਸ਼ਕਲਾਂ ਦੇਣ ਵਾਲਿਓ।
ਲਿਖਣ ਵੇਲੇ ਬੱਸ ਧਿਆਨ ਇਹ
ਰੱਖਣਾ, ਪੁੱਟ ਨਾ ਦਿਓ ਇਤਿਹਾਸ ਦੀ
ਜ਼ੱਖਣਾ।
ਸੱਚਾ-ਸੁੱਚਾ ਲਿਖਦੇ ਜਾਉ, ਜੋ ਕੁੱਝ
ਹੋਇਆ ਉਹ ਦਰਸਾਓ।
ਕੱਠੀਆਂ ਕੀਤੀਆਂ ਕਤਰਾਂ ਵਿੱਚੋਂ।
ਪਤਾ ਹੈ ਲੱਗਣਾ ਕੀ ਕੁੱਝ ਹੋਇਆ,
ਵਿੱਚ ਮਜ਼ਬੂਰੀ ਕਿਵੇਂ ਕੋਈ ਰੋਇਆ।
ਠੱਲ੍ਹਣ ਲਈ ਜ਼ਾਲਮ ਦੇ ਜ਼ੁਲਮ, ਕੌਣ
ਕਿਸੇ ਦੇ ਕੋਲ ਖਲੋਇਆ।
ਕਲਮ ਤੁਹਾਡੀ ਇਹ ਦਰਸਾਵੇ,
ਕਿਸਨੇ ਪਾਇਆ, ਕਿਸਨੇ ਖੋਇਆ।
ਮਨੁੱਖਤਾ ਈ ਹੋਵੇ ਧਰਮ ਤੁਹਾਡਾ,
ਸੁੱਚਾ ਹੋਵੇ ਕਰਮ ਤੁਹਾਡਾ।
ਰਿਆਇਤ ਕਿਸੇ ਨਾਲ ਕਦੇ ਕਰੋ ਨਾ,
ਸੱਚ ਨੂੰ ਲਿਖਣੋਂ ਕਦੇ ਡਰੋਂ ਨਾ।
ਕਲਮ ਦਾ ਇਹ ਕਿਰਦਾਰ ਜੇ ਹੋਜੇ,
ਤਾਂ ਤਕੜੀ ਇਹ ਤਲਵਾਰ ਤੋਂ ਹੋਜੇ।
ਹੱਥ'ਚ ਫੜ੍ਹਕੇ ਕਲਮ ਜੇ ਕੋਈ,
ਸੱਚੋ-ਸੱਚ ਹੀ ਜਾਏ ਪ੍ਰੋਈ।
ਉਹ ਬੜਾ ਮਹਾਨ ਹੈ ਹੁੰਦਾ,
ਇਤਿਹਾਸ ਦੀ ਸੱਚੀ ਸ਼ਾਨ ਹੈ ਹੁੰਦਾ।
ਇਸ ਲਈ ਕਲਮਾਂ ਵਾਲਿਓ ਵੀਰੋ,
ਝੂਠ ਨੂੰ ਜਿਤਨਾ ਮਰਜ਼ੀ ਚੀਰੋ।
ਸੱਚ ਤੇ ਪਰਦੇ ਪਾਉਂਦੇ-ਪਾਉਂਦੇ,
ਤੁਸੀਂ ਨਾ ਹੋ ਜਿਉ ਕਿਧਰੇ ਜ਼ੀਰੋ।
ਲੇਖਕ ਭੈਣਾਂ ਨੂੰ ਵੀ ਅਰਜਾਂ,
ਵਿਕ ਨਾ ਜਾਇਓ ਖ਼ਾਤਿਰ ਗਰਜ਼ਾਂ।
ਲਿਖਿਓ ਜੋ ਹੈ ਤੱਕਿਆ ਨੈਣੀਂ,
ਸਿਫ਼ਤ ਤੁਹਾਡੀ ਹੁੰਦੀ ਰਹਿਣੀ।
ਸੱਭਿਆਚਾਰ ਤੇ ਗਰਦ ਨਾ ਪਾਇਓ,
ਨਾਈਂ ਝਰੀਟਾਂ ਇਸਤੇ ਲਾਇਓ।
ਸਾਊਪੁਣਾ ਉਜਾੜ ਨਾ ਦੇਣਾ, ਇਸਨੂੰ
ਕਿਤੇ ਵਿਗਾੜ ਨਾ ਦੇਣਾ।

## ਨਜ਼ਮ

### ਕਰਮ ਸਿੰਘ 'ਕਰਮ'

ਸੱਭਿਆਚਾਰ ਵਿਗਾੜਨ ਨਾਲੋਂ,
ਕਿਰਦਾਰ ਏਸਦਾ ਪਾੜਨ ਨਾਲੋਂ।
ਲੱਚਰ ਲਿਖਣਾ ਬੰਦ ਕਰ ਦਿਓ,
ਮਾਣਮੱਤੇ ਕੋਈ ਛੰਦ ਭਰ ਦਿਓ।
ਸਮਾਜ ਨੂੰ ਇੱਜ਼ਤਦਾਰ ਬਣਾ ਦਿਓ,
ਜ਼ਾਤੀ ਹਉਮੈਂ ਦੂਰ ਭਜਾ ਦਿਓ।
ਲੇਖਕ ਸਭ ਦਾ ਸਾਂਝਾ ਹੁੰਦੈ, ਨਾ ਉਹ
ਹੀਰ ਨਾ ਰਾਂਝਾ ਹੁੰਦੈ।
ਨਾ ਮਾਲਕ ਨਾ ਲਾਂਝ੍ਹਾ ਹੁੰਦੈ, ਪੱਖਪਾਤ
ਤੋਂ ਵਾਂਝਾ ਹੁੰਦੈ।
ਕਿਸੇ ਨੂੰ ਉਹ ਗੁੰਮਰਾਹ ਨੀਂ ਕਰਦਾ,
ਝੂਠ ਦੀ ਹਾਮੀ ਕਦੇ ਨੀਂ ਭਰਦਾ।
ਇਸ ਲਈ ਲੇਖਕ ਵੀਰੋ ਭੈਣੋਂ,
ਲਿਖਿਓ ਉਹ ਜੋ ਦੇਖਿਆ ਨੈਣੋਂ।
ਪਾਠਕ ਤੁਹਾਡੇ ਰਿਣੀ ਰਹਿਣਗੇ,
'ਕਰਮ' ਸਣੇ ਵਾਹ-ਵਾਹ ਕਹਿਣਗੇ।

### ਕਾਇਦਾ

ਵਿੱਚ ਨਫ਼ਰਤਾਂ ਕੁੱਝ ਨੀਂ ਰੱਖਿਆ,
ਕਾਹਤੋਂ ਫਿਰਦੈਂ ਐਵੇਂ ਭਖ੍ਹਿਆ
ਮਿਟ ਜਾਊ ਦੂਰੀ,ਮਿਲੂਗੀ ਚੂਰੀ,
ਛੱਡ ਗ਼ਰੂਰੀ ਕਰ ਤੂੰ ਵਾਇਦਾ
ਇੱਕ ਵਾਰ ਤੂੰ ਪੜ੍ਹ ਕੇ ਦੇਖ ਲੈ ,
ਬੱਸ ਪਿਆਰ ਦਾ ਕਾਇਦਾ।
ਕਈਆਂ ਨੇ ਹੈ ਪਾਈਆਂ ਵੰਡੀਆਂ,
ਬੈਠੇ ਲਾਕੇ ਵੱਖ ਵੱਖ ਮੰਡੀਆਂ
ਮਿਲਕੇ ਚੱਲ, ਮਿਲੂਗਾ ਫਲ ਤੇ
ਲੱਭਜੂ ਹੱਲ ਨਾ ਬੈਠ ਅਲਾਹਿਦਾ
ਇੱਕ ਵਾਰ ਤੂੰ ਪੜ੍ਹ ਕੇ ਦੇਖ ਲੈ,
ਬੱਸ ਪਿਆਰ ਦਾ ਕਾਇਦਾ।
ਕ੍ਰਿਤ ਰੱਬ ਦੀ ਸੱਚੀ ਪੂਜਾ,
ਇੱਕ ਓਮ ਬਿਨ ਨਹੀਂ ਕੋਈ ਦੂਜਾ
ਮਿਹਨਤ ਕਰ, ਕਦੇ ਨਾ ਡਰ ਤੇ
ਭਰਜੂ ਘਰ ਹੋਊਗਾ ਫਾਇਦਾ
ਇੱਕ ਵਾਰ ਤੂੰ ਪੜ੍ਹ ਕੇ ਦੇਖ ਲੈ,
ਬੱਸ ਪਿਆਰ ਦਾ ਕਾਇਦਾ।
ਨਿੰਦਾ ਚੁਗਲੀ ਕਰਨੀ ਛੱਡਦੇ,
ਦੂਈ ਦੁਵੈਤ ਨੂੰ ਮਨ ਚੋਂ ਕੱਢ੍ਹਦੇ
ਛੱਡ ਬਖੇੜੇ, ਖਾ ਲੈ ਪੇੜੇ,
ਓਹਦੇ ਆਕੇ ਡੇਰੇ ਜਿਸ ਕੀਤਾ ਪੈਦਾ
ਇੱਕ ਵਾਰ ਤੂੰ ਪੜ੍ਹ ਕੇ ਦੇਖ ਲੈ,
ਬੱਸ ਪਿਆਰ ਦਾ ਕਾਇਦਾ।
ਜੋ ਦਿਸਦੈ ਤੈਨੂੰ, ਹੈ ਰੱਬ ਦਾ ਨੂਰ,
ਗੱਲ ਬਾਣੀ ਦੀ ਕਰ ਮਨਜ਼ੂਰ
ਹੋਜਾ ਨੇੜੇ, ਮਾਰ ਨਾ ਗੇੜੇ,
ਮੁੱਕਾ ਦੇ ਝੇੜ੍ਹੇ ਨੇਕੀ ਕਰ ਬਕਾਇਦਾ
'ਕਰਮ ਸਿਹਾਂ' ਤੂੰ ਵੀ ਦੇਖ ਲੈ,
ਪੜ੍ਹਕੇ ਪਿਆਰ ਦਾ ਕਾਇਦਾ।
ਮਿਟ ਜਾਊ ਦੂਰੀ,ਮਿਲੂਗੀ ਚੂਰੀ,
ਛੱਡ ਗ਼ਰੂਰੀ ਕਰ ਤੂੰ ਵਾਇਦਾ
ਇੱਕ ਵਾਰ ਤੂੰ ਪੜ੍ਹ ਕੇ ਦੇਖ ਲੈ,
ਬੱਸ ਪਿਆਰ ਦਾ ਕਾਇਦਾ।

ਇੰਗਲੈਂਡ
00447973934225

## ਨਜ਼ਮ

### ਰਾਜਪਾਲ ਬੋਪਾਰਾਏ



ਰਾਜਪਾਲ ਬੋਪਾਰਾਏ ਟੋਰੰਟੋ, ਕੈਨੇਡਾ ਵੱਸਦਾ ਸੰਜੀਦਾ ਸ਼ਾਇਰ ਹੈ ਉਹਨਾਂ ਦੇ ਕਹਿਣ ਅਨੁਸਾਰ ਸਾਹਿਤ ਨੂੰ ਪੜ੍ਹਨ, ਲਿਖਣ ਦੀ ਚੇਟਕ ਆਪਣੇ ਆਧਿਆਪਕ ਮਾਂ-ਬਾਪ ਤੋਂ ਮਿਲੀ। ਇਹਨਾਂ ਦੀਆਂ ਰਚਨਾਵਾਂ ਵਿਚ ਜਨਮ-ਭੂਮੀ, ਕਰਮ-ਭੂਮੀ ਲਈ ਸਨੇਹ ਝਲਕਦਾ ਹੈ। ਸੱਚ, ਨਿਡਰਤਾ ਅਤੇ ਨਿਰਪੱਖਤਾ ਇਹਨਾਂ ਦੀ ਲੇਖਣੀ ਦਾ ਅਮੀਰੀ ਗੁਣ ਹੈ

### ਸ਼ੁੱਭ ਸੰਦੇਸ਼

ਨਵੇਂ ਸਾਲ ਦੀ ਪੂਰਵ ਸੰਧਿਆ ‘ਤੇ
ਮੈਂ ਕੀ ਇੱਛਾਵਾਂ ਭੇਜਾਂ
ਏਥੇ ਕੁਝ ਵੀ ਨਹੀਂ ਵਾਪਰਦਾ ਆਪਣੀ
ਇੱਛਾ ਅਨੁਸਾਰ
ਨਵੇਂ ਸਾਲ ਦੇ ਪਹਿਲੇ ਦਿਨ
ਕੁਝ ਵੀ ਨਵਾਂ ਨਹੀਂ ਹੋਵੇਗਾ
ਸਾਡੇ ਲੋਕਾਂ ਲਈ
ਕੱਲ ਵੀ ਠਰੂੰ ਠਰੂੰ ਕਰਦਾ ਦਿਨ ਚੜ੍ਹੇਗਾ
ਕੱਲ ਵੀ ਅਖ਼ਬਾਰ ਜ਼ਿਕਰ ਕਰੇਗੀ
ਨਿਹੱਥੀ ਭੀੜ ਉੱਪਰ ਪੁਲਸ ਵੱਲੋਂ
ਚਲਾਈ ਗੋਲੀ ਦਾ
ਤੇ ਅੰਤਰਰਾਸ਼ਟਰੀ ਪੱਧਰ ਉੱਪਰ
ਕੀਤੇ ਜਾ ਰਹੇ ਅਮਨ ਯਤਨਾਂ ਦਾ।
ਰਾਸ਼ਟਰਪਤੀ ਦਾ ਸ਼ੁੱਭ-ਸ਼ੰਦੇਸ਼
ਇਤਿਹਾਸ ਦਾ ਇੱਕ ਹੋਰ ਵਰਕਾ
ਪਲਟ ਦੇਵੇਗਾ
ਤੇ ਅਸੀਂ ਇੱਕ ਸਾਲ ਹੋਰ ਵੱਡੇ ਹੋ
ਜਾਣ ਦਾ ਡਰ ਪਾਲਣਾ ਸ਼ੁਰੂ ਕਰ ਦੇਵਾਂਗੇ
ਨੌਕਰੀ ਲਈ ਉਮਰ ਦੀ ਹੱਦ
ਟੱਪ ਜਾਵਾਂਗੇ
ਤੇ ਫਿਰ ਸਾਡੇ ਗਿਆਨ ਦੀ ਪੰਡ
ਬੁੱਢੇ ਮਾਂ ਬਾਪ ਦਾ ਲੱਕ ਤੋੜ ਦੇਵੇਗੀ।
ਆਪਣੇ ਸਵੈ-ਮਾਣ ਨੂੰ ਜ਼ਲੀਲ ਕਰ
ਆਪਣਾ ਮੁੱਲ ਪਾਉਣ ਲਈ
ਜਦ ਅਸੀਂ ਸੜਕਾਂ ’ਤੇ ਨਿਕਲਾਂਗੇ
ਤਾਂ ਸਾਡੇ ਗਿਆਨ ਦੀ ਪੰਡ
ਸਿਫ਼ਰ ਹੋਵੇਗੀ
ਤੇ ਅਸੀ ਇਸ ਸਿੱਟੇ ’ਤੇ ਪਹੁੰਚਾਂਗੇ
ਕਿ ਜ਼ਿੰਦਗੀ ‘ਪਲਾਨਿੰਗ’ ਦਾ ਨਹੀਂ
ਹਿੱਕ ਦੇ ਜ਼ੋਰ ਦਾ ਨਾਂ ਹੈ
ਭਾਵੇ ਕਿ ਮਾਂ ਦਾ ਹਉਕਾ
ਬਾਪ ਦੀ ਖਾਮੋਸ਼ੀ
ਤੇ ਭਰਾ ਦੀ ਤੱਕਣੀ
ਘਰ ਪਰਤਣ ਵੱਲ ਝਿਜਕ ਬਣਦੀ ਹੈ
ਫਿਰ ਵੀ ਆਪਣੇ ਖੇਤਾਂ ਦੀ ਮਿੱਟੀ
ਮੁਬਾਰਕ ਸਮਝ
ਬੱਗੇ ਢੱਗੇ ਵਾਂਗ ਸਿਰ ਸੁੱਟੀ
ਦਿਨਾਂ ਦਾ ਬੋਝ ਢੋਣਾ ਪੈਣਾ ਹੈ
ਇਸ ਆਸ ’ਤੇ ਕਿ
ਸਾਡੇ ਕਮਰਿਆਂ ਦੇ ਕਲੰਡਰਾਂ ‘ਤੇ
ਸਾਡੇ ਦਿਨ ਵੀ ਅੰਕਿਤ ਹੋਣਗੇ
ਤੇ ਅਸੀ ਇਨ੍ਹਾਂ ਸੰਦੇਸ਼ਾਂ ਦੇ ਅਸਲੀ
ਵਾਰਸ ਹੋਵਾਂਗੇ
ਹਾਲ ਦੀ ਘੜੀ ਤਾਂ ਏਨ੍ਹਾਂ ’ਚੋਂ ਮੈਨੂੰ
ਰਸਮੀ ਭਾਵੁਕਤਾ ਦੀ ਬੋ ਆਉਂਦੀ ਹੈ

**ਟੋਰੰਟੋ, ਕੈਨੇਡਾ**
**+14372206675**

## ਨਜ਼ਮ

### ਗੁਰਿੰਦਰ ਕੌਰ ਗਿੱਲ



ਅੰਮ੍ਰਿਤਸਰ ਦੀ ਜੰਮਪਲ ਤੇ ਅੱਜਕਲ ਮਲੇਸ਼ੀਆ ਵੱਸਦੀ ਗੁਰਿੰਦਰ ਕੌਰ ਗਿੱਲ ਨੂੰ ਹਿੰਦੀ ਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿਚ ਲਿਖਣ ਦੀ ਮੁਹਾਰਤ ਹਾਸਲ ਹੈ। ਸਮਾਜਿਕ ਕਾਰਜ ਕਰਤਾ, ਲੇਖਿਕਾ, ਕਵਿੱਤਰੀ ਵਜੋਂ ਜਾਣੀ ਪਛਾਣੀ ਸ਼ਖਸੀਅਤ ਗੁਰਿੰਦਰ ਐੱਮ ਏ ਐੱਲ ਐੱਲ ਬੀ ਪਾਸ ਹੈ। ਪੰਜਾਬੀ ਵਿੱਚ ਉਸਦੀ ਇੱਕੋ ਕਾਵਿ ਪੁਸਤਕ 'ਉਲਝੇ ਸੁਲਝੇ ਅੱਖਰ' ਛਪੀ ਹੈ। ਦੂਸਰੇ ਕਾਵਿ ਸੰਗ੍ਰਹਿ 'ਫ਼ਕੀਰੀ ਰਮਜ਼ਾਂ ਦੀ' ਉਡੀਕ ਹੈ। ਕਈ ਸੰਸਥਾਵਾਂ ਨਾਲ ਸਬੰਧਿਤ ਇਹ ਕਵਿੱਤਰੀ ਦੇਸ਼ ਬਦੇਸ਼ ਦੀਆਂ ਕਈ ਸੰਸਥਾਵਾਂ ਵੱਲੋਂ ਸਨਮਾਨਿਤ ਹੋ ਚੁੱਕੀ ਹੈ

### ਨਾ ਸਮਝ ਕਲਮ ਨਿਮਾਣੀ

ਨਾ ਸਮਝ ਕਲਮ ਨਿਮਾਣੀ ਮੈਨੂੰ
ਹਰ ਝੂਠੇ ਤੇ ਫ਼ਿਕਰੇ ਕੱਸਾਂਗੀ।
ਚਾਹੇ ਜਿੰਨਾ ਮਰਜ਼ੀ ਕੋਈ ਦਬਾਵੇ
ਮੈਂ ਝੂਠ ਦੇ ਪਰਦੇ ਖੋਲਾਂਗੀ।

ਗੈਰਤ ਨੀਲਾਮ ਕਰੇ ਖਾ ਪੀ
ਹਰਾਮ ਕਰੇ ਹਰਜ਼ਾ ਅਵਾਮ ਭਰੇ,
ਇਹ ਸਭ ਨਾ ਬਰਦਾਸ਼ਤ ਕਰ ਜ਼ਰੂਰ
ਸੱਚ ਦੇ ਹੱਕ 'ਚ ਬੋਲਾਂਗੀ।

ਪੱਥਰ ਦਿਲ ਵਾਲੇ ਜੋ ਜੰਗਲਾਂ ਦੇ ਰਾਜੇ
ਰਹਿਮ ਕਦੇ ਨਾ ਖਾਂਦੇ,
ਮੈਂ ਅੰਨ੍ਹੇ ਬੋਲੇ ਇਸ ਜੰਗਲ ਵਿਚ
ਬਿਜਲੀ ਬਣਕੇ ਕੜਕਾਂਗੀ।

ਦਿਲ ਦੇ ਖੋਟੇ ਮੂੰਹ ਦੇ ਮਿੱਠੇ ਵਾਂਗ
ਫੁੱਲਾਂ ਮੁੱਖੜੇ ਕਰਦੇ ਜੁਮਲੇਬਾਜ਼ੀ,
ਦੁਨੀਆ ਨੂੰ ਗੁੰਮਰਾਹ ਜੋ ਕਰਦੇ
ਕਦੇ ਨਾ ਉਹਨਾਂ ਨੂੰ ਬਖ਼ਸ਼ਾਂਗੀ।

ਦੇਖ ਜ਼ਾਲਮ ਖ਼ੂਨੀ ਰਸਮਾਂ ਰੀਤਾਂ
ਬਣਾਏ ਵਸਦੇ ਸ਼ਹਿਰ ਉਜਾੜੇ,
ਦਾਜ ਲਈ ਜੋ ਧੀਆਂ ਸਾੜਨ
ਉਹਨਾਂ ਦੇ ਪਰਦੇ ਨਾ ਕੱਜਾਂਗੀ।

ਲੋਕਾਂ ਦੀ ਦਰਦ ਕਹਾਣੀ ਆਪਣੀ
ਜਾਪੇ ਲਿਖ ਲਵਾਂ ਮੈਂ ਆਪੇ,
ਦਿਨ ਦਿਹਾੜੇ ਜੋ ਇੱਜ਼ਤ ਲੁੱਟਦੇ
ਫਾਂਸੀ ਉਹਨਾਂ ਨੂੰ ਟੰਗਾਂਗੀ।

ਬਣ ਨਮਾਜ਼ੀ ਪਾਠੀ ਪੰਡਿਤ ਜੋ ਸੱਚੇ
ਰੱਬ ਨੂੰ ਨੇ ਵੰਡਦੇ ਫਿਰਦੇ,
ਕੌਣ ਹੈ ਕਾਫ਼ਿਰ ਕੌਣ ਹੈ ਸੱਚਾ
ਮੈਂ ਲਿਖ ਕਲਮ ਨਾਲ ਦੱਸਾਂਗੀ।

**ਮਲੇਸ਼ੀਆ**
**+91 82686 18888**

## .ਗ਼ਜ਼ਲ

### ਦਿਲਬਾਗ ਸਿੰਘ ਖਹਿਰਾ



ਖਡੂਰ ਸਾਹਿਬ ਦੀ ਧਰਤੀ ਦੇ ਜੰਮਪਲ ਦਿਲਬਾਗ ਸਿੰਘ ਖਹਿਰਾ 2000 ਤੋਂ ਇਟਲੀ ਦੇ ਵਾਸੀ ਹਨ। ਕਵਿਤਾ, ਗੀਤ ਅਤੇ ਕਹਾਣੀ ਉਹਨਾਂ ਦੀ ਸਾਹਿਤ ਸਿਰਜਣਾ ਦੀ ਮਨਪਸੰਦ ਵਿਧਾ ਹੈ। ਉਹ ਯੂਰਪ ਦੀਆਂ ਅਖ਼ਬਾਰਾਂ, ਮੈਗਜ਼ੀਨਾਂ, ਰਸਾਲਿਆਂ ਵਿਚ ਆਪਣੀਆਂ ਕਵਿਤਾਵਾਂ, ਗੀਤਾਂ ਰਾਹੀਂ ਨਿਰੰਤਰ ਪਾਠਕਾਂ ਸਨਮੁੱਖ ਹੁੰਦੇ ਰਹਿੰਦੇ ਹਨ। ਇਟਲੀ ਦੇ ਇਸ ਲੇਖਕ ਤੋਂ ਭਵਿੱਖ ਵਿਚ ਸਾਨੂੰ ਬਹੁਤ ਉਮੀਦਾਂ ਹਨ

### ਦਿਲ ਦੀ ਹੂਕ

ਦਿਲ ਡਾਢੇ ਨੂੰ ਤੋੜ ਨਾ ਦੇਵੀਂ,
ਪਿਆਰ ਦੇ ਕੰਢੇ ਖ਼ੋਰ ਨਾ ਦੇਵੀਂ।

ਤੈਨੂੰ ਦੇਖ ਕੇ ਜਿਉਂਦੇ ਸੱਜਣਾ,
ਆਸਾਂ ਨੂੰ ਤੂੰ ਰੋੜ ਨਾ ਦੇਵੀਂ।

ਤੇਰੀ ਫ਼ੋਟੋ ਨੂੰ ਹੀ ਤੱਕਦੇ ਰਹੀਏ,
ਸੁਰਤੀ ਹੋਰ ਥਾਂ ਜੋੜ ਨਾ ਦੇਵੀਂ।

ਚਲਦੇ ਕਦਮ ਜੋ ਤੇਰੇ ਵੱਲ ਨੂੰ,
ਦੂਜੇ ਰਸਤੇ ਮੋੜ ਨਾ ਦੇਵੀਂ।


ਦੁੱਖਾਂ ਦੇ ਵਿਚ ਮੜੇ ਪਏ ਹਾਂ,
ਐਵੇਂ ਦੁਖੜੇ ਹੋਰ ਨਾ ਦੇਵੀਂ।

ਸੋਚਾਂ ਦੇ ਵਿੱਚ ਖ਼ੂਨ ਘੱਟ ਗਿਆ,
ਰਹਿੰਦਾ ਵੀ ਨਿਚੋੜ ਨਾ ਦੇਵੀਂ।

ਇਕੱਠੇ ਰਹਿ ਕੇ ਜਿੰਦਗੀ ਕੱਟੀ ਏ,
ਦੂਰ ਰਹਿਣ ਤੇ ਜੋਰ ਨਾ ਦੇਵੀਂ।

ਤੇਰੇ ਨਾਲ ਦਿਲਬਾਗ ਬਹਾਰਾਂ,
ਚੁਭਣ ਲਈ ਕੰਡੇ ਥੋਰ ਨਾ ਦੇਵੀਂ।

ਇਟਲੀ
+393404983798



ਕਹਾਣੀ

# ਅੱਤਵਾਦੀ


## ਸੁਰਜੀਤ ਸਿੰਘ ਔਲਖ



ਸੁਰਜੀਤ ਸਿੰਘ ਔਲਖ ਦੀ ਕਰਮਭੂਮੀ ਮੈਲਬੌਰਨ ਆਸਟਰੇਲੀਆ ਹੈ। 'ਆਖਰੀ ਵਿਆਹ' ਉਸਦਾ ਪਲੇਠਾ ਕਹਾਣੀ ਸੰਗ੍ਰਹਿ ਹੈ। ਕਿੱਤੇ ਵੱਜੋਂ ਉਹ ਟਰਾਂਸਪੋਰਟ ਅਤੇ ਇੰਮੀਗ੍ਰੇਸ਼ਨ ਮਹਿਕਮੇ ਨਾਲ ਜੁੜਿਆ ਹੋਇਆ ਹੈ ਇਸ ਦੇ ਨਾਲ ਨਾਲ ਉਹ ਰੋਜ਼ਾਨਾ ਪਹਿਰੇਦਾਰ(ਲੁਧਿਆਣਾ), ਦੇਸ਼ ਸੇਵਕ (ਚੰਡੀਗੜ੍ਹ), ਐਨ. ਜੈੱਡ ਪੰਜਾਬੀ ਨਿਊਜ(ਨਿਊਜੀਲੈਂਡ), ਦੇਸੀ ਇੰਜਣ(ਮੈਲਬੌਰਨ) ਅਖ਼ਬਾਰਾਂ ਲਈ ਪੱਤਰਕਾਰਤਾ ਵੀ ਕਰਦਾ ਹੈ। ਪੰਜਾਬੀ ਸੱਭਿਆਚਾਰਕ ਕੇਂਦਰ ਮੈਲਬੌਰਨ ਦਾ ਉਹ ਜਨਰਲ ਸਕੱਤਰ ਅਤੇ ਪੰਜਾਬੀ ਪ੍ਰੈੱਸ ਕਲੱਬ ਮੈਲਬੌਰਨ ਦਾ ਫਾਊਂਡਰ ਮੈਂਬਰ ਹੈ

ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਗਮ ਚੱਲ ਰਿਹਾ ਸੀ। ਚਾਰੇ ਪਾਸੇ ਖੂਬ ਚਹਿਲ ਪਹਿਲ ਸੀ। ਸਭਿਆਚਾਰਕ ਪ੍ਰੋਗਰਾਮ ਦੀ ਸਮਾਪਤੀ ਤੇ ਜਦੋਂ ਮੁੱਖ ਅਧਿਆਪਕ ਸ਼ਰਮਾ ਜੀ ਨੇ ਗੁਰਜੰਟ ਦਾ ਨਾਂ ਅਨਾਊਂਸ ਕੀਤਾ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਬਾਰਵੀਂ ਜਮਾਤ ਵਿੱਚੋਂ ਗੁਰਜੰਟ ਪਹਿਲੇ ਨੰਬਰ 'ਤੇ ਆਇਆ ਹੈ ਤਾਂ ਅਜੀਤ ਸਿੰਹੁ ਮਾਣ ਨਾਲ ਦੂਣਾ ਹੋ ਗਿਆ। ਸਮਾਗਮ ਦੇ ਮੁੱਖ ਮਹਿਮਾਨ ਡੀ. ਐਸ. ਪੀ. ਸ. ਸੰਧੂ ਨੇ ਗੁਰਜੰਟ ਦਾ ਮੋਢਾ ਥਾਪੜਦਿਆਂ ਸ਼ਾਬਾਸ਼ ਦਿੱਤੀ ਕਿ 'ਬੇਟਾ ਤੁਸੀਂ ਸਾਡੇ ਦੇਸ਼ ਦਾ ਭਵਿੱਖ ਹੋ, ਸਾਨੂੰ ਤੁਹਾਡੇ ਵਰਗੇ ਹੋਣਹਾਰ ਬੱਚਿਆਂ 'ਤੇ ਬੜਾ ਮਾਣ ਏ। ਮੁੱਖ ਅਧਿਆਪਕ ਸ਼ਰਮਾ ਜੀ ਨੇ ਗੁਜ਼ਾਰਿਸ਼ ਕੀਤੀ ਕਿ ਜੇਕਰ ਗੁਰਜੰਟ ਦੇ ਪਿਤਾ ਜੀ ਵੀ ਇਸ ਸਮਾਗਮ ਵਿੱਚ ਹਾਜ਼ਰ ਹਨ ਤਾਂ ਕ੍ਰਿਪਾ ਕਰਕੇ ਉਹ ਵੀ ਸਟੇਜ 'ਤੇ ਆਉਣ ਕਿਉਂਕਿ ਉਹ ਵੀ ਗੁਰਜੰਟ ਦੀ ਤਰ੍ਹਾਂ ਹੀ ਸਨਮਾਨ ਦੇ ਪਾਤਰ ਹਨ, ਜਿੰਨ੍ਹਾਂ ਦਾ ਬੇਟਾ ਇੱਕ ਮੱਧਵਰਗੀ ਕਿਸਾਨ ਪਰਿਵਾਰ ਵਿੱਚੋਂ ਉੱਠ ਕੇ ਵਿੱਦਿਆ ਦੇ ਖੇਤਰ ਵਿੱਚ ਮੱਲਾਂ ਮਾਰ ਰਿਹਾ ਹੈ। ਡੀ. ਐਸ. ਪੀ. ਸਾਹਬ ਨੇ ਬੜੀ ਗਰਮਜੋਸ਼ੀ ਨਾਲ ਅਜੀਤ ਸਿੰਘ ਨਾਲ ਹੱਥ ਮਿਲਾਇਆ ਤੇ ਹਦਾਇਤ ਕੀਤੀ ਕਿ ਉਹ ਗੁਰਜੰਟ ਨੂੰ ਵੱਧ ਤੋਂ ਵੱਧ ਉਚੇਰੀ ਵਿੱਦਿਆ ਦਿਵਾਏ। ਤੁਹਾਡਾ ਬੇਟਾ ਜ਼ਰੂਰ ਇੱਕ ਨਾ ਇੱਕ ਦਿਨ ਦੇਸ਼ ਦਾ ਨਾਂ ਰੌਸ਼ਨ ਕਰੇਗਾ। ਡੀ. ਐਸ. ਪੀ. ਸਾਹਬ ਨੇ ਗੁਰਜੰਟ ਨੂੰ ਪੁੱਛਿਆ ਕਿ "ਬੇਟਾ ਤੂੰ ਵੱਡਾ ਹੋ ਕੇ ਕੀ ਕਰਨਾ ਪਸੰਦ ਕਰੇਂਗਾ ?" ਤਾਂ ਗੁਰਜੰਟ ਨੇ ਕਿਹਾ 'ਸਰ ਮੈਂ ਵੀ ਤੁਹਾਡੇ

ਵਾਂਗ ਹੀ ਪੁਲਿਸ ਅਫ਼ਸਰ ਬਣਕੇ ਦੇਸ਼ ਦੀ ਸੇਵਾ ਕਰਨਾ ਚਾਹੁੰਦਾ ਹਾਂ। ਸਕੂਲ ਤੋਂ ਬਾਅਦ ਗੁਰਜੰਟ ਨੇ ਕਾਲਜ ਵਿੱਚ ਦਾਖ਼ਲਾ ਲੈ ਲਿਆ। ਭਾਵੇਂ ਉਸਨੂੰ ਆਪਣੇ ਪਿਤਾ ਦੇ ਨਾਲ ਖੇਤੀ ਵਿੱਚ ਸਾਰਾ ਹੱਥ ਵਟਾਉਣਾ ਪੈਂਦਾ ਸੀ ਪਰ ਫਿਰ ਵੀ ਸਖ਼ਤ ਮਿਹਨਤ ਸਦਕਾ ਪੋਸਟ-ਗਰੈਜੂਏਸ਼ਨ ਤੱਕ ਉਸਨੇ ਟਾਪਰ ਦੀ ਕੁਰਸੀ ਨਾ ਜਾਣ ਦਿੱਤੀ। ਅਜੀਤ ਸਿੰਘ ਹੁਣ ਕਾਫੀ ਬਜ਼ੁਰਗ ਹੋ ਚੁੱਕਾ ਸੀ ਤੇ ਗੁਰਜੰਟ ਤੋਂ ਵੱਡੀਆਂ ਚਾਰ ਧੀਆਂ ਦੇ ਵਿਆਹ ਕਰਦਿਆਂ-ਕਰਦਿਆਂ ਉਸ ਦੀ ਕਰਜ਼ੇ ਦੀ ਪੰਡ ਸਖਤ ਕਮਾਈਆਂ ਦੇ ਬਾਵਜੂਦ ਵੀ ਦਿਨੋ ਦਿਨ ਭਾਰੀ ਹੁੰਦੀ ਚੱਲੀ ਜਾ ਰਹੀ ਸੀ। ਅਜੀਤ ਸਿੰਘ ਚਾਹੁੰਦਾ ਸੀ ਕਿ ਹੁਣ ਗੁਰਜੰਟ ਨੂੰ ਕੋਈ ਨੌਕਰੀ ਮਿਲ ਜਾਏ ਤੇ ਉਸਦੇ ਸਿਰ ਤੋਂ ਕਰਜੇ ਤੇ ਵਿਆਜ ਦਾ ਬੋਝ ਹਲਕਾ ਹੋ ਜਾਏ। ਗੁਰਜੰਟ ਨੇ ਕਾਲਜ ਛੱਡ ਦਿੱਤਾ ਤੇ ਖੇਤੀ ਦੇ ਨਾਲ-ਨਾਲ ਨੌਕਰੀ ਦੀ ਤਲਾਸ਼ ਵਿੱਚ ਰੋਜ਼ ਹੀ ਕਿਸੇ ਨਾ ਕਿਸੇ ਪਾਸੇ ਭੱਜਿਆ ਰਹਿੰਦਾ ਪਰ ਹਰ ਥਾਂ ਤੋਂ ਨਿਰਾਸ਼ਾ ਹੀ ਪੱਲੇ ਪੈਂਦੀ।ਗੁਰਜੰਟ ਨੇ ਪਿਤਾ ਜੀ ਨੂੰ ਦਿਲਾਸਾ ਦਿੱਤਾ ਕਿ “ਉਹ ਪੂਰੀ ਤਨਦੇਹੀ ਨਾਲ ਖੇਤੀ ਕਰੇਗਾ ਤੇ ਨਾਲ-ਨਾਲ ਨੌਕਰੀ ਦੀ ਤਲਾਸ਼ ਵੀ ਜਾਰੀ ਰੱਖੇਗਾ, ਜ਼ਰੂਰ ਇੱਕ ਨਾ ਇੱਕ ਦਿਨ ਕੰਮ ਬਣ ਜਾਵੇਗਾ। ਇੰਝ ਕਰਦਿਆਂ ਦਿਨ, ਮਹੀਨੇ ਤੇ ਸਾਲ ਬੀਤਦੇ ਗਏ ਪਰ ਅਜੀਤ ਸਿੰਘ ਦੀ ਆਸ ਦੀ ਚਮਕ ਮੱਧਮ ਹੋ ਗਈ।




ਇੱਕ ਦਿਨ ਸ਼ਾਮ ਦੇ ਘੁਸ-ਮੁਸੇ ਵਿੱਚ ਕਿਸੇ ਨੇ ਅਜੀਤ ਸਿੰਘ ਦੇ ਘਰ ਦਾ ਦਰਵਾਜ਼ਾ ਖੜਕਾਇਆ। ਗੁਰਜੰਟ ਨੇ ਦਰਵਾਜਾ ਖੋਲਿਆ ਤਾਂ ਛੇ-ਸੱਤ ਹਥਿਆਰਬੰਦ ਨੌਜਵਾਨਾਂ ਜਿਨਾਂ ਨੇ ਆਪਣੇ ਮੂੰਹ ਪਰਨੇ ਨਾਲ ਲਵੇਟੇ ਸਨ, ਧੁੱਸ ਦੇ ਕੇ ਅੰਦਰ ਆ ਗਏ। ਇਸ ਤੋਂ ਪਹਿਲਾਂ ਕਿ ਗੁਰਜੰਟ ਕੁਝ ਬੋਲਦਾ ਉਹਨਾਂ ਨੇ ਇਸ਼ਾਰੇ ਨਾਲ ਗੁਰਜੰਟ ਨੂੰ ਚੁੱਪ ਰਹਿਣ ਦੀ ਹਦਾਇਤ ਕਰਦਿਆਂ ਦਰਵਾਜ਼ਾ ਬੰਦ ਕਰ ਦਿੱਤਾ ਤੇ ਕਿਹਾ “ਜਵਾਨਾਂ ਡਰ ਨਾ, ਅਸੀਂ ਵੀ ਤੁਹਾਡੇ ਆਪਣੇ ਹੀ ਭਰਾ ਹਾਂ। ਸਫ਼ਰ ਕਰਕੇ ਬੁਰੀ

ਤਰ੍ਹਾਂ ਥੱਕੇ-ਟੁੱਟੇ ਹਾਂ ਤੇ ਭੁੱਖ ਨਾਲ ਜਾਨ ਨਿਕਲ ਰਹੀ ਹੈ। ਘਰ ਅਸੀਂ ਪਿੰਡ ਤੋਂ ਜ਼ਰਾ ਹੱਟਵਾਂ ਤੇ ਸੁਰੱਖਿਅਤ ਵੇਖ ਕੇ ਏਥੇ ਰੋਟੀ ਖਾਣੀ ਤੇ ਬਸ ਰਾਤ ਕੋਟਣੀ ਏ ਤੇ ਦਿਨ ਦਾ ਚੜ੍ਹਾਅ ਹੋਣ ਤੋਂ ਪਹਿਲਾਂ ਹੀ ਅਸੀਂ ਏਥੋਂ ਚਲੇ ਜਾਵਾਂਗੇ।'' ਅਣਮੰਨੇ ਮਨ ਨਾਲ ਗੁਰਜੰਟ ਨੇ ਆਪਣੀ ਮਾਤਾ ਨਾਲ ਖੁਦ ਰੋਟੀਆਂ ਪਕਾਈਆਂ ਤੇ ਉਹਨਾਂ ਨੂੰ ਖਵਾਉਣ ਤੋਂ ਬਾਅਦ ਬਾਹਰ ਵੱਲ ਦੀ ਬੈਠਕ 'ਚ ਬਿਸਤਰੇ ਲਾ ਦਿੱਤੇ । ਬਿਨ-ਬੁਲਾਏ ਮਹਿਮਾਨ ਤਾਂ ਰੋਟੀ ਖਾਂਦਿਆਂ ਸਾਰ ਹੀ ਸੌਂ ਗਏ ਪਰ ਅਜੀਤ ਸਿੰਹੁ ਤੇ ਉਸਦੀ ਘਰਵਾਲੀ ਕਰਮ ਕੌਰ ਸਾਰੀ ਰਾਤ ਰੱਬ ਅੱਗੇ ਅਰਜ਼ੋਈਆਂ ਕਰਦੇ ਰਹੇ ਕਿ ਵਾਹਿਗੁਰੂ ਮਿਹਰ ਕਰੀ ਏਹ ਸੁੱਖ-ਸੁੱਖਾਂ ਨਾਲ ਸਾਡੇ ਘਰੋਂ ਚਲੇ ਜਾਣ ਤੇ ਕਿਸੇ ਨੂੰ ਪਤਾ ਨਾ ਲੱਗੇ। ਤੜਕੇ ਚਾਰ ਵਜੇ ਜਦੋਂ ਗੁਰਦੁਆਰੇ ਤੋਂ ਭਾਈ ਸਾਹਬ ਨੇ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁਰੂ ਕੀਤਾ ਤਾਂ ਸਪੀਕਰ ਦੀ ਆਵਾਜ਼ ਸੁਣ ਕੇ ਮਹਿਮਾਨ ਹੜ-ਬੜਾ ਕੇ ਉੱਠੇ। ਕਰਮ ਕੌਰ ਨੇ ਉਹਨਾਂ ਅੱਗੇ ਹੱਥ ਜੋੜਦਿਆਂ ਅਰਜ਼ ਕੀਤੀ ''ਪੁੱਤਰੋ ਸਾਡੇ ਬੁਢੇਪੇ ਦਾ ਸਹਾਰਾ ਆਹ ਸਾਡਾ ਇੱਕੋ-ਇੱਕ ਪੁੱਤ ਹੀ ਹੈ। ਵੇਖਿਓ ਕਿਤੇ ਇਹਦੇ ਵਾਸਤੇ ਮੁਸੀਬਤ ਨਾ ਖੜੀ ਹੋ ਜੇ। ਤੁਸੀਂ ਮੇਰੇ ਬੀਬੇ ਪੁੱਤ ਬਣ ਕੇ ਹੁਣ ਚਲੇ ਜਾਓ।'' ''ਮਾਤਾ ਫਿਕਰ ਨਾ ਕਰ ਤੇਰੇ ਪੁੱਤ ਨੂੰ ਕੁਝ ਨਹੀਂ ਹੁੰਦਾ। ਅਸੀਂ ਵੀ ਹਾਲਾਤਾਂ ਦੇ ਮਾਰੇ ਹੀ ਅਸਾਲਟਾਂ ਚੁੱਕੀ ਫਿਰਦੇ ਹਾਂ, ਸਾਨੂੰ ਕੋਈ ਸ਼ੌਂਕ ਨਹੀਂ ਘਰੋਂ ਬੇ-ਘਰ ਹੋਣ ਦਾ, ਤੇ ਹਾਂ ਜੇ ਕਿਸੇ ਨੇ ਕੰਨ 'ਵਾਜ਼ ਪਈ ਕਿ ਅਸੀਂ ਕੌਣ ਸੀ ਤੇ ਕਿੱਥੋਂ ਆਏ ਤੇ ਕਿੱਧਰ ਨੂੰ ਗਏ ਤਾਂ ਜਵਾਨ ਪੁੱਤ ਕੋਲੋਂ ਬੁਢਾਪੇ 'ਚ ਸਹਾਰੇ ਦੀ ਆਸ ਨਾ ਰੱਖਿਓ'' ਨੌਜਵਾਨਾਂ ਦੇ ਮੁਖੀ ਨੇ ਪਰਨੇ ਨਾਲ ਮੂੰਹ ਢੱਕਦਿਆਂ ਕਰਮ ਕੌਰ ਨੂੰ ਨਸੀਹਤ ਕਰ ਦਿੱਤੀ। ਮਿੰਟਾਂ ਵਿੱਚ ਹੀ ਆਪਣਾ ਲਾਮ-ਲਸ਼ਕਰ ਸਾਂਭ ਕੇ ਉਹ ਨੌਜਵਾਨ ਕਮਾਦ ਦੇ ਖੇਤਾਂ ਵਿੱਚ ਅਲੋਪ ਹੋ ਗਏ। ਦੋ-ਤਿੰਨ ਘੰਟੇ ਅੱਖ ਲਾ ਕੇ ਅਜੀਤ ਸਿੰਹੁ ਜਦੋਂ ਉੱਠਿਆ ਤਾਂ ਮੱਝਾਂ ਚੋਣ ਵਿੱਚ ਕਾਫ਼ੀ ਦੇਰ ਹੋ ਚੁੱਕੀ ਸੀ। ਅਜੀਤ ਸਿੰਹੁ ਨੇ ਬਾਲਟੀ ਫੜੀ ਤੇ ਧਾਰ ਕੱਢਣ ਲਈ ਹਵੇਲੀ ਵੱਲ ਹੋ ਤੁਰਿਆ। ਕਰਮ ਕੌਰ 'ਵਾਹਗੁਰੂ-ਵਾਹਗੁਰੂ' ਕਰਦੀ ਦੁੱਧ ਰਿੜਕਣ ਲੱਗ ਪਈ। ਗੁਰਜੰਟ ਖੁਰਲੀ ਵਿੱਚ ਤੂੜੀ ਸੁੱਟ ਕੇ ਬਹਿਕ ਤੋਂ ਸੌ ਡੇਢ ਸੌ ਗਜ਼ ਹੱਟਵੀਂ ਪੈਲੀ ਵਿੱਚੋਂ ਪੱਠੇ ਵੱਢਣ ਚਲਾ ਗਿਆ। ਏਨੇ ਨੂੰ ਕਰਮ ਕੌਰ ਦੇ ਕੰਨਾਂ ਵਿੱਚ ਪੁਲਿਸ ਦੀ ਜਿਪਸੀ ਦੇ ਹੂਟਰ ਦੀ 'ਵਾਜ਼ ਪਈ ਤੇ ਉਹ ਹਫਦੀ ਹੋਈ ਅਜੀਤ ਸਿੰਹੁ ਵੱਲ ਹਵੇਲੀ ਨੂੰ ਭੱਜ ਤੁਰੀ। ਇਸ ਤੋਂ ਪਹਿਲਾਂ ਕਿ ਅਜੀਤ ਸਿਹੁ ਤੇ ਕਰਮ ਕੌਰ ਭੱਜ ਕੇ ਗੁਰਜੰਟ ਤੱਕ ਪੱਠਿਆਂ ਵਾਲੀ ਪੈਲੀ ਤੱਕ ਪਹੁੰਚਦੇ, ਪੁਲਿਸ ਨੇ ਆਉਂਦੇ ਸਾਰ ਹੀ ਗੁਰਜੰਟ ਨੂੰ ਢਾਹ ਕੇ ਦੋਵੇਂ ਬਾਹਵਾਂ ਨਰੜ ਕੇ, ਅੱਖਾਂ ਤੇ ਪਰਨਾ ਬੰਨ ਕੇ ਜਿਪਸੀ

’ਚ ਸੁੱਟ ਲਿਆ। ਅਜੀਤ ਸਿੰਹੁ ਤੇ ਕਰਮ ਕੌਰ ਨੇ ਭੱਜ ਕੇ ਇੰਸਪੈਕਟਰ ਦੇ ਪੈਰ ਫੜ ਲਏ ਤੇ ਵਾਸਤੇ ਪਾਏ ਕੇ “ਮੋਤੀਆਂ ਵਾਲਿਓ ਸਾਨੂੰ ਏਹ ਤੇ ਦੱਸ ਦਿਓ ਕਿ ਏਹਦਾ ਕਸੂਰ ਕੀ ਏ ? ਤੇ ਇਹਨੂੰ ਕਿੱਥੇ ਲੈ ਕੇ ਜਾ ਰਹੇ ਹੋ ?” “ਜਵਾਈਆਂ ਨੂੰ ਘਰੇ ਰੱਖ ਕੇ ਰੋਟੀਆਂ ਖਵਾਉਂਦੇ ਓ ਤੇ ਪੁੱਛਦੇ ਹੋ ਕਿ ਏਹਦਾ ਕਸੂਰ ਕੀ ਏ !” ਇੰਸਪੈਕਟਰ ਨੇ ਕਰਮ ਕੌਰ ਨੂੰ ਧੱਕਾ ਮਾਰ ਕੇ ਪਿਛਾਂਹ ਸੁੱਟਦਿਆਂ ਮੋਟੀ ਗਾਲ਼ ਕੱਢੀ ਤੇ ਛੇਤੀ ਨਾਲ ਜਿਪਸੀ ’ਚ ਜਾ ਬੈਠਾ। ਅੱਖ ਦੇ ਫੋਰ ’ਚ ਗੱਡੀਆਂ ਧੂੜ ਉਡਾਉਂਦੀਆਂ ਕੱਚੇ ਪਹੇ ਦੇ ਘੱਟੇ ’ਚ ਗੁਆਚ ਗਈਆਂ। ਲਿਲਕੜੀਆਂ ਕੱਢਦੀ ਕਰਮ ਕੌਰ ਨੂੰ ਅਜੀਤ ਸਿੰਹੁ ਨੇ ਬਾਂਹ ਤੋਂ ਫੜ ਕੇ ਉਠਾਇਆ ਤੇ ਹੌਂਸਲਾ ਰੱਖਣ ਲਈ ਕਿਹਾ। ਛੇਤੀ ਨਾਲ ਅਜੀਤ ਸਿੰਹੁ ਨੇ ਸਾਈਕਲ ਚੁੱਕਿਆ ਤੇ ਪਿੰਡ ਦੇ ਸਰਪੰਚ ਵੱਲ ਵਾਹੋ ਦਾਹੀ ਭੱਜ ਤੁਰਿਆ। ਏਧਰ ਗੁਰਜੰਟ ਨੂੰ ਥਾਣੇ ਲਿਜਾਂਦਿਆਂ ਸਾਰ ਹੀ ਇੰਨਟੈਰੋਗੇਸ਼ਨ ਰੂਮ ’ਚ ਲੈ ਗਏ। ਚਾਰ-ਪੰਜ ਮੋਟੇ-ਮੋਟੇ ਢਿੱਡਾਂ ਵਾਲੇ ਹੌਲਦਾਰਾਂ ਤੇ ਸਿਪਾਹੀਆਂ ਨੇ ਉਸਨੂੰ ਕੁੱਤਿਆਂ ਦੀ ਤਰ੍ਹਾਂ ਰੋਲ ਦਿੱਤਾ। ਇੱਕ ਹੌਲਦਾਰ ਨੇ ਉਸਨੂੰ ਕੇਸਾਂ ਤੋਂ ਫੜ੍ਹ ਕੇ ਸੁੱਟ ਲਿਆ ਤੇ ਦੋ ਜਣਿਆਂ ਨੇ ਇੱਕ ਲੱਤ ਏਧਰੋਂ ਫੜੀ ਤੇ ਇੱਕ ਓਧਰੋਂ ਤੇ ਏਨੇ ਜ਼ੋਰ ਨਾਲ ਖਿਚਿਆ ਕਿ ਗੁਰਜੰਟ ਦੀਆਂ ਦਹਾੜਾਂ ਅਸਮਾਨ ਤੱਕ ਨਿਕਲ ਗਈਆਂ। ਗੁਰਜੰਟ ਨੂੰ ਮੂਧਾ ਲੰਮਾ ਪਾ ਕੇ ਦੋ ਜਣੇ ਉਸਦੇ ਉਪੱਰ ਬੈਠ ਗਏ ਤੇ ਇੱਕ ਨੇ ਪੈਰਾਂ ਤੋਂ ਫੜ ਕੇ ਪੈਰਾਂ ਦੀਆਂ ਤਲੀਆਂ ਉੱਪਰ ਨੂੰ ਕਰ ਦਿੱਤੀਆਂ ਤੇ ਦੂਜੇ ਨੇ ਏਨੇ ਜ਼ੋਰ ਨਾਲ ਬੇਸਬਾਲ ਵਰਗੇ ਸੋਟੇ ਨਾਲ ਸੱਟਾਂ ਮਾਰੀਆਂ ਕਿ ਉਸਦੀਆਂ ਦੋਵੇਂ ਤਲੀਆਂ ਪਾਟ ਗਈਆਂ। ਏਨੇ ਨੂੰ ਇੱਕ ਨੇ ਮੋਚਨੇ ਵਰਗਾ ਔਜ਼ਾਰ ਲਿਆਂਦਾ ਤੇ ਪੈਰਾਂ ਦੇ ਨੋਂਹ ਇੰਝ ਖਿੱਚ ਦਿੱਤੇ ਜਿਵੇਂ ਕੁੱਤੇ ਹੱਡਾ ਰੋੜੀ ਵਿੱਚ ਕਿਸੇ ਮਰੇ ਹੋਏ ਜਾਨਵਰ ਨੂੰ ਨੋਚਦੇ ਨੇ। ਗੁਰਜੰਟ ਲਈ ਇਹ ਪੀੜਾ ਇੰਨੀ ਅਸਹਿ ਸੀ ਕਿ ਉਹ ਬੇ-ਹੋਸ਼ ਹੋ ਗਿਆ। “ਹੋਸ਼ ਆ ਲੈਣ ਦਿਓ ਸਾਲੇ ਨੂੰ, ਤਦ ਤੱਕ ਦੋ-ਦੋ ਪੈਗ ਹੋਰ ਲਾ ਲਈਏ ” ਹੌਲਦਾਰ ਨੇ ਸਿਰ ਵਿੱਚ ਰੁੱਡ ਮਾਰਦਿਆਂ ਨਾਲ ਵਾਲਿਆਂ ਨੂੰ ਕਿਹਾ ਤੇ ਚਾਰੇ-ਪੰਜੇ ਜਣੇ ਬਾਹਰ ਆ ਕੇ ਪੈੱਗ ਲਾਉਣ ਲੱਗ ਪਏ। ਦੋ-ਤਿੰਨ ਘੰਟਿਆਂ ਬਾਅਦ ਜਦੋਂ ਇਕ ਸਿਪਾਹੀ ਨੇ ਗੁਰਜੰਟ ਦੇ ਮੂੰਹ ’ਚ ਦੋ-ਚਾਰ ਚਮਚੇ ਪਾਣੀ ਦੇ ਪਾਏ ਤਾਂ ਉਸਨੂੰ ਮਾੜੀ ਜਿਹੀ ਸੁਰਤ ਆਈ। ਹੁਣ ਇਕ ਇੰਸਪੈਕਟਰ, ਦੋ ਏ. ਐਸ. ਆਈ. ਤੇ ਇੱਕ ਹੌਲਦਾਰ ਹੋਰ ਉੱਥੇ ਆ ਧਮਕੇ। ਬੁਰੀ ਤਰ੍ਹਾਂ ਕਰਾਹ ਰਹੇ ਗੁਰਜੰਟ ਨੂੰ ਵਾਲਾਂ ਤੋਂ ਫੜਕੇ ਇੰਸਪੈਕਟਰ ਨੇ ਉਹਦਾ ਮੂੰਹ ਉਤਾਂਹ ਚੁੱਕਿਆ ਤੇ ਪੁੱਛਿਆ “ਦੱਸ ਤੇਰਾ ਕਿਹੜੇ ਅੱਤਵਾਦੀ ਗਿਰੋਹ ਨਾਲ ਸੰਬੰਧ ਏ ?” ਤੇਰੇ ਕੋਲ ਕਿੰਨੇ ਹਥਿਆਰ ਨੇ ਤੇ ਕਿੱਥੇ ਛੁਪਾ ਕੇ ਰੱਖੇ ਨੇ ? ਤੇ ਟਰੇਨਿੰਗ ਕਿਥੋਂ ਲਈ

ਏ ਤੇ ਪਾਕਿਸਤਾਨ ਕਿੰਨੀ ਵਾਰ ਜਾਂ ਆਇਆਂ ਏ? ਇਸਪੈਕਟਰ ਜਿਉਂ-ਜਿਉਂ ਸਵਾਲ ਪੁੱਛੀ ਜਾ ਰਿਹਾ ਸੀ ਤਿਉਂ-ਤਿਉਂ ਗੁੱਸੇ ਵਿੱਚ ਲਾਲ ਹੋ ਕੇ ਵਾਲ ਹੋਰ ਖਿੱਚੀ ਜਾ ਰਿਹਾ ਸੀ। ਗੁਰਜੰਟ ਨੂੰ ਲੱਗ ਰਿਹਾ ਸੀ ਕਿ ਉਹਦੇ ਸਾਹਾਂ ਦੀ ਲੜੀ ਟੁੱਟਦੀ ਜਾ ਰਹੀ ਹੈ। ਬੜੀ ਮੁਸ਼ਕਲ ਨਾਲ ਗਲਾ ਤਰ ਕਰਕੇ ਉਹ ਲਿਲਕੜੀਆਂ ਕੱਢ ਰਿਹਾ ਸੀ ਕਿ ਉਸਨੂੰ ਕੁਝ ਨਹੀਂ ਪਤਾ। ਉਹ ਬੇ-ਕਸੂਰ ਏ ਤੇ ਕਿਸੇ ਵੀ ਅੱਤਵਾਦੀ ਸੰਗਠਨ ਨਾਲ ਉਹਦਾ ਵਾਹ-ਵਾਸਤਾ ਤੱਕ ਨਹੀਂ ਏ। ਇੰਸਪੈਕਟਰ ਨੇ ਗੁੱਸੇ ’ਚ ਆ ਕੇ ਗੁਰਜੰਟ ਦਾ ਮੂੰਹ ਪਾਣੀ ’ਚ ਡੋਬ ਦਿੱਤਾ ਤੇ ਗਾਲਾਂ ਦੀ ਲੜੀ ਲਾ ਦਿੱਤੀ। “ਸਾਲੇ ਜਵਾਈਆਂ ਨੂੰ ਘਰਾਂ ’ਚ ਸਾਂਭਦੇ ਨੇ, ਰੋਟੀਆਂ ਖਵਾਉਂਦੇ ਨੇ, ਚਾਹਵਾਂ ਪਿਆਉਂਦੇ ਨੇ ਤੇ ਆਂਹਦਾ ਕਿਸੇ ਅੱਤਵਾਦੀ ਨਾਲ ਕੋਈ ਸਬੰਧ ਨਹੀਂ।” ਜਦੋਂ ਗੁਰਜੰਟ ਤੜਫ ਕੇ ਛੜੀਆਂ ਮਾਰਨ ਲੱਗਾ ਤਾਂ ਉਹਦਾ ਮੂੰਹ ਪਾਣੀ ’ਚੋਂ ਬਾਹਰ ਕੱਢਿਆ ਤੇ ਦਹਾੜਿਆ “ਸਾਲਿਆ ਸਾਡੇ ਕੋਲ ਤੇ ਕੰਧਾਂ ਬੋਲ ਪੈਂਦੀਆਂ ਨੇ ਤੂੰ ਕੀਹਦੇ ਪਾਣੀ-ਹਾਰ ਏ। ਏਨੇ ਨੂੰ ਸਾਰੇ ਸਾਵਧਾਨ ਹੋ ਗਏ ਕਿ ਐਸ. ਐਸ. ਪੀ. ਸਾਹਬ ਆਏ ਨੇ। ਐਸ. ਐਸ. ਪੀ. ਨੇ ਆਉਂਦੇ ਸਾਰ ਪੁਛਿਆ “ ਦੱਸਿਆ ਏਹਨੇ ਕੁਝ ਕੇ ਨਹੀਂ?” “ ਨਹੀਂ ਸਰ, ਵਾਰ-ਵਾਰ ਬੇ-ਹੋਸ਼ ਹੋ ਜਾਂਦਾ ਏ ਪਰ ਹਾਲੇ ਤੱਕ ਏਹਨੇ ਕੁਝ ਨਹੀਂ ਦੱਸਿਆ। ਇੰਸਪੈਕਟਰ ਨੇ ਮੱਥੇ ਤੋਂ ਪਸੀਨਾ ਪੂੰਝਦਿਆਂ ਕਿਹਾ। ਗੁਰਜੰਟ ਨੇ ਬੜੀ ਹਿੰਮਤ ਜੁਟਾ ਕੇ ਧੌਣ ਘੁਮਾ ਕੇ ਵੇਖਿਆ ਕਿ ਇਹ ਆਵਾਜ਼ ਕੁਝ ਸੁਣੀ-ਸੁਣਾਈ ਲਗਦੀ ਏ। ਅੱਖਾਂ ਪੁੱਟ ਕੇ ਵੇਖਿਆ ਤਾ ਇਹ ਉਹੀ ਡੀ. ਐਸ. ਪੀ. ਸੰਧੂ ਸਨ ਜਿੰਨ੍ਹਾਂ ਨੇ ਕਦੇ ਸਕੂਲ ’ਚ ਉਸਨੂੰ ਇਨਾਮ ਦਿੱਤਾ ਸੀ ਤੇ ਜ਼ਿੰਦਗੀ ’ਚ ਕਦੇ ਵੀ ਲੋੜ ਪਵੇ ਤੇ ਉਸਦੀ ਮਦਦ ਕਰਨ ਦਾ ਭਰੋਸਾ ਦਿੱਤਾ ਸੀ। ਉਹੀ ਡੀ. ਐਸ. ਪੀ. ਸਾਹਬ ਹੁਣ ਤਰੱਕੀ ਹੋਣ ਤੇ ਐਸ. ਐਸ. ਪੀ. ਬਣ ਕੇ ਸਾਹਮਣੇ ਖੜ੍ਹੇ ਸਨ। ਗੁਰਜੰਟ ਨੇ ਬੜੀ ਮੁਸ਼ਕਲ ਨਾਲ ਦੱਸਿਆ ਕਿ “ਮੈਂ ਉਹੀ ਗੁਰਜੰਟ ਹਾਂ ਤੇ ਬਿਲਕੁਲ ਨਿਰਦੋਸ਼ ਹਾਂ। ਚੰਗੀ ਗੱਲ ਏ ਕਿ ਤੂੰ ਪੜ੍ਹਨ ਵਿੱਚ ਹੁਸ਼ਿਆਰ ਸੀ ਪਰ ਏਹਦਾ ਮਤਲਬ ਏਹ ਤਾਂ ਨਹੀਂ ਕਿ ਜੇ ਪੜ੍ਹ-ਲਿਖ ਕੇ ਨੌਕਰੀ ਨਹੀਂ ਮਿਲੀ ਤਾਂ ਅੱਤਵਾਦੀ ਬਣ ਜਾਓ, ਐਸ. ਐਸ. ਪੀ. ਗਰਜ਼ਿਆ। ਗੁਰਜੰਟ ਦੇ ਗਲ ’ਚ ਏਨੀ ਖੁਸ਼ਕੀ ਸੀ ਕਿ ਹੋਰ ਕੁਝ ਚਾਹੁੰਦਿਆਂ ਹੋਇਆ ਵੀ ਬੋਲ ਨਾ ਪਾਇਆ। ਓਧਰ ਅਜੀਤ ਸਿੰਹੁ ਪਿੰਡ ਦਾ ਸਰਪੰਚ ਤੇ ਹੋਰ ਮੋਹਤਬਰ ਬੰਦੇ ਲੈ ਕੇ ਦਰ-ਦਰ ਦੀ ਖਾਕ ਛਾਣ ਰਿਹਾ ਸੀ ਪਰ ਉਹਨੂੰ ਹਾਲੇ ਤੱਕ ਏਹ ਵੀ ਪਤਾ ਨਹੀਂ ਸੀ ਲੱਗਾ ਕਿ ਗੁਰਜੰਟ ਨੂੰ ਕਿਹੜੀ ਪੁਲਿਸ ਨੇ ਚੁੱਕਿਆ ਏ ਤੇ ਉਹ ਕਿਸ ਥਾਣੇ ਵਿੱਚ ਏ? ਹਰ ਥਾਣੇ ’ਚ ਜਾ ਕੇ ਉਹ ਪੱਗ ਸਿਰ ਤੋਂ ਲਾਹ ਕੇ ਕਦੇ ਕਿਸੇ ਇੰਸਪੈਕਟਰ ਦੇ ਤੇ ਕਦੇ ਕਿਸੇ ਮੁਨਸ਼ੀ ਦੇ ਪੈਰਾਂ ’ਤੇ

ਰੱਖ ਦਿੰਦਾ ਕਿ ਉਸਨੂੰ ਦੱਸ ਦਿਓ ਕਿ ਉਹਦਾ ਗੁਰਜੰਟ ਕਿੱਥੇ ਆ? ਪਰ ਹਰ ਥਾਂ ਤੋਂ ਸਾਨੂੰ ਕੁਝ ਨਹੀਂ ਪਤਾ ਹੀ ਸੁਣਨ ਨੂੰ ਮਿਲਦਾ।


ਸ਼ਾਮ ਦਾ ਘੁਸ-ਮੁਸਾ ਹੋ ਚੁੱਕਾ ਸੀ। ਐਸ. ਐਸ. ਪੀ. ਸਾਹਬ ਨੇ ਟੇਬਲ-ਬੈੱਲ ਮਾਰੀ ਤੇ ਸਿਪਾਹੀ ਨੂੰ ਹੁਕਮ ਕੀਤਾ ਕਿ ਇੰਸਪੈਕਟਰ ਨੂੰ ਬੁਲਾ ਕੇ ਲਿਆਵੇ। "ਯੈੱਸ ਸਰ ! ਇੰਸਪੈਕਟਰ ਨੇ ਸਲੂਟ ਮਾਰਦੇ ਕਿਹਾ। "ਬੈਠ ਜਾਂ ਕੁਰਸੀ ਵੱਲ ਇਸ਼ਾਰਾ ਕਰਦਿਆਂ ਬਦਾਮਾਂ ਦੀਆਂ ਗਿਰੀਆਂ ਵਾਲੀ ਪਲੇਟ ਐਸ. ਐਸ. ਪੀ. ਸਾਹਬ ਨੇ ਇੰਸਪੈਕਟਰ ਅੱਗੇ ਕਰ ਦਿੱਤੀ। 'ਸਰ ਅੱਜ ਕਾਫੀ ਖੁਸ਼ ਨਜ਼ਰ ਆ ਰਹੇ ਹੋ, ਕੋਈ ਖਾਸ ਗੱਲ। ਇੰਸਪੈਕਟਰ ਨੇ ਗਿਰੀਆਂ ਦਾ ਫੱਕਾ ਮਾਰਦਿਆਂ ਐਸ. ਐਸ. ਪੀ. ਸਾਹਬ ਦੇ ਚਿਹਰੇ ਦੀ ਖੁਸ਼ੀ ਨੂੰ ਪੜ੍ਹਦਿਆਂ ਪੁੱਛਿਆ। "ਤੈਨੂੰ ਪਤਾ ਮੇਰਾ ਪ੍ਰਮੋਸ਼ਨ ਹੋਣ ਵਾਲਾ ਏ" ਐਸ. ਐਸ. ਪੀ. ਸਾਹਬ ਨੇ ਸਕਾਚ ਵਿਸਕੀ ਦਾ ਪੈਗ ਅੰਦਰ ਸੁੱਟਦਿਆਂ ਮੁੱਛਾਂ ਨੂੰ ਤਾਅ ਦਿੱਤਾ। ਖੈਰ ਏਹ ਦੱਸ ਕਿ ਹਰੀਕੇ ਮੱਛੀਆਂ ਨੂੰ ਭੁੱਖੇ-ਮਰਦਿਆਂ ਅੱਜ ਕਿੰਨੇ ਦਿਨ ਹੋ ਗਏ ਨੇ?" ਐਸ. ਐਸ. ਪੀ. ਸਾਹਬ ਨੇ ਖਚਰੀ ਹਾਸੀ ਹੱਸਦਿਆਂ ਇੰਸਪੈਕਟਰ ਨੂੰ ਸਵਾਲੀਆਂ ਨਜ਼ਰਾਂ ਨਾਲ ਟੋਹਿਆ। "ਸਰ ਆਹੀ ਕੋਈ ਛੇ-ਸੱਤ ਦਿਨ। ਇੰਸਪੈਕਟਰ ਨੇ ਇਕੋ ਸਾਹੇ ਸਕਾਚ ਦਾ ਪੈੱਗ ਅੰਦਰ ਸੁੱਟਦਿਆਂ ਸਾਹਬ ਦੇ ਦਿਲ ਦੀ ਗੱਲ ਬੁਝ ਲਈ। 'ਚੱਕ ਦੇ ਫੇਰ ਐਸ. ਐਸ. ਪੀ. ਨੇ ਇਸ਼ਾਰਾ ਕੀਤਾ ਤੇ ਇੰਸਪੈਕਟਰ ਸਲੂਟ ਮਾਰ ਕੇ ਦਫਤਰੋਂ ਬਾਹਰ ਹੋ ਗਿਆ। ਰਾਤ ਦੇ ਹਨੇਰੇ 'ਚ ਬੀਂਡਿਆਂ ਦੀ ਟਰੈਂ-ਟਰੈਂ ਦੀ ਮੱਧਮ ਆਵਾਜ਼ 'ਚ ਇੱਕ-ਦਮ ਘੜੰਮ ਕਰਕੇ ਪਾਣੀ 'ਚ ਕੁਝ ਡਿੱਗਣ ਦੀ ਆਵਾਜ਼ ਆਈ ਤੇ ਡੂੰਘੇ ਪਾਣੀ 'ਚ ਅਲੋਪ ਹੋ ਗਈ। ਅਗਲੇ ਦਿਨ ਅਖ਼ਬਾਰਾਂ ਦੀ ਸੁਰਖੀ 'ਚ ਖ਼ਬਰ ਸੀ ਕਿ "ਅਤਿਅੰਤ ਖਤਰਨਾਕ ਅੱਤਵਾਦੀ ਪੁਲਿਸ ਮੁਕਾਬਲੇ 'ਚ ਹਲਾਕ। ਤੇ ਦੂਜੀ ਵੱਡੀ ਸੁਰਖੀ ਸੀ ਕਿ "ਸ. ਸੰਧੂ ਪਦ-ਉਨੱਤ, ਡੀ. ਆਈ. ਜੀ. ਬਣੇ।' ਅਜੀਤ ਸਿੰਹੁ ਨੂੰ ਜਿੱਥੇ ਲੱਖ ਕੋਸ਼ਿਸ਼ਾਂ ਕਰਨ ਤੇ ਵੀ ਪੁੱਤ ਦਾ ਪਤਾ ਨਹੀਂ ਸੀ ਲੱਗ ਰਿਹਾ, ਕਿਸੇ ਨੇ ਸਵੇਰੇ ਸੁਵੱਖਤੇ ਹੀ ਅਖ਼ਬਾਰ ਲਿਆ ਅੱਗੇ ਧਰੀ। ਕਰਮ ਕੌਰ ਤੇ ਅਜੀਤ ਸਿੰਹੁ ਦੇ ਕੀਰਨੇ ਤੇ ਵਿਹੜੇ ਅਸਮਾਨ ਨੂੰ ਚੀਰ ਰਹੇ ਸਨ ਤੇ ਰੱਬ..... ਰੱਬ ਕਿਸੇ ਖੂੰਝੇ 'ਚ ਬੈਠਾ ਚੁੱਪ-ਚਾਪ ਤਮਾਸ਼ਾ ਵੇਖ ਰਿਹਾ ਸੀ।

**ਕੌਹਾਲਾ, ਮੈਲਬੌਰਨ, ਆਸਟਰੇਲੀਆ**
**0061-401-482-848**

ਕਹਾਣੀ

# ਵਿਸ਼ਵਾਸ

## ਅੰਜੂਜੀਤ ਪੰਜਾਬਣ



ਜਲੰਧਰ ਜ਼ਿਲ੍ਹੇ ਦੇ ਪਿੰਡ ਵਿਰਕ ਦੀ ਜੰਮਪਲ ਅੰਜੂਜੀਤ 1991 ਵਿਚ ਪਰਵਾਸ ਧਾਰਨ ਕਰਕੇ ਜਰਮਨੀ ਦੀ ਵਸਨੀਕ ਬਣ ਗਈ। ਇੱਥੇ ਉਹ ਨਰਸ ਅਸਿਸਟੈਂਟ ਵਜੋਂ ਕਾਰਜਸ਼ੀਲ ਹੈ ਸਾਹਿਤਕ ਰੁਚੀਆਂ ਰੱਖਣ ਕਾਰਨ ਉਹ ਕਈ ਸਾਹਿਤਕ ਤੇ ਸੱਭਿਆਚਾਰਕ ਸੰਸਥਾਵਾਂ ਨਾਲ ਜੁੜੀ ਹੋਈ ਹੈ 'ਪੰਜਾਬੀ ਸਾਂਝ ਜਰਮਨੀ' ਦੀ ਸਥਾਪਨਾ ਵਿੱਚ ਉਸ ਦਾ ਮਹੱਤਵਪੂਰਨ ਰੋਲ ਹੈ ਇਸੇ ਤਰ੍ਹਾਂ ਪਿਛਲੇ ਸਾਲ 'ਸ੍ਰਿਸ਼ਟੀ' ਸੰਸਥਾ ਦੀ ਵੀ ਸ਼ੁਰੂਆਤ ਕੀਤੀ ਹੈ। ਆਸਟ੍ਰੇਲੀਆ ਦੇ 'ਹਰਮਨ' ਰੇਡੀਓ ਵਿਚ ਪ੍ਰੀਜ਼ੈਂਟਰ ਦੇ ਤੌਰ ਤੇ ਜੁੜੇ ਹੋਏ ਹਨ ਉਸਦੀਆਂ ਰਚਨਾਵਾਂ ਮਿਆਰੀ ਸਾਹਿਤਕ ਰਸਾਲਿਆਂ ਅਤੇ ਅਖ਼ਬਾਰਾਂ ਵਿਚ ਅਕਸਰ ਛਪਦੀਆਂ ਰਹਿੰਦੀਆਂ ਹਨ

ਮਾਂ ਮੈਂ ਕਦ ਲੜਕਾ ਦੋਸਤ ਬਣਾ ਸਕਦੀ ਆਂ ?
ਮੈਂ ਉਸ ਵੱਲ ਸਰਸਰੀ ਦੇਖਿਆ ਤੇ ਫਿਰ ਬਿਨਾ ਕੁਝ ਜਵਾਬ ਦਿੱਤਿਆਂ ਰਸੋਈ ਵਿੱਚ ਚਲੇ ਗਈ।
ਇੰਨੀ ਦੇਰ ਨੂੰ ਉਹ ਵੀ ਗੁੱਸੇ ਨਾਲ ਸੋਫੇ ਤੋਂ ਉੱਠੀ ਤੇ ਆਪਣੇ ਕਮਰੇ ਵਿੱਚ ਚਲੀ ਗਈ ।

ਭਾਵੇਂ ਮੈਨੂੰ ਉਸਦੇ ਇਸ ਭੋਲੇ ਜਿਹੇ ਸਵਾਲ ਤੇ ਨਾ ਹੈਰਾਨੀ ਹੋਈ ਸੀ ਨਾ ਗੁੱਸਾ ਆਇਆ ਸੀ ਪਰ ਮੈਂ ਇਸ ਸਵਾਲ ਦਾ ਜਵਾਬ ਬਹੁਤ ਸੋਚ ਸਮਝ ਕੇ ਉਸ ਨੂੰ ਦੇਣਾ ਚਾਹੁੰਦੀ ਸੀ ।
ਨਾਲੇ ਇਥੇ ਦੇ ਜੰਮਪਲ ਬੱਚੇ ਭੋਲੇ ਤੇ ਇਮਾਨਦਾਰ ਹਨ।
ਇਹਨਾਂ ਕੋਲ ਵਲ-ਵਲੇਵਾਂ ਝੂਠ ਨਹੀਂ ਹੈ।
ਇਸ ਤਰਾਂ ਦੇ ਸਵਾਲ ਸਾਡੇ ਪੰਜਾਬੀ ਬੱਚਿਆਂ ਵੱਲੋਂ ਉੱਠਣੇ ਆਮ ਹੀ ਹਨ।
ਕਿ ਪਿਆਰ ਕਰਨਾ ਕਿਉਂ ਮਨ੍ਹਾ ਹੈ ?
ਕਾਹਦੇ ਸਾਡੇ ਲੜਕੇ ਜਾਂ ਲੜਕੀਆਂ ਦੋਸਤ ਨਹੀਂ ਹੋ ਸਕਦੈ ? ... ਵਗੈਰਾ ਵਗੈਰਾ।
ਸਾਨੂੰ ਮਾਪਿਆਂ ਨੂੰ ਜ਼ਿਹਨੀ ਤੌਰ 'ਤੇ ਤਿਆਰ ਹੋਣਾ ਚਾਹੀਦੈ।
ਠਰੰਮੇ ਨਾਲ ਉਸ ਵੇਲੇ ਪੇਸ਼ ਆਉਣਾ ਚਾਹੀਦਾ ਹੈ ਨਾ ਕਿ ਵਿਰੋਧ ਜਾਂ ਗੁੱਸੇ ਵਿੱਚ ।
ਇਹ ਉਹ ਨਾਜ਼ੁਕ ਸਮਾਂ ਹੈ ਜਦ ਬੱਚੇ ਤੁਹਾਡੇ ਤੋਂ ਦੋਸਤੀ ਦੀ ਉਮੀਦ ਰੱਖਦੇ ਹਨ ਤੇ ਤੁਸੀਂ ਉਹਨਾਂ ਤੋਂ ਵਿਸ਼ਵਾਸ ਦੀ ।

## ਕਹਾਣੀ- ਵਿਸ਼ਵਾਸ

ਉਹ ਵਿਸ਼ਵਾਸ ਜਿਹੜਾ ਉਮਰ ਭਰ ਲਈ ਬਣਦਾ ਹੈ।
ਉਹ ਰਿਸ਼ਤਾ ਜਿਹੜਾ ਮਾਂ ਤੇ ਧੀ ਵਿਚਕਾਰ ਪਿਆਰਾ ਤੇ ਮੁਲਾਇਮ ਜਿਹਾ ਬਣਦਾ ਹੈ।
ਧੀ ਤੇ ਬਾਪ ਵਿਚਕਾਰ ਅਣਖ ਤੇ ਆਤਮਵਿਸ਼ਵਾਸ ਦਾ ਬਣਦਾ ਹੈ।
ਖੈਰ ! ਇਹ ਗੱਲ ਉਸ ਸਮੇਂ ਦੀ ਆ ਜਦ ਮੇਰੀ ਧੀ ਅੱਠਵੀਂ ਕਲਾਸ ਵਿੱਚ ਪੜਦੀ ਸੀ

ਵੈਸੇ ਕਿੰਨਾ ਔਖਾ ਆ ਇਕਲੌਤੀ ਔਲਾਦ ਨੂੰ ਪਾਲਣਾ ।
ਖਾਸ ਕਰਕੇ ਦੋਹਰੇ ਸੱਭਿਆਚਾਰ ਵਾਲੇ ਮੁਲਕ ਵਿੱਚ। ਜਿੱਥੇ ਤੁਸੀਂ ਆਪਣੀ ਪਹਿਚਾਣ ਆਪਣੇ ਸੰਸਕਾਰ, ਰੀਤੀ ਰਿਵਾਜਾਂ ਬਾਰੇ ਬੱਚੇ ਨੂੰ ਦੱਸਣਾ ਤੇ ਸਮਝਾਉਣਾ ਹੁੰਦਾ ਹੈ ਖਾਸ ਕਰਕੇ ਬਦੇਸ਼ਾਂ ਵਿੱਚ।

ਖੈਰ ਮੈਂ ਹੁਣ ਤੱਕ ਆਪਣੀ ਧੀ ਨੂੰ ਕਿਸੇ ਵੀ ਤਰਾਂ ਦੀ ਘਾਟ ਮਹਿਸੂਸ ਹੋਣ ਹੀ ਨਹੀਂ ਦਿੱਤੀ ਕਿਉਂਕਿ ਮੈਂ ਮਾਂ ਘੱਟ ਤੇ ਸਹੇਲੀ ਜਿਆਦਾ ਆਂ।
ਪਰ ਮੈਂ ਇੱਕ ਬਹੁਤ ਸਖਤ ਮਾਂ ਵੀ ਹਾਂ ।
ਮੇਰੇ ਇਸ ਰਵੱਈਏ ਤੋਂ ਕਦੇ ਕਦੇ ਮੇਰੀ ਧੀ ਤੰਗ ਪੈ ਕੇ ਆਖ ਵੀ ਦਿੰਦੀ ਹੈ, ‘ਮਾਂ ਤੂੰ ਕਦੇ ਕਦੇ Typical ਪੰਜਾਬੀ ਮਾਂ ਜਿਹੀ ਬਣ ਜਾਂਦੀ ਆਂ, ਜਿਹੜੀ ਸੋਚਦੀ ਹੈ ਕੁੜੀਆਂ ਨੂੰ ਆਹ ਨੀ ਕਰਨਾ ਚਾਹੀਦਾ ਉਹ ਨਹੀਂ ਕਰਨਾ ਚਾਹੀਦਾ।’
ਜਦ ਉਹ ਤਿੜਕੀ ਜਿਹੀ, ਪੋਲੀ ਜਿਹੀ ਜਰਮਨ ਮਿਸ਼ਰਣ ਪੰਜਾਬੀ ਬੋਲੀ ਵਿੱਚ ਮੇਰੀ ਅਲੋਚਨਾ ਕਰਦੀ ਆ ਤਾਂ ਮੇਰਾ ਹਾਸਾ ਬਹੁਤ ਨਿਕਲਦਾ ਹੁੰਦਾ ਹੈ।
ਜਦ ਉਹ ਆਪਣੀ ਅਲੋਚਨਾ ਖਤਮ ਕਰ ਲੈਂਦੀ ਤਾਂ ਮੈਂ ਪੁੱਛਦੀ ਹੁੰਦੀ ਆਂ, ਅੱਛਾ ਸੋਹਣੀ ! ‘ਤੇਰਾ ਲੈਕਚਰ ਖਤਮ ਹੋ ਗਿਆ ?’
ਉਹ ਫੇਰ ਹੱਸ ਪਊਗੀ ।

ਪਰ, ਅੱਜ ਮੇਰੀ ਧੀ ਦੇ ਤੇਵਰ ਹੋਰ ਸਨ। ਉਹ ਸ਼ਾਇਦ ਕਿਸੇ ਲੜਕੇ ਨੂੰ ਪਸੰਦ ਕਰਦੀ ਸੀ ਅਤੇ ਮੇਰੇ ਤੋਂ ਸ਼ਾਇਦ ਪਿਆਰ ਕਰਨ ਦੀ ਇਜ਼ਾਜਤ ਮੰਗਦੀ ਸੀ।
ਉਹਦੇ ਅੰਦਰ ਕਿਸੇ ਤਰਾਂ ਦਾ ਡਰ ਹੈ। ਇਹ ਇਸ ਤਰਾਂ ਦਾ ਮੇਰਾ ਆਪਣਾ ਹੀ ਕਿਆਸ ਸੀ।
ਮੈਂ ਖਾਣਾ ਤਿਆਰ ਕੀਤਾ ਦੋਹਾਂ ਨੇ ਖਾਧਾ ਉਹ ਹਾਲੇ ਵੀ ਚੁੱਪ ਸੀ।
ਜਿਵੇਂ ਉਹ ਮੈਥੋਂ ਜਵਾਬ ਦੀ ਉਡੀਕ ਵਿੱਚ ਸੀ।
‘ਦੱਸੋ ... ਮੈਂ ਕਦੋਂ ਕੋਈ ਲੜਕਾ ਆਪਣਾ ਦੋਸਤ ਬਣਾ ਸਕਦੀ ਹਾਂ ?’
ਹੁਣ ਉਹਦੇ ਤਰੀਕੇ ਵਿੱਚ ਨਿਮਰਤਾ ਭਾਵੇਂ ਸੀ ਪਰ ਪਿੱਛੇ ਜਿੱਦ ਝਲਕ ਰਹੀ ਸੀ।

ਜਿਵੇਂ ਧੀ ਨੇ ਮੈਨੂੰ ਹੁਕਮ ਦਿੱਤਾ ਹੋਵੇ ।
ਮੈਂ ਉਸਦੇ ਲੰਮੇ ਵਾਲਾਂ ਦੀ ਗੁੱਤ ਪਿੱਛਾਂ ਕੀਤੀ ਤੇ ਕਿਹਾ, 'ਸੋਹਣੋ ਤੈਨੂੰ ਮੈਂ ਕਦ ਕਿਹਾ ਹੈ ਕਿ ਕੋਈ ਲੜਕਾ ਤੇਰਾ ਦੋਸਤ ਨਹੀਂ ਬਣ ਸਕਦਾ ?'

ਉਸ ਨੇ ਹੈਰਾਨੀ ਨਾਲ ਮੇਰੇ ਵੱਲ ਦੇਖਿਆ ਤੇ ਪੁੱਛਿਆ, 'ਸੱਚੀਂ ਮਾਂ ਮੈਂ ਕਿਸੇ ਲੜਕੇ ਨੂੰ ਆਪਣਾ ਦੋਸਤ ਬਣਾ ਸਕਦੀ ਆਂ ?'
ਬਿਲਕੁਲ ਬਣਾ ਸਕਦੀ ਏਂ ਮੈਂ ਪੂਰੇ ਵਿਸ਼ਵਾਸ ਨਾਲ ਕਿਹਾ ।
ਉਹਦੀਆਂ ਮਾਸੂਮ ਜਿਹੀਆਂ ਅੱਖਾਂ ਵਿਚਲੀ ਚਮਕ ਹੋਰ ਚਮਕਣ ਲੱਗੀ ।
ਤੂੰ ਉਸ ਲੜਕੇ ਦੋਸਤ ਨਾਲ ਕਿੱਦਾਂ ਦੀ ਦੋਸਤੀ ਰੱਖਣਾ ਚਾਹੁੰਦੀ ਆਂ ?
ਮੈਂ ਮਾਂ ਦੇ ਦਿਲ ਦੇ ਡਰ ਵਾਲੀ ਗੱਲ ਨਾਲ ਹੀ ਪੁੱਛੀ ।

ਉਹ ਮਾਸੂਮ ਜਿਹਾ ਹੱਸੀ ਤੇ ਕਿਹਾ, 'ਮਾਂ ਮੈਂ ਕਦੇ ਕਦੇ ਉਹਦੇ ਹੱਥਾਂ ਵਿੱਚ ਹੱਥ ਪਾ ਕੇ ਸੈਰ ਕਰਨਾ ਚਾਹੁੰਦੀ ਆਂ, ਉਹ ਦੇ ਨਾਲ ਫਿਲਮ ਦੇਖਣ ਜਾਣਾ ਚਾਹੁੰਦੀ ਆਂ, ਸਕੂਲ ਦੀ ਪੜਾਈ ਉਹਦੇ ਨਾਲ ਕਰਨਾ ਚਾਹੁੰਦੀ ਆਂ, ਉਹਦੇ ਨਾਲ ਦੇਰ ਤੱਕ ਨਹਿਰ ਵੱਲ ਸਾਇਕਲ ਚਲਾ ਕੇ ਅਨੰਦ ਲੈਣਾ ਚਾਹੁੰਦੀ ਆਂ, ਛੁੱਟੀ ਵਾਲੇ ਦਿਨ ਕਦੇ ਉਸ ਨਾਲ ਪਿਕਨਿਕ ਮਨਾਉਣਾ ਚਾਹੁੰਦੀ ਤੇ ਰੰਗ ਬਰੰਗੀਆਂ ਤਿੱਤਲੀਆਂ ਫੜਨਾ ਚਾਹੁੰਦੀ ਆਂ, ਤੇ ਮਾਂ ਮੈਂ ਉਹ ਨੂੰ ਇਹ ਵੀ ਦੱਸਣਾ ਚਾਹੁੰਦੀ ਆਂ ਕਿ ਮੇਰੀ ਪਸੰਦ ਦਾ ਕਿਹੜਾ ਰੰਗ ਆ!'
ਕਹਿ ਕੇ ਉਹ ਹੱਸ ਪਈ। ਮੈਂ ਉਹਦੀਆਂ ਅੱਖਾਂ ਵਿੱਚ ਇੱਕ ਬਹੁਤ ਖ਼ੂਬਸੂਰਤ ਤੇ ਪਿਆਰਾ ਜਿਹਾ ਭੋਲਾ ਜਿਹਾ ਸੰਸਾਰ ਦੇਖਿਆ।

ਜਿਹੜਾ ਜਿਸਮਾਂ ਦੀ ਭੁੱਖ ਤੋਂ ਦੂਰ ਸੀ ਹੋਂਠਾਂ ਦੇ ਚੁੰਮਣ ਤੋਂ ਦੂਰ ਕਿਧਰੇ ਦੂਰ ਸੀ ।
ਮੈਂ, ਫੇਰ ਵੀ ਆਪਣੀ ਤਸੱਲੀ ਲਈ ਤਰੀਕੇ ਨਾਲ ਪੁੱਛਿਆ ?
ਹੋਰ ਤੂੰ ਉਸ ਲੜਕੇ ਦੋਸਤ ਨਾਲ ਕੀ ਕਰਨਾ ਚਾਹੁੰਦੀ ਆਂ ?
ਮੈਂ ਚੋਰ ਨਜ਼ਰ ਨਾਲ ਉਸ ਵੱਲ ਦੇਖਿਆ !

ਉਹਨੇ ਮੇਰੇ ਵੱਲ ਦੇਖਿਆ ਤੇ ਹੈਰਾਨੀ ਨਾਲ ਪੁੱਛਿਆ
ਹੈਂ ਕੀ ਹੋਰ ਦਾ ਮਤਲਬ ?
ਉਹ ਸ਼ਾਇਦ ਹਾਲੇ ਵੀ ਮੇਰੇ ਇਸ਼ਾਰੇ ਨੂੰ ਸਮਝੀ ਨਹੀਂ ਸੀ।

## ਕਹਾਣੀ- ਵਿਸ਼ਵਾਸ

ਮੈਂ ਗੱਲ ਸ਼ਪਸ਼ੱਟ ਕਰਦੀ ਨੇ ਕਿਹਾ.... ਓ ਕੁੜੀ ਲੌਰਾ ਆ ਜਿਹੜੀ, ਉਹਦਾ ਦੋਸਤ ਜਰਮਨ ਮੁੰਡਾ ਆ ਹਨਾਂ ?
ਕਹਿ ਕੇ ਮੈਂ ਚੁੱਪ ਹੋ ਗਈ !
ਹਾਂ.... ਫੇਰ ਮਾਂ.... ਧੀ ਦੇ ਬੋਲਾਂ ਵਿੱਚ ਜਰਾ ਗੁੱਸਾ ਸੀ ਜਿਵੇਂ ਉਹ ਮੇਰਾ ਇਸ਼ਾਰਾ ਸਮਝ ਗਈ ਹੋਵੇ।
ਉਹਦੀ ਉਮਰ 16-17 ਸਾਲਾਂ ਦੀ ਆ ਪੜਾਈ ਛੱਡ ਕੇ ਉਸ ਮੁੰਡੇ ਨਾਲ ਰਹਿ ਰਹੀ ਆ ਸ਼ਾਇਦ ਉਦੇ ਬੱਚਾ ਵੀ ਹੋਣ ਵਾਲਾ ਆ।
ਮੈਂ ਇੱਕੋ ਸਾਹੀ ਆਪਣਾ ਦਿਲ ਦਾ ਡਰ ਧੀ ਅੱਗੇ ਖੋਲ ਦਿੱਤਾ ।

ਹੁਣ ਉਹ ਐਨ ਮੇਰਾ ਡਰ ਤੇ ਮੇਰਾ ਇਸ਼ਾਰਾ ਸਮਝ ਗਈ ਸੀ ।
ਉਹ ਨੇ ਮੇਰੇ ਲਾਗੇ ਨੂੰ ਕੁਰਸੀ ਖਿੱਚੀ ਤੇ ਮੇਰੇ ਹੱਥ ਤੇ ਹੱਥ ਰੱਖ ਕੇ ਆਖਣ ਲੱਗੀ ।
'ਮਾਂ ਤੂੰ ਮੇਰੀ ਅੱਜ ਤੱਕ ਮਾਂ ਨਹੀਂ ਸਹੇਲੀ ਬਣ ਕੇ ਮੇਰੇ ਨਾਲ ਨਾਲ ਤੁਰੀ ਆਂ ।
ਮੇਰੇ ਅੰਦਰ ਤੇਰੇ ਲਈ ਮਾਂ ਵਾਲਾ ਡਰ ਨਹੀਂ ਸਹੇਲੀ ਵਾਲਾ ਵਿਸ਼ਵਾਸ ਆ ਕਿ ਤੂੰ ਮੇਰੇ ਤੇ ਯਕੀਨ ਕਰੇਂਗੀ ਤੇ ਮੈਨੂੰ ਸਮਝੇਂਗੀ ਵੀ ।
ਮੈਂ ਤੇਰੇ ਨਾਲ ਵਾਅਦਾ ਕਰਦੀ ਆਂ ਕਿ ਮੈਂ ਕਦੇ ਵੀ ਕੋਈ ਐਸਾ ਕੰਮ ਨਹੀਂ ਕਰੂੰਗੀ ਕਿ ਮੈਂ ਤੇਰੇ ਤੇ ਬਾਪ ਦੀਆਂ ਅੱਖਾਂ 'ਚ ਅੱਖ ਪਾ ਕੇ ਨਾਂਹ ਦੇਖ ਸਕਾਂ ।
ਕਹਿ ਕੇ ਮੇਰਾ ਹੱਥ ਚੁੰਮ ਲਿਆ ।
ਮੈਂ ਉਹਦੀਆਂ ਨਜ਼ਰਾ 'ਚ ਨਜ਼ਰਾਂ ਪਾਉਂਦੀ ਨੇ ਅਰਦਾਸ ਵਿੱਚ ਕਿਹਾ, ਬਾਬਾ ਜੀ ਇੱਦਾਂ ਹੀ ਕਰਨ।

ਉਸ ਦਿਨ ਮਗਰੋਂ, ਜਾਹਨਸ ਜਰਮਨ ਮੂਲ ਦਾ ਖ਼ੂਬਸੂਰਤ ਲੜਕਾ, ਉਸਨੂੰ ਦੋ ਚਾਰ ਵਾਰ ਮੈਂ ਘਰ ਆਇਆਂ ਦੇਖਿਆ।
ਮਾਰੀਨ, ਈਜ਼ਾ ਪਾਉਲਾ ਵੀ ਕਮਰੇ ਵਿੱਚ ਕਦੇ ਕਦੇ ਹੁੰਦੀਆਂ ਸਨ। ਘਰ ਵਿੱਚ ਰੌਣਕ ਹੁੰਦੀ ।
ਕਦੇ ਗਰਮੀਆਂ ਰੁੱਤੇ ਘਰ ਮੂਹਰਲੀ ਸੜਕ ਉੱਤੇ ਸੈਕਲਾਂ ਦੀਆਂ ਟੱਲੀਆਂ ਵਜਾ ਵਜਾ ਜਾਹਨਸ, ਯੈਹਗੋ, ਸਟੀਫ ਹੋਰ ਕੁੜੀਆਂ ਉੱਚੀ ਉੱਚੀ ਹੱਸਦੇ ਹੁੰਦੇ।
ਮੇਰੀ ਧੀ ਦਾ ਹਾਸਾ ਸਭ ਤੋਂ ਉੱਚਾ ਹੁੰਦਾ।
ਸੈਕਲ ਚਲਾਉਂਦੀ ਕਦੇ ਉਹ ਹੱਥ ਛੱਡ ਦੀ ਕਦੇ ਡਰ ਨਾਲ ਜ਼ੋਰ ਦੀ ਚੀਕ ਮਾਰਦੀ।

## ਕਹਾਣੀ- ਵਿਸ਼ਵਾਸ

ਜਾਹਨਸ ਉਹਦੇ ਮਗਰ ਮਗਰ ਦੌੜਦਾ ਕਦੇ ਸਾਹਮਣੇ ਪਾਰਕ ਵਿੱਚ ਦਰੱਖਤ ਛਾਵੇਂ ਕਈ ਕਈ ਘੰਟੇ ਬੈਠੇ ਰਹਿੰਦੇ ਕਦੇ ਪਾਰਕ ਵਿੱਚ ਗਾਣੇ ਲਾ ਕੇ ਮੁੰਡੇ ਕੁੜੀਆਂ ਡਾਂਸ ਕਰਦੇ।
ਮੇਰੀ ਧੀ ਜਿਵੇਂ ਸਭ ਦੀ ਲਾਡਲੀ ਰਾਜਕੁਮਾਰੀ ਹੁੰਦੀ ਹੋਵੇ।

ਅੱਜ ਜਾਹਨਸ ਜਰਮਨ ਪੁਲਿਸ ਵਿੱਚ ਆ ਤੇ ਉਹਦੀ ਸ਼ਾਦੀ ਉਸਦੇ ਮਹਿਕਮੇ ਵਿੱਚ ਕਿਸੇ ਅਮਰੀਕਨ ਮੂਲ ਕੁੜੀ ਨਾਲ ਹੋ ਚੁੱਕੀ ਆ।
ਮੇਰੀ ਧੀ ਇਸ ਵਕਤ ਮੈਡੀਕਲ ਕਰ ਰਹੀ ਆ। ਮਾਰੀਨ ਸਹੇਲੀ ਸਾਡੇ ਹੀ ਸ਼ਹਿਰ ਵਿੱਚ ਪੁਲਿਸ ਮਹਿਕਮੇ ਵਿੱਚ ਹੈ। ਈਜਾ ਵਕਾਲਤ ਕਰ ਰਹੀ ਹੈ ਤੇ ਯੈਹਗੋ ਇੰਜੀਨੀਅਰਿੰਗ ਕਰ ਰਿਹਾ ਹੈ।

ਹੁਣ ਕਦੇ ਕਦੇ ਜਾਹਨਸ ਆਪਣੀ ਘਰਵਾਲੀ ਨਾਲ ਮੇਰੀ ਧੀ ਨੂੰ ਤੇ ਮੈਨੂੰ ਮਿਲਣ ਆਉਗਾ ਤੇ ਕਹੂ ਗਾ ਸੱਚੀਂ ਉਹ ਦਿਨ ਬਹੁਤ ਸੋਹਣੇ ਸੀ ।
ਮੇਰੀ ਧੀ ਹੱਸ ਕੇ ਮੈਨੂੰ ਕਹੂ ਗੀ, ਮਾਂ ਇਹ ਜਾਹਨਸ ਸੀ ਜਿਸ ਦੇ ਹੱਥਾਂ ਵਿੱਚ ਮੈਂ ਦੋਸਤੀ ਵਾਲਾ ਹੱਥ ਫੜ ਕੇ ਸੈਰ ਕਰਨਾ ਚਾਹੁੰਦੀ ਸੀ।
ਫੇਰ ਅਸੀਂ ਸਾਰੇ ਹੱਸ ਪੈਂਦੇ।
ਮੇਰੀ ਧੀ ਬਹੁਤ ਪਿਆਰ ਨਾਲ ਮੇਰੇ ਵਾਲ ਸਿੱਧੇ ਕਰਦੀ ਕਦੇ ਕਹੂਗੀ, 'ਮਾਂ ਤੇਰਾ ਸ਼ੁਕਰੀਆ ਤੂੰ ਮੇਰੇ ਤੇ ਵਿਸ਼ਵਾਸ ਕੀਤਾ ਤੇ ਮੈਨੂੰ ਮੇਰੀ ਉਮਰ ਦੇ ਰੰਗ ਤੇ ਚਾਅ ਤੇ ਮੇਰੀ ਪਸੰਦ ਦੇ ਦੋਸਤਾਂ ਦਾ ਸੰਗ ਸਮਾਂ ਹੰਢਾਉਣ ਨੂੰ ਦਿੱਤਾ।'
ਮੈਨੂੰ ਤੇਰੇ ਤੋਂ ਲੁਕ ਲੁਕ ਕੇ ਕੁਝ ਗਲਤ ਕਰਨਾ ਨਹੀਂ ਪਿਆ।

ਮੈਂ ਖੁਸ਼ ਨਸੀਬ ਹਾਂ ਕਿ ਮੇਰੀ ਤੂੰ ਮਾਂ ਘੱਟ ਤੇ ਸਹੇਲੀ ਜਿਆਦਾ ਆਂ।
ਜਦ ਵੀ ਛੁੱਟੀ ਵਾਲੇ ਦਿਨ ਮੇਰੀ ਧੀ ਘਰ ਆਉਂਦੀ ਆ ਤਾਂ ਮੈਂ ਉਸ ਤੋਂ ਪੁੱਛੂੰਗੀ ਅੱਛਾ ! ਚੱਲ ਸੁਣਾ ਕਿਸੇ ਡਾਕਟਰ ਦਾ ਕੋਈ ਸ਼ੋਸ਼ਾ।
ਉਹ ਸ਼ੋਸ਼ਾ ਸ਼ਬਦ ਸੁਣ ਕੇ ਬਹੁਤ ਹੱਸੂਗੀ।
ਕਦੇ ਅਸੀਂ ਦੋਨੋਂ ਰਾਤ ਬੀਤੀ ਤੱਕ ਜਾਗਦੀਆਂ ਰਹਿੰਦੀਆਂ ਹੱਸਦੀਆਂ ਗੱਲ ਕਰਦੀਆਂ ਜਿਵੇਂ ਸਹੇਲੀਆਂ ਸਹੇਲੀਆਂ ਮਜਾਕ ਕਰਦੀ ਹੋਵਣ।

**ਜਰਮਨੀ**
**0049 15165113297**

## ਹਾਸ ਵਿਅੰਗ

# ਜਦੋਂ ਮੇਰਾ ਡਾਲਰਾਂ ਨੂੰ ਹੱਥ ਪਿਆ

ਮੰਗਤ ਕੁਲਜਿੰਦ



ਜ਼ਿਲਾ ਬਠਿੰਡਾ ਦੇ ਜੰਮਪਲ ਮੰਗਤ ਕੁਲਜਿੰਦ ਅੱਜਕਲ ਅਮਰੀਕਾ ਵਾਸੀ ਹਨ। ਉਹ ਪੰਜਾਬ ਹੈਲਥ ਡਿਪਾਰਟਮੈਂਟ ਤੋਂ ਚੀਫ਼ ਫਾਰਮਿਸਟ ਸੇਵਾ ਮੁਕਤ ਹੋਏ। ਇਨ੍ਹਾਂ ਦੀਆਂ 09 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਜਿਸ ਵਿਚ ਸਫ਼ਰਨਾਮਾ, ਹਾਸ ਵਿਅੰਗ, ਕਹਾਣੀ ਸੰਗ੍ਰਹਿ, ਚੁਟਕੁਲਾ ਸੰਗ੍ਰਹਿ ਸ਼ਾਮਿਲ ਹਨ। ਪੰਜਾਬ ਤੋਂ ਛਪਦੀਆਂ ਲਗਭਗ ਸਭ ਅਖ਼ਬਾਰਾਂ ਵਿਚ ਇਹਨਾਂ ਦੀਆਂ ਰਚਨਾਵਾਂ ਅਕਸਰ ਛਪਦੀਆਂ ਰਹਿੰਦੀਆਂ ਹਨ

ਪੰਜਾਬੀ ਦੇ ਮਹਾਨ ਵਿਅੰਗਕਾਰ ਡਾ. ਮੋਨੋਜੀਤ ਦਾ ਲਿਖਿਆ ਵਿਅੰਗ 'ਪੈਸੇ ਦਰੱਖਤਾਂ ਨੂੰ ਨਹੀਂ ਲੱਗਦੇ' ਪੜ੍ਹਦਿਆਂ ਇੱਥੇ ਆਕੇ ਸੂਈ ਅੜਕ ਗਈ ਜਿੱਥੇ ਉਸ ਲਿਖਿਆ ਸੀ 'ਮੈਂ ਅਮਰੀਕਾ ਗਿਆ 'ਤੇ ਉਥੋਂ ਡਾਲਰ ਦਰੱਖਤਾਂ ਤੋਂ ਤੋੜ ਕੇ ਲਿਆਇਆ,' ਮਨ ਨੂੰ ਵੀ ਯਕੀਨ ਜਿਹਾ ਹੋ ਗਿਆ, 'ਬਈ ਅਮਰੀਕਾ ਤਾਂ ਅਮਰੀਕਾ ਹੈ! ਸੁਪਰ ਪਾਵਰ,ਧੱਕੜ, ਉਥੇ ਸੱਭ ਕੁਝ ਸੰਭਵ ਹੈ, ਪੈਸੇ ਦਰੱਖਤਾਂ ਨੂੰ ਵੀ ਲੱਗੇ ਹੋ ਸਕਦੇ ਹਨ।' ਉਦੋਂ ਹੀ ਸੋਚ ਲਿਆ- ਮੈਂ ਵੀ ਦਰੱਖਤਾਂ ਤੋਂ ਡਾਲਰ ਤੋੜ ਕੇ ਲਿਆਵਾਂਗਾਂ। 'ਉਹ ਦਰੱਖਤ ਮਿਲਣਗੇ ਕਿੱਥੇ?' ਅਖੀਰਲੀਆਂ ਲਾਈਨਾਂ ਪੜ੍ਹਕੇ ਪਤਾ ਲੈਣ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਡਾਲਰਾਂ ਨਾਲ ਲਹਿਲਹਾਉਂਦੇ ਦਰੱਖਤਾਂ ਦੇ ਮੂਹਰੇ ਖੜ੍ਹਾ ਪਾਇਆ। 'ਤੇ ਦੋਸਤੋ ਜਦ ਡਾਲਰ ਕਿਸੇ ਜ਼ਨਾਨੀ ਦੀਆਂ ਜ਼ੁਲਫਾਂ ਵਾਂਗ ਤੁਹਾਡੇ ਸਾਹਮਣੇ ਲਟਕ ਰਹੇ ਹੋਣ ਫਿਰ ਹੋਰ ਕੁਝ ਖੇਚਲ ਕਰਨ ਦਾ ਬਲ ਕਿੱਥੇ ਰਹਿੰਦਾ ਹੈ? ਤੇ ਹੁਣ ਅਮਰੀਕਾ ਆ ਵੀ ਗਏ, ਬੜੇ ਪਛਤਾ ਰਹੇ ਹਾਂ ਕਿ ਉਦੋਂ ਜੇ ਦੋ ਲਾਈਨਾਂ ਹੋਰ ਪੜ੍ਹ ਲੈਂਦੇ ਤਾਂ ਕੀ ਜਹਾਜ਼ ਛੁਟ ਜਾਣਾ ਸੀ? ਪਰ ਹੁਣ ਪਛਤਾਏ ਕਿਆ ਹੋਤ? ਜੋ ਹੋਣਾ ਸੀ ਹੋ ਗਿਆ। ਸਮਾਂ ਬਰਬਾਦ ਕਰਨ ਦੀ ਬਜਾਇ ਉਸ ਦਰੱਖਤ ਨੂੰ ਭਾਲੀਏ, ਕੀ ਐਂ ਮਿਲ ਹੀ ਜਾਵੇ। ਪੰਜਾਬੀ ਦਿੱਖ ਵਾਲੇ ਦੋ ਕੁ ਰਾਹ ਜਾਂਦੇ ਸੱਜਣਾਂ ਨੂੰ ਰੋਕਿਆ, ਅਜਿਹੇ ਦਰੱਖਤ ਬਾਰੇ ਪੁੱਛਿਆ ਤਾਂ ਉਹ ਇਕ ਸੌ ਇਕ ਪਰਸੈਂਟ ਹੀ ਮੁੱਕਰ ਗਏ।ਜਦ ਇਕ ਹੋਰ ਪੰਜਾਬੀ ਨੂੰ ਰੋਕਿਆ, ਉਹਨੂੰ ਸਾਡੀਆਂ ਗੱਲਾਂ ਤੋਂ ਪਤਾ ਲੱਗ ਗਿਆ ਕਿ ਇਹ ਪੰਜਾਬ ਤੋਂ ਨਵਾਂ ਨਵਾਂ ਆਇਆ ਇਸ ਦੀਆ ਆਦਤਾਂ ਅਜੇ ਪੰਜਾਬੀਆਂ ਵਾਲੀਆਂ ਹੀ ਹੋਣਗੀਆਂ ਕਿ ਡਿਊਟੀ ਕਰਨ ਚੱਲਿਆਂ ਵੀ ਜਿੱਥੇ ਮਰਜ਼ੀ ਖੜ ਜਾਉ, ਗੱਪਾਂ ਮਾਰੋ, ਕੋਈ ਮਜਮਾ

ਲੱਗਿਆ ਵੇਖੋ, ਕਿਹੜਾ ਕਿਸੇ ਨੇ ਪੁੱਛਣੈ ਬਈ ਲੇਟ ਕਿਉਂ ਹੈ? ਇਹਤੋਂ ਖਹਿੜਾ ਹੀ ਛੁਡਾਉ।ਪਰ ਇਕ ਬਜ਼ੁਰਗ ਸੱਜਣ, ਲੱਗਦਾ ਸੀ ਉਹ ਵੀ ਆਪਣੇ ਸਮੇਂ ਨੂੰ ਕਤਲ ਕਰਨ ਦੀ ਤਾਕ 'ਚ ਸੀ, ਮੇਰੀ ਗੱਲ ਨੂੰ ਧਿਆਨ ਨਾਲ ਸੁਣਕੇ ਕਹਿੰਦਾ,"ਬਈ ਸ਼ੇਰਾ, ਮੈਂ ਤਾਂ ਆਪ ਨ੍ਹੀ ਅੱਜ ਤੱਕ ਡਾਲਰ ਲੱਗੇ ਵਾਲਾ ਦਰੱਖਤ ਵੇਖਿਆ,ਹਾਂ! ਇੱਥੇ ਦਰੱਖਤਾਂ ਨੂੰ ਬੇਰ-ਬੂਰ ਜਿਹੇ ਕਾਫੀ ਲੱਗੇ ਹੁੰਦੇ ਐ ਅਤੇ ਆਪਣੇ ਪੰਜਾਬੀ ਸ਼ੁਰੂਆਤ ਵੀ ਉਹਨਾਂ ਨੂੰ ਤੋੜਣ ਤੋਂ ਈ ਕਰਦੇ ਐ, ਸ਼ਾਮ ਨੂੰ ਡਾਲਰ ਮਿਲ ਜਾਂਦੇ ਨੇ, ਮੈਂ ਵੀ ਜਾਂਦਾ ਹਾਂ ਤੋੜਣ, ਜੇ ਤੂੰ ਵੀ ਚੱਲਣੈ, ਤਾਂ ਆਜਾ, ਲੈ ਚੱਲਦੈਂ ਖੇਤਾਂ ਚ...।"

"ਇੰਨੀ ਠੰਢ 'ਚ! ਇੱਥੇ ਤਾਂ ਕੁਲਫੀ ਜੰਮ ਜੂ।"

"ਪਰ ਕਾਕਾ, ਉਹ ਦਰੱਖਤ ਤਾਂ ਖੇਤਾਂ 'ਚ ਹੀ ਮਿਲਦੇ ਨੇ, ਸਟੋਰਾਂ 'ਚ ਤਾਂ ਮਿਲਣੇ ਨਹੀਂ।"

ਬਜ਼ੁਰਗ ਦੀਆਂ ਗੱਲਾਂ ਦਾ ਵੀ ਸੱਚ ਨਾ ਆਇਆ। ਸੋਚਿਆ ਕਿਉਂ ਇਹਦੇ ਨਾਲ ਮੱਥਾ ਮਾਰਕੇ ਸਮਾਂ ਵੇਸਟ ਕਰਨਾ ਹੈ, ਚੱਲੋ ਕਿਸੇ ਹੋਰ ਤੋਂ ਪੁੱਛਦੇ ਹਾਂ। ਸਾਹਮਣੇ ਹੀ ਗੁਰੂ-ਘਰ ਸੀ। ਉਥੇ ਕਾਫੀ ਲੋਕ ਮਿਲ ਗਏ ਕਿਉਂਕਿ ਲੰਗਰ ਦਾ ਸਮਾਂ ਜੋ ਸੀ।ਕੁਝ ਸੱਜਣ ਤਾਂ ਲੱਗੇ, ਬਈ ਬੜੇ ਕਾਹਲੇ ਨੇ, ਉਹਨਾਂ ਨੇ ਤਾਂ ਦਰਬਾਰ ਸਾਹਿਬ 'ਚ ਜਾ ਕੇ ਮੱਥਾ ਟੇਕਣ ਦੀ ਖੇਚਲ ਹੀ ਨ੍ਹੀਂ ਕੀਤੀ ਹੋਣੀ ਅਤੇ ਕੁਝ ਕੁ ਹਿਸਾਬੀ-ਕਿਤਾਬੀ ਵੀ ਲੱਗੇ ਜਿਹਨਾਂ ਨੇ ਸੋਚਿਆ, ਹੋਊ ਯਾਰ ਉਨੇ ਕੁ ਦਾ ਮੱਥਾ ਟੇਕ ਲਈਏ ਜਿੰਨੇ ਕੁ ਦਾ ਖਾਣਾ ਹੈ।'ਤੇ ਦਸਵੰਧ ਕੱਢਣ ਵਾਲੇ ਸੱਜਣਾਂ ਦੀ ਤਾਂ ਕੋਈ ਘਾਟ ਹੀ ਨਹੀਂ ਸੀ।ਦੋ ਚਾਰ ਬੰਦਿਆਂ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ," ਬਈ ਸੱਜਣਾਂ ਅਜੇ ਤੱਕ ਤਾਂ ਟਰੰਪ ਵਰਗੇ ਨੇਤਾਵਾਂ ਨੇ ਇੱਥੇ ਅਜਿਹਾ ਕੋਈ ਦਰੱਖਤ ਉਗਣ ਹੀ ਨਹੀਂ ਦਿੱਤਾ,ਹੋ ਸਕਦੈ ਕਿਤੇ ਅੰਡਰ ਗਰਾਊਂਡ ਰੱਖੀ ਬੈਠੇ ਹੋਣ ਤਾਂ ਕਹਿ ਨਹੀਂ ਸਕਦੇ।ਪਰ ਜੇ ਤੂੰ ਡਾਲਰ ਤੋੜਣੇ ਮਤਲਬ ਕਮਾਉਣੇ ਨੇ ਤਾਂ ਸਟੋਰਾਂ 'ਤੇ ਜਾ, ਢਾਬਿਆਂ 'ਚ ਜਾ, ਪੈਟਰੋਲ ਪੰਪਾਂ ਤੇ ਜਾ, ਫੈਕਟਰੀਆਂ 'ਚ ਜਾ, ਜਿੱਥੇ ਕਿਤੇ ਜੋ ਵੀ ਕੰਮ-ਭਾਡੇਂ ਧੋਣ ਦਾ,ਰੇੜੀਆਂ ਖਿੱਚਣ ਦਾ,ਸਫਾਈਆ ਕਰਨ ਦਾ,ਜੋ ਵੀ ਮਿਲਦੈ, ਜੁੱਟ ਜਾ ਮਸ਼ੀਨ ਬਣਕੇ।ਡਾਲਰ ਭੱਜੇ ਆਉਣਗੇ-ਤੇਰੀ ਝੋਲੀ ਭਰਨ।ਗੱਲ ਉਹਨਾਂ ਦੀ ਕੁਝ ਕੁ ਸਿਆਣੀ ਲੱਗੀ। ਮੱਥਾ ਟੇਕੇ ਬਿਨਾਂ ਹੀ ਲੰਗਰ ਛਕਣ ਦੀ ਕੀਤੀ, ਕਿਉਂਕਿ ਉਦੋਂ ਆਪਣੀ ਜੇਬ ਰੱਬ ਤੋਂ ਸ਼ਰਮਾ ਰਹੀ ਸੀ।

ਅੰਗਰੇਜ਼ੀ 'ਚ ਲਿਸ਼ਕਾਰੇ ਮਾਰ ਰਹੇ ਅੱਖਰਾਂ 'ਚ ਲਿਖੇ ਨਾਮ ਵਾਲੇ ਸਟੋਰ 'ਚ ਵੜਨ ਤੋਂ ਪਹਿਲਾਂ ਸਾਰੇ ਰੱਬਾਂ ਨੂੰ ਮਨ 'ਚ ਧਿਆਇਆ ਸਵਾਇ ਅੰਗਰੇਜ਼ੀ ਮਾਤਾ ਦੇ।ਗੇਟ ਖੋਹਲਣ ਦੀ ਲੋੜ ਹੀ ਨਾ ਪਈ, ਆਪਣੇ ਆਪ ਹੀ ਖੁੱਲ੍ਹ ਗਿਆ। ਸਮਝ ਨਾ ਆਵੇ,

## ਹਾਸ ਵਿਅੰਗ- ਜਦੋਂ ਮੇਰਾ ਡਾਲਰਾਂ ਨੂੰ ਹੱਥ ਪਿਆ

ਕੀਹਦੇ ਨਾਲ ਗੱਲ ਕਰਾਂ? ਇੱਥੇ ਤਾਂ ਸਾਰੇ ਹੀ ਝੱਗੀਆਂ ਪਾਈ ਆਪਣੇ ਕੰਮਾਂ ’ਤੇ ਜੁੱਟੇ ਭੱਜੇ ਫਿਰਦੇ ਮੈਨੇਜਰ ਹੀ ਲੱਗੇ। ਪਰ ਕਿਸੇ ਨਾ ਕਿਸੇ, ਰੱਬ ਦੀ ਮਿਹਰ ਨਾਲ ਸਾਹਮਣੇ ‘ਆਫਿਸ’ ਲਿਖਿਆ ਸ਼ਬਦ ਪੜ੍ਹ ਲਿਆ। ਲੋਕਾਂ ਤੋਂ ਅੱਖ ਬਚਾਉਂਦਾ ਉਧਰ ਨੂੰ ਭੱਜਿਆ ਜਦੋਂ ਕਿ ਇੱਥੇ ਮੇਰੇ ਵੱਲ ਵੇਖਣ ਦਾ ਕਿਸੇ ਕੋਲ ਸਮਾਂ ਹੀ ਨਹੀਂ ਸੀ। ਪਰ ਮੈਂ ਤਾਂ ਤਾਜ਼ਾ ਤਾਜ਼ਾ ਭਾਰਤ ਤੋਂ ਆਇਆ ਸੀ ਇਸੇ ਲਈ ਭਾਰਤੀ ਸੰਸਕਾਰ ਮੇਰੇ ਸਰੀਰ ਦੇ ਇਕ ਇਕ ਸੈਲ ਨੂੰ ਜਕੜੀ ਬੈਠੇ ਸਨ।ਸੋਚਿਆ ਸੀ ਕਿ ਆਪਣੀ ਸੋਹਣੀ ਜਿਹੀ ਸੈਕਰੇਟਰੀ ਨਾਲ ਮੈਨੇਜਰ ਅੰਦਰ ਬੈਠਾ ਕੁਝ ਡਿਕਟੇਟ ਕਰਾ ਰਿਹਾ ਹੋਵੇਗਾ, ਵੱਡਾ ਸਾਰਾ ਮੇਜ਼, ਆਸੇ ਪਾਸੇ ਕੁਰਸੀਆਂ ਦਾ ਝੁਰਮੁੱਟ, ਇਕ ਸੋਫਾ ਸੈਟ ਤੇ ਗੇਟ ਅੱਗੇ ਰੰਗਦਾਰ ਪਰਦਾ, ਬੂਹੇ ਅੱਗੇ ਕੁਰਸੀ ਉਪਰ ਚਪੜਾਸੀ ਗੰਨ ਲਈ ਬੈਠਾ ਹੋਵੇਗਾ। ਇੱਥੇ ਤਾਂ ਪਰ ਅਜਿਹਾ ਕੁੱਝ ਨਹੀਂ ਸੀ। ਦਫਤਰ ’ਚ ਤਿੰਨ ਚਾਰ ਸਾਧਾਰਣ ਜਿਹੀਆਂ ਕੁਰਸੀਆਂ ਸਟੂਲ ’ਤੇ ਸਾਧਾਰਣ ਜਿਹਾ ਆਦਮੀ ਝੱਗੀ ਪਾਈ ਕੰਪਿਊਟਰ ’ਤੇ ਖੜ੍ਹਾ ਕੰਮ ਕਰੀ ਜਾਵੇ। ਇਹਨੂੰ ਕਿਵੇਂ ਪੁੱਛਾਂ ਕਿ ਮੈਨੇਜਰ ਕਿੱਥੇ ਆ? ਮਨ ’ਚ ਜ਼ੋਰ ਦੇਣ ’ਤੇ ਵੀ ਅੰਗਰੇਜ਼ੀ ਨਾ ਬਣੀ ’ਤੇ ਪੰਜਾਬੀ ’ਚ ਹੀ ਬੋਲਿਆ ਗਿਆ, “ਜੀ ਮੈਂ ਦਰੱਖਤਾਂ ਤੋਂ ਡਾਲਰ ਤੋੜਣ ਆਇਆਂ।” ਪਰ ਮੈਂ ਸਮਝ ਗਿਆ ਕਿ ਉਸਨੂੰ ਮੇਰੀ ਗੱਲ ਦੀ ਸਮਝ ਨਹੀਂ ਆਈ ਪਰ ਫਿਰ ਵੀ ਉਸ ਮੁਸਕਰਾਉਂਦੇ ਮੇਰੇ ਵੱਲ ਦੇਖਿਆ ’ਤੇ ਅੰਗਰੇਜ਼ੀ ’ਚ ਹੀ ਕੁਝ ਪੁੱਛਿਆ। ਪਰ ਫਿਰ ਉਹੀ ਅੜਚਣ! ਤੇ ਮੈਂ ਉਹਦੇ ਮੂੰਹ ਵੱਲ ਵੇਖਣ ਲੱਗ ਪਿਆ, ਇਸ਼ਾਰੇ ਨਾਲ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਮੈਂ ਤਾਂ ਕੰਮ ਮੰਗਣ ਆਇਆ ਹਾਂ ਪਰ ਉਹ ਸਮਝ ਗਿਆ ਬਈ ਜਾਂ ਤਾਂ ਮੈਂ ਗੂੰਗਾ-ਬੋਲਾ ਹਾਂ ਜਾਂ ਅੰਗਰੇਜ਼ੀ ਦਾ ਕੱਟੜ ਦੁਸ਼ਮਣ। ਲੱਗਿਆ ਉਸਨੇ ਮਨ ’ਚ ਦੋ ਚਾਰ ਗਾਲ੍ਹਾਂ ਟਰੰਪ ਨੂੰ ਵੀ ਕੱਢੀਆਂ ਹੋਣਗੀਆਂ ‘ਬਈ ਕੀ ਥੁੜਿਆ ਪਿਐ ਅਜਿਹੇ ਲੋਕਾਂ ਬਿਨ੍ਹਾਂ, ਊਈਂ ਸੱਦੀ ਜਾ ਰਹੇ ਨੇ ਟਰੱਕ ਦੇ ਟਰੱਕ ਭਰਕੇ।’ ਇਹ ਤਾਂ ਉਸ ਘੜੀ ਮੇਰੀ ਸੋਚਣੀ ਸੀ ਜਾਂ ਕਹਿ ਲਉ ਮੇਰੇ ਮਨ ’ਚ ਝਰਨੇ ਵਾਂਗ ਫੁੱਟਿਆ ਗੁੱਸਾ ਸੀ, ‘ਬਈ ਸਰਬ ਸੰਪੰਨ ਦੇਸ਼ ਦੇ ਇੰਨੇ ਵੱਡੇ ਸਟੋਰ ਦਾ ਮੈਨੇਜਰ ਅਤੇ ਮੇਰੀ ਗੱਲ ਸਮਝਣ ਦੇ ਕਾਬਲ ਹੀ ਨਹੀਂ।’ ਫਿਰ ਮੈਨੂੰ ਇਹ ਵੀ ਲੱਗਿਆ ‘ਬਈ ਹੋ ਸਕਦੈ ਇਹਨੇ ਮਨ ਵਿੱਚ ਮੈਨੂੰ ਵੀ ਦੋ ਚਾਰ ਗਾਲ੍ਹਾਂ ਅੰਗਰੇਜ਼ੀ ’ਚ ਕੱਢੀਆਂ ਹੋਣ’ ਇਸ ਪ੍ਰਤੀ ਮੈਂ ਕੋਈ ਪ੍ਰਤੀਕਿਰਿਆ ਕਰਦਾ,ਉਸਦੇ ਚੇਹਰੇ ਦੇ ਹਾਵ ਭਾਵਾਂ ਤੋਂ ਮੈਂ ਪਹਿਲਾਂ ਹੀ ਅੰਦਾਜ਼ਾ ਲਾ ਲਿਆ ਕਿ ਇਸਨੇ ਗਾਲ੍ਹਾਂ ਨਹੀਂ ਕੱਢੀਆਂ ਹੋਣੀਆਂ।ਇਹਨਾਂ ਜ਼ਰੂਰ ਹੋ ਗਿਆ ਕਿ ਉਹਨੇ ਹੱਥਾਂ ਦੇ ਇਸ਼ਾਰਿਆਂ ਨਾਲ ਸਮਝਾ ਦਿੱਤਾ, ‘ਬਈ ਤੇਰੇ ਲਈ ਇੱਥੇ ਕੋਈ ਕੰਮ ਨ੍ਹੀਂ, ਔਹ ਹੈ ਬੂਹੇ ਦਾ ਦਰਵਾਜ਼ਾ, ਹੋਰ ਕਿਤੇ ਭਾਲ ਕੰਮ ਜਾਕੇ।’

## ਹਾਸ ਵਿਅੰਗ- ਜਦੋਂ ਮੇਰਾ ਡਾਲਰਾਂ ਨੂੰ ਹੱਥ ਪਿਆ

ਬੜਾ ਹੀ ਗੁੱਸਾ ਆਇਆ- ਆਪਣੇ ਆਪ ਤੇ।ਅੱਜ ਤੋਂ ਤੀਹ ਸਾਲ ਪਹਿਲਾਂ ਅਮਰੀਕਾ ਆ ਕੇ ਸੈਟਲ ਹੋਏ ਭਰਾ ਦੀ ਵਾਰ ਵਾਰ ਕੀਤੀ ਅੰਗਰੇਜ਼ੀ ਸਿੱਖਣ ਦੀ ਤਾਕੀਦ ਨੂੰ ਕਿਉਂ ਨਾ ਮੰਨਿਆ? ਪਰ ਮੰਨਦੇ ਵੀ ਕਿਵੇਂ? ਉਦੋਂ ਤਾਂ ਅਸੀਂ ਸਾਡੇ ਪਿੰਡ ਵਾਲੇ ਸਕੂਲ ਦੇ ਪੰਜਾਬੀ ਮਾਸਟਰ ਅਤੇ ਖੇਡ-ਸਿੱਖਿਆ ਮਾਸਟਰ ਜੀ ਦੇ ਅੰਧ-ਭਗਤ ਸੀ, ਉਹਨਾਂ ਦੇ ਕਹੇ ਇਕ ਇਕ ਸ਼ਬਦ 'ਤੇ ਇਕ ਇਕ ਫੁੱਲ ਹੀ ਨਹੀਂ ਸਾਰੇ ਦਾ ਸਾਰਾ ਬਾਗ ਹੀ ਚੜ੍ਹਾਉਂਦੇ ਸੀ। ਉਹਨਾਂ ਦਾ ਕਹਿਣਾ ਸੀ ਆਹ ਅੰਗਰੇਜ਼ ਸਾਡੇ ਦੇਸ਼ ਦਾ ਸੋਨਾ-ਸੂਨਾ ਅਤੇ ਹੋਰ ਨਿੱਕ-ਸੁੱਕ ਲੈਗੇ ਹੂੰਝ ਕੇ।ਆਪ ਤਾਂ ਸਾਲੇ ਭੱਜ ਗਏ ਵਲਾਇਤ ਨੂੰ ਅਤੇ ਆਪਦੀ ਮਾਂ ਅੰਗਰੇਜ਼ੀ ਨੂੰ ਸਾਡੀ ਜਾਨ ਦਾ ਖਉ ਬਣਾ ਗਏ, ਨਾ ਕੋਈ ਸ਼ਕਲ-ਸੂਰਤ, ਕੰਜਰ ਦੀ ਦੇ ਅੱਖਰ ਵੀ ਘੋਨ-ਮੋਨ,ਕਦੇ ਬੌਣੇ ਬਣ ਜਾਂਦੇ ਨੇ 'ਤੇ ਕਦੇ ਐਵੇਂ ਹੀ ਸਫੈਦੇ ਵਾਂਗ ਕੱਦ ਵਧਾਈ ਜਾਂਦੇ ਨੇ। ਇਧਰ ਸਾਡੀ ਗੁਰਮੁਖੀ! ਹਰ ਅੱਖਰ ਦਾ ਆਪਣਾ ਹੀ ਖਿੱਚ-ਭਰਪੂਰ ਰੂਪ, ਜਦੋਂ ਫਿਰ ਸਿਹਾਰੀਆਂ ਬਿਹਾਰੀਆਂ ਕੰਨਿਆਂ ਆਦਿ ਨੂੰ ਆਪਣੀ ਕੁੱਛੜ ਚੁੱਕ ਕੇ ਖੜ੍ਹ ਜਾਂਦੇ ਨੇ ਤਾਂ ਲੱਗਦੈ ਜਿਵੇਂ ਪਹਿਲਵਾਨ ਮੁਗਧਰ ਚੁੱਕੀ ਖੜ੍ਹੇ ਹੋਣ।'ਤੇ ਅੰਗਰੇਜ਼ੀ ਦਾ ਐਸਾ ਹਊਆ ਮਨ 'ਚ ਵੜਿਆ ਕਿ ਅਮਰੀਕਾ ਆ ਜਾਣ 'ਤੇ ਵੀ ਨਾਲ ਨਾਲ ਤੁਰਿਆ ਫਿਰਦੈ।

ਥੋੜ੍ਹੇ ਦਿਨ ਧੱਕੇ-ਧੁਕੇ ਖਾ ਕੇ ਦੋਸਤਾਂ ਮਿੱਤਰਾਂ ਦੀ ਸਲਾਹ 'ਤੇ ਥੋਹੜੀ ਬਹੁਤ 'ਪੰਜਰੇਜ਼ੀ' 'ਚ ਕਿਸੇ ਸਾਹਮਣੇ ਕੁਝ ਕਹਿ ਕੇ ਸਮਝਾਉਣ ਦੀ ਪ੍ਰੈਕਟਿਸ ਕਰ ਲਈ ਅਤੇ ਜਾ ਵੱਜੇ ਇਕ ਹੋਰ ਸਟੋਰ 'ਤੇ। ਪਤਾ ਲੱਗਿਆ ਕਿ ਇੱਥੇ ਕਾਫੀ ਪੰਜਾਬੀ ਕੰਮ ਕਰਦੇ ਹਨ: ਇਕ ਦੋ ਜਣਿਆ ਨੂੰ ਖੜ੍ਹਾਕੇ ਪੁੱਛਣ ਦੀ ਕੋਸ਼ਿਸ਼ ਕੀਤੀ ਕਿਸੇ ਨੇ ਬਾਹਲੀ ਗੱਲ ਨਾ ਸੁਣੀ। ਹਾਂ, ਇਕ ਅੱਧਖੜ ਔਰਤ ਨੇ ਮੈਨੂੰ ਮੈਨੇਜਰ ਦੇ ਸਾਹਮਣੇ ਜਾ ਖੜਾਇਆ। ਮੂੰਹ ਨਾਲ ਗੁੱਡ-ਮੌਰਨਿੰਗ ਕਹਿਣ ਦੀ ਬਜਾਇ ਹੱਥਾਂ ਨਾਲ ਹੀ ਨਮਸਤੇ ਕਹਿ ਕੇ ਉਸਨੂੰ ਪੰਜਰੇਜ਼ੀ 'ਚ ਕਹਿਣਾ ਸ਼ੁਰੂ ਕੀਤਾ ਕਿ ਮੈਂ ਪੰਜਾਬ ਵਿੱਚ ਸਰਕਾਰੀ ਮਹਿਕਮੇ ਵਿੱਚ ਪੈਂਤੀ ਸਾਲ ਨੌਕਰੀ ਕੀਤੀ ਅਤੇ ਲੋਕਾਂ ਦੀ ਬੜੀ ਸੇਵਾ ਕੀਤੀ ਹੈ...। ਉਹਦੇ ਚੇਹਰੇ 'ਤੇ ਮੁਸਕਰਾਹਟ ਫੈਲ ਗਈ, ਸ਼ਾਇਦ ਉਹ ਸੋਚਦਾ ਹੋਵੇਗਾ ਕਿ ਪੰਜਾਬ ਦਾ ਸਰਕਾਰੀ ਮੁਲਾਜ਼ਮ ਅਤੇ ਲੋਕ ਸੇਵਾ! ਆਹ ਤਾਂ ਯਾਰ ਅਜੂਬਾ ਹੀ ਕੀ, ਅਤਿਕਥਨੀ ਹੈ।ਇਹ ਵੀ ਸਮਝਿਆ ਹੋਊ ਕਿ ਬੰਦਾ ਕੰਮ-ਚੋਰ ਹੀ ਹੋਊ। ਕਿਉਂਕਿ ਸਾਡੇ ਮੁਲਾਜ਼ਮਾਂ ਦੇ ਜੁਗਾੜਬੰਦੀਆਂ, ਫਰਲੋ ਮਾਰਨ, ਕੰਮ ਲਟਕਾਉਣ ਆਦਿ ਦੇ ਈਜਾਦ ਕੀਤੇ ਤਰੀਕਿਆਂ ਨੇ ਦੁਨੀਆਂ ਨੂੰ ਵੀ ਹੈਰਾਨੀ 'ਚ ਪਾ ਰੱਖਿਆ ਹੈ। ਮੈਨੂੰ ਲੱਗਿਆ,ਪੈ ਗਿਆ ਪੰਗਾ! 'ਤੇ ਉਸ ਨੇ ਵੀ ਹੱਸਦਿਆਂ ਹੱਸਦਿਆਂ ਢਿੱਲਾ ਜਿਹਾ ਮੂੰਹ ਬਣਾਕੇ, 'ਸੌਰੀ, ਨੋ ਜੋਬ, ਕਹਿੰਦਿਆਂ ਕਿਸੇ ਹੋਰ ਸਟੋਰ ਨੂੰ ਸੇਵਾਵਾਂ ਦੇਣ ਲਈ ਮੈਨੂੰ ਮਜਬੂਰ ਕਰ ਦਿੱਤਾ। ਦਿਨੋ

## ਹਾਸ ਵਿਅੰਗ- ਜਦੋਂ ਮੇਰਾ ਡਾਲਰਾਂ ਨੂੰ ਹੱਥ ਪਿਆ

ਦਿਨੋ ਧੱਕੇ ਖਾਣ ਅਤੇ ਕੁਝ ਇੱਥੋਂ ਦੇ ਮਾਹੌਲ ਦੇ ਪ੍ਰਭਾਵ ਅਧੀਨ ਭਾਰਤੀ ਸੰਸਕਾਰ ਸਾਡੇ ਚੋਂ ਮਨਫੀ ਹੋਣ ਦੀ ਤਾਕ 'ਚ ਸਨ, ਇਸੇ ਲਈ ਉਦਾਸੀਨ ਹੋ ਰਹੇ ਸਨ। ਦੂਸਰਾ ਸਾਡਾ ਮਨ ਵੀ ਭਾਰਤ 'ਚੋਂ ਤੁਰਨ ਵੇਲੇ ਮਨ ਹੀ ਮਨ ਭਾਰਤ ਮਾਤਾ ਨਾਲ ਕੀਤਾ ਵਾਅਦਾ ਸਾਨੂੰ ਸੱਭ ਕੁਝ ਕਰਨ ਲਈ ਦ੍ਰਿੜਤਾ ਬਖਸ਼ ਰਿਹਾ ਸੀ। ਉਦੋਂ ਭਾਰਤ-ਮਾਂ ਦਾ ਉਲਾਭਾ ਸੀ, ਪੁੱਤ ਪਹਿਲਾਂ ਤਾਂ ਮੈਨੂੰ ਅੰਗਰੇਜ਼ ਚੂੰਢ ਚੂੰਢ ਕੇ ਖਾ ਗਏ ਹੁਣ ਵੀ ਨਿਕੰਮਿਆ ਦੇ ਵੱਸ ਪਈ ਹੋਈ ਹਾਂ। ਤੇਰੇ ਵਰਗੇ  ਬੰਦੇ ਮੇਰੇ ਤੋਂ ਕਿਨਾਰਾ ਕਰ ਬਾਹਰ ਨੂੰ ਭੱਜ ਰਹੇ ਹਨ। ਪਤਾ ਨਹੀਂ ਮੇਰੇ ਅੱਛੇ ਦਿਨ ਕਦੋਂ ਆਉਣਗੇ? ਤਾਂ ਮੈਂ ਕਿਹਾ ਸੀ,ਮਾਂ ਫਿਕਰ ਨਾ ਕਰ, ਮੈਂ ਉਥੋਂ ਡਾਲਰ ਤੋੜ ਕੇ ਸੱਭ ਤੇਰੇ 'ਚ ਨਿਵੇਸ਼ ਕਰਨ ਲਈ ਭੇਜਦਾ ਰਹਾਂਗਾ ਮੈਨੂੰ ਉਮੀਦ ਹੀ ਨਹੀਂ ਯਕੀਨ ਹੈ, ਜਲਦੀ ਹੀ ਤੇਰੀ ਹਾਲਤ ਨਾਰਮਲ ਹੋ ਜਾਵੇਗੀ।

ਤੇ ਅਖੀਰ ਇਕ ਦਿਨ ਇਕ ਸਟੋਰ ਮਾਲਕ ਨੇ ਸਾਡੀ ਕਾਬਲੀਅਤ ਨੂੰ ਪਛਾਣ ਹੀ ਲਿਆ। ਉਹਨੇ ਸੁਣ ਰੱਖਿਆ ਸੀ- ਇਕ ਭਾਰਤੀ ਦਾ ਕਿੱਸਾ; ਸਟੋਰ ਤੇ ਕੰਮ ਕਰਦੇ ਨੂੰ ਪਹਿਲੇ ਦਿਨ ਹੀ ਮਾਲਕ ਨੇ ਸ਼ਾਮ ਨੂੰ ਪੁੱਛਿਆ," ਹਾਂ ਬਈ ਅੱਜ ਕਿੰਨੇ ਗਾਹਕ ਭੁਗਤਾਏ" ਤਾਂ ਉਹ ਕਹਿੰਦਾ, "ਇਕ","ਬੱਸ! ਇਉਂ ਤਾਂ ਸਟੋਰ ਦਾ ਭੱਠਾ ਹੀ ਬਹਿਜੂ, ਤੈਨੂੰ ਹਟਾਉਣਾ ਪਵੇਗਾ।ਹਾਂ,ਕਿੰਨੇ ਡਾਲਰ ਵੱਟੇ ਉਸਤੋਂ?"  ਤਾਂ ਉਹ ਕਹਿੰਦਾ,"ਜੀ,ਤੇਰ੍ਹਾਂ ਹਜ਼ਾਰ" "ਹੈਂ! ਕਿਉ ਗੱਪ ਮਾਰਦੈ? ਚੰਗੇ ਤੋਂ ਚੰਗਾ ਸੇਲਜਮੈਨ ਅੱਜ ਤੱਕ ਕਿਸੇ ਇਕ ਗਾਹਕ ਤੋਂ ਪਹਿਲੇ ਹੀ ਦਿਨ ਇੰਨੇ ਨਹੀਂ ਵੱਟ ਸਕਿਆ ਤੂੰ ਕਿਵੇਂ ਵੱਟਤੇ?" " ਮੈਂ ਉਸਨੂੰ ਸਮੁੰਦਰ 'ਚੋਂ ਮੱਛੀਆ ਫੜ੍ਹਨ ਵਾਲੀ ਕਿਸ਼ਤੀ ਵੇਚ ਤੀ।" " ਉਹ, ਜਿਹੜੀ ਸਟੋਰ 'ਚ ਕਬਾੜ 'ਚ ਸੁੱਟੀ ਪਈ ਸੀ! ਕਮਾਲ ਹੋ ਗਈ ਯਾਰ,ਸਾਡੇ ਕੋਲ ਤਾਂ ਅੱਜ ਤੱਕ ਨਹੀਂ ਆਇਆ ਗਾਹਕ ਉਹਦਾ ।" "ਮੇਰੇ ਕੋਲ ਵੀ ਉਹ ਕਦੋਂ ਆਇਆ ਸੀ? ਆਇਆ ਤਾਂ ਉਹ ੳ.ਟੀ.ਸੀ(ਕਾਊਂਟਰ ਉਪਰੋਂ) ਤੋਂ ਸਿਰ ਦੁਖਦੇ ਦੀ ਗੋਲੀ ਲੈਣ ਸੀ। ਮੈਨੂੰ ਉਸ ਪੁੱਛ ਲਿਆ ਕਿਹੜੀ ਗੋਲੀ ਲਵਾਂ, ਤਾਂ ਮੈਂ ਉਸਨੂੰ ਪੁੱਛਿਆ, ਕੀ ਕਰਦੇ ਹੋ, ਕਹਿੰਦਾ ਹੁਣੇ ਰੀਟਾਇਰ ਹੋਇਆ ਹਾਂ, ਮੈਂ ਕਿਹਾ ਤੁਹਾਡਾ ਸਿਰ ਫਿਰ ਤਾਹੀਉਂ ਦੁਖਦਾ ਹੈ। ਕੋਈ ਸ਼ੌਂਕ ਹੈ? ਉਸ ਕਿਹਾ ਮੱਛੀਆਂ ਫੜਣ ਦਾ।ਲੈ ਬਣ ਗਈ ਗੱਲ, ਹਰ ਰੋਜ਼ ਜਾਇਆ ਕਰੋ ਸਮੁੰਦਰ ਕਿਨਾਰੇ, ਦੋ ਘੰਟੇ ਸਾਈਕਲ ਚਲਾਇਆ ਕਰੋ ਉਥੇ, ਤੇ ਉਸ ਨੂੰ ਸਾਈਕਲ ਦੇ ਦਿੱਤਾ। ਇਸੇ ਤਰ੍ਹਾਂ ਉਸਨੂੰ ਟਰੈਕ ਸੂਟ, ਕੁੰਡੀ, ਅਤੇ ਅਖੀਰ ਸਮਝਾ ਕੇ ਉਹ ਯਾਦ ਵੀ ਦੇ ਦਿੱਤੀ।"

" ਯਾਰ ਤੂੰ ਇੰਡੀਆ 'ਚ ਕਰਦਾ ਕੀ ਸੀ?"

"ਮੈਂ ਉਥੇ ਡਾਕਟਰ ਸੀ।"

## ਹਾਸ ਵਿਅੰਗ- ਜਦੋਂ ਮੇਰਾ ਡਾਲਰਾਂ ਨੂੰ ਹੱਥ ਪਿਆ

"ਕਮਾਲ ਕਰਤੀ ਯਾਰ, ਗਾਹਕ ਫਸਾਉਣ ਦਾ ਗੁਰ ਕੀਹਤੋਂ ਸਿੱਖਿਆ, ਮੈਨੂੰ ਵੀ ਦੱਸ ਕੌਣ ਹੈ ਉਹ ਟੀਚਰ। ਤੂੰ ਸੰਭਾਲ ਮੇਰੀ ਸੀਟ ਮੈਂ ਵੀ ਇਹੋ ਜਿਹਾ ਕੋਰਸ ਕਰ ਆਵਾਂ।"

ਸ਼ਾਇਦ ਉਹਨੂੰ ਵੀ ਲੱਗਿਆ ਕਿ ਮੈਂ ਵੀ ਉਥੇ ਡਾਕਟਰੀ ਕਿੱਤੇ ਨਾਲ ਸੰਬੰਧਿਤ ਰਿਹਾ ਹਾਂ ਤੇ ਉਸ ਦੇ ਸਟੋਰ ਦੀ ਸੇਲ ਇੰਝ ਹੀ ਵਧਾ ਦਿਆਂਗਾ। ਦੋਸਤੋ ਪਹਿਲੇ ਦਿਨ ਜਦ ਅਮਰੀਕਾ ਦੀ ਸਰ-ਜਮੀਂ 'ਤੇ ਸਟੋਰ 'ਤੇ ਕੰਮ ਕੀਤਾ ਤਾਂ ਪਤਾ ਲੱਗ ਗਿਆ ਕਿ ਡਾਲਰ ਰੁਪਈਏ ਨਾਲੋਂ ਇੰਨਾਂ ਸਖਤ ਕਿਉਂ ਹੈ? ਅਸੀਂ ਭਾਰਤ 'ਚ ਰਹਿੰਦੇ ਲੋਕ ਬਾਹਲੀ ਹੀ ਕਿਸਮਤ ਵਾਲੇ ਆਂ-ਦਫਤਰਾਂ, ਫੈਕਟਰੀਆਂ, ਦੁਕਾਨਾਂ, ਸਟੋਰਾਂ 'ਤੇ ਕੰਮ ਕਰਦਿਆਂ ਘੰਟਿਆਂ ਦਾ ਕੱਦ ਜਿੰਨਾਂ ਮਰਜ਼ੀ ਛੋਟਾ ਕਰ ਸਕਦੇ ਹਾਂ, ਕੁਰਸੀਆਂ ਸਟੂਲਾਂ ਦੇ ਕੜਿਲ ਕੱਢ ਸਕਦੇ ਹਾਂ,ਮਿੰਟ ਮਿੰਟ ਤੇ ਲਘੂ-ਸ਼ੰਕਾ ਨਵਿਰਤ ਹੋਣ ਜਾ ਸਕਦੇ ਹਾਂ, ਚਾਹ ਤਾਂ ਭਾਵੇਂ ਬੁੱਲਾਂ ਨੂੰ ਸਾਰਾ ਸਮਾਂ ਲਾਈ ਰੱਖੋ ਕਿਸੇ ਮਾਂ ਦੇ ਸ਼ੇਰ ਦੀ ਜ਼ੁਅਰਤ ਨਹੀਂ ਕਿ ਤੁਹਾਡੇ ਇਸ ਮੌਲਿਕ ਅਧਿਕਾਰ 'ਚ ਖਲਲ ਪਾ ਸਕੇ।ਰੁਪਈਆ ਸੌਖ ਨਾਲ ਕਮਾਇਆ ਜਾ ਸਕਦਾ ਹੈ ਇਸੇ ਲਈ ਵਿਚਾਰਾ ਨਰਮ-ਦਿਲ ਹੈ,ਕਿਸੇ ਨੂੰ ਬਹੁਤਾ ਤੰਗ ਨਹੀਂ ਕਰਦਾ।ਪਰ ਦੁੱਖ ਇਹ ਹੈ ਜਿਵੇਂ ਸਾਡੀਆਂ ਫਿਲਮਾਂ ਦਾ ਇਕਹਿਰੇ ਬਦਨ ਦਾ ਸ਼ੂਕਰਾ ਜਿਹਾ ਹੀਰੋ ਵਿਲੇਨਾਂ ਦੀ ਹਥਿਆਰਾਂ ਨਾਲ ਲੈਸ ਟੀਮ ਨੂੰ ਮਧੋਲੀ ਹੀ ਫਿਰਦੈ ਉਵੇਂ ਇਹ ਸੱਤਰ ਬਹੱਤਰ ਰੁਪੀਏ ਵੀ ਜਦ ਡਾਲਰ ਦੇ ਸਾਹਮਣੇ ਆਉਂਦੇ ਹਨ ਆਪਣਾ ਕਰੰਟ ਗੁਆ ਬਹਿੰਦੇ ਨੇ।

ਘੰਟੇ ਕੁ ਬਾਅਦ ਹੀ ਲੱਤਾਂ ਨੇ ਚੂੰਢੀਆਂ ਵੱਢਣੀਆਂ ਸ਼ੁਰੂ ਕਰ ਦਿੱਤੀਆ, ਬਈ ਮੰਗੂ ਰਾਮਾ ਕਰ ਖਾਂ ਬੈਠਣ ਦਾ ਕੋਈ ਇੰਤਜ਼ਾਮ। ਚਾਰੇ ਪਾਸੇ ਨਜ਼ਰ ਘੁੰਮਾਈ ਕੋਈ ਸਟੂਲ ਵਗੈਰਾ ਨਜ਼ਰ ਨਾ ਆਇਆ।ਉਦੋਂ ਮਨ 'ਚ ਸੋਚਿਆ ਯਾਰ ਇੱਥੇ ਕੁਰਸੀਆਂ ਸਟੂਲਾਂ ਦੀ ਸਪਲਾਈ ਦਾ ਕੰਮ ਵੀ ਵਧੀਆ ਚੱਲ ਸਕਦਾ ਹੈ ਪਰ ਇਹ ਪਲਾਨਿੰਗ ਉਦੋਂ ਹੀ ਠੁੱਸ ਕਰਨੀ ਪਈ ਜਦੋਂ ਪਤਾ ਲੱਗਿਆ ਬਈ ਇੱਥੇ ਕੰਮ ਸਮੇਂ ਕੁਰਸੀਆਂ ਸਟੂਲਾਂ 'ਤੇ ਬੈਠਣ ਦੀ ਆਗਿਆ ਹੀ ਨਹੀਂ। ਮਨ ਨੂੰ ਵੀ ਚੈਨ ਆਈ ਜਦ ਵੇਖਿਆ ਕਿ ਖੁਦ ਮਾਲਕ ਕੁਰਸੀਆਂ ਸਟੂਲਾਂ ਦੇ ਹੁੰਦਿਆਂ ਆਪ ਖੜ੍ਹ ਕੇ ਕੰਮ ਕਰ ਰਿਹਾ ਹੈ।ਲੱਤਾਂ ਨੂੰ ਸੁਨੇਹਾ ਭੇਜਿਆ, ਸਬਰ ਰੱਖ, ਅੱਛੇ ਦਿਨ ਵੀ ਆ ਜਾਣਗੇ। ਸਵਾ ਮਣ ਦੀ ਦੇਹੀ ਨੂੰ ਦੇਈ ਰੱਖ ਸਹਾਰਾ। ਉਦੋਂ ਹੀ ਮਨ ਨੂੰ ਡਾਲਰ ਰੂਪੀ ਰੱਬ ਦੀ ਯਾਦ 'ਚ ਲਾ ਲਿਆ। ਜਿਵੇਂ ਜਿਵੇਂ ਘੰਟੇ ਵਧੀ ਜਾ ਰਹੇ ਸਨ ਮਨ ਦਾ ਕੈਲਕੂਲੇਟਰ ਡਾਲਰਾਂ ਦੀ ਗਿਣਤੀ ਕਰ ਕਰ ਕੇ ਖੁਸ਼ ਹੋ ਰਿਹਾ ਸੀ ਆਖਰਕਾਰ ਅਸੀਂ ਇੰਨਾਂ ਡਾਲਰਾਂ ਨਾਲ ਹੀ ਦੇਸ਼ ਦੀ ਆਰਥਿਕਤਾ ਨੂੰ ਸਹਾਰਾ ਜੋ ਦੇਣਾ ਸੀ। ਕੰਮ ਤੋਂ ਵਿਹਲੇ ਹੋ ਜਾਈਏ ਫਿਰ ਕਰਦੇ ਹਾਂ

## ਹਾਸ ਵਿਅੰਗ- ਜਦੋਂ ਮੇਰਾ ਡਾਲਰਾਂ ਨੂੰ ਹੱਥ ਪਿਆ

ਭਾਰਤ ਸਰਕਾਰ ਨਾਲ ਗੱਲ। ਬਈ ਬਣਾ ਲਉ ਕੋਈ ਪਲਾਨਿੰਗ ਪਲੂਨਿੰਗ ਡਾਲਰ ਇਨਵੈਸਟ ਕਰਨ ਦੀ।ਅਜੇ ਮੈਂ ਸੋਚ ਹੀ ਰਿਹਾ ਸੀ ਕਿ ਬਠਿੰਡਾ ਤੋਂ ਸੁਖਦਰਸ਼ਨ ਦਾ ਫੋਨ ਆ ਗਿਆ, " ਉਏ ਤੂੰ ਤਾਂ ਨਹੀਂ ਦੱਸਿਆ ਪਰ ਸਾਨੂੰ ਤਾਂ ਫਿਰ ਵੀ ਪਤਾ ਲੱਗ ਹੀ ਗਿਆ,ਤੇਰਾ ਡਾਲਰਾਂ ਨੂੰ ਹੱਥ ਪੈ ਚੱਲਿਆ ਹੈ। ਯਾਦ ਐ ਨਾ ਤੁਰਨ ਵੇਲੇ ਕੀਤਾ ਵਾਅਦਾ ਹੁਣ ਤਾਂ ਸੁੱਖ ਨਾਲ ਤਿੰਨ ਕਿਤਾਬਾਂ ਦੇ ਖਰੜੇ ਤਿਆਰ ਪਏ ਨੇ। ਨਾਲੇ ਸਭਾ ਲਈ ਵੀ ਆਪਾਂ ਹਾਲ ਬਣਾਉਣ ਦਾ ਹੀਲਾ ਤਾਂ ਕਰ ਲਿਆ ਹੁਣ ਉਸਦੇ ਅੰਦਰ ਮੇਜ਼ ਕੁਰਸੀਆਂ ਅਤੇ ਹੋਰ ਸਾਰਾ ਸਾਜ਼ੋ-ਸਮਾਨ ਤੇਰੇ ਜ਼ਿੰਮੇ ਐ। ਬਾਕੀ ਜਦੋਂ ਆਉਣਾ ਹੋਇਆ ਦੱਸ ਦੇਈਂ, ਤੇਰੇ ਮਾਨ ਸਨਮਾਨ 'ਚ ਪ੍ਰੋਗਰਾਮ ਰੱਖ ਲਵਾਂਗੇ, ਬਹਿਜਾ ਬਹਿਜਾ ਕਰਵਾ ਦਿਆਂਗੇ, ਅਸੀਂ ਤਾਂ ਹੁਣੇ ਤੋਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ।"

"ਤੁਹਾਨੂੰ ਅਤੇ ਤੁਹਾਡੇ ਵੱਲੋਂ ਮਿਲਦੇ ਰਹਿੰਦੇ 'ਘਰ ਫੂਕ ਤਮਾਸ਼ਾ' ਰੂਪੀ ਉਤਸ਼ਾਹ ਨੂੰ ਭੁੱਲ ਸਕਦੈ ਕਦੀ? ਪਰ ਯਾਰ ਤੂੰ ਹੁਣ ਭਾਰਤੀ ਕਰਮਚਾਰੀ ਨੂੰ ਫੋਨ ਨਹੀਂ ਕਰ ਰਿਹਾ ਬਲਕਿ ਇਕ ਅਮਰੀਕੀ ਕਰਮਚਾਰੀ ਨਾਲ ਗੱਲ ਕਰ ਰਿਹਾਂ ਹੈਂ ਇਸ ਲਈ ਜ਼ਰਾ ਸਮੇਂ-ਸੁਮੇਂ ਦਾ ਖਿਆਲ ਰੱਖਿਆ ਕਰ। ਕੋਈ ਪਤਾ ਨਹੀ ਫੋਨ 'ਤੇ ਗੱਲ ਕਰਦਿਆਂ ਨੂੰ ਸੁਣਕੇ ਪੱਕੇ ਤੌਰ 'ਤੇ ਆਰਾਮ ਕਰਨ ਦਾ ਹੁਕਮ ਹੀ ਦੇ ਦੇਣ।ਮੈਂ ਘਰੇ ਜਾਕੇ ਗੱਲ ਕਰਾਂਗਾਂ ਪਰ ਇਕ ਗੱਲ ਹੋਰ ਆਪਣੇ ਯਾਰਾਂ ਮਿੱਤਰਾਂ ਨੂੰ ਕਹਿਦੇ ਬਈ ਆਪਣੇ ਖਰੜੇ ਤਿਆਰ ਕਰ ਲੈਣ ਸੱਭ ਦੇ ਉਲਾਭੇਂ ਲਾਹ ਦਿਆਂਗੇ।"

ਹਫਤੇ 'ਚ ਕੇਵਲ ਤੀਹ ਘੰਟੇ ਕੰਮ ਕਰਕੇ ਪਤਾ ਲੱਗ ਗਿਆ ਕਿ ਕੰਮ ਕੀਹਨੂੰ ਕਹਿੰਦੇ ਨੇ।ਪਰ ਖੁਸ਼ੀ ਤਾਂ ਮਨ ਨੂੰ ਸੀ ਬਈ ਕਮਾਈ ਵੀ ਰੁਪਈਆ ਗੁਣਾ ਸੱਤਰ ਹੈ।ਹਫਤੇ ਬਾਅਦ ਜਦ ਮੁਲਾਜ਼ਮਾਂ ਨੂੰ ਬੁਲਾ ਬੁਲਾ ਕੇ ਚੈਕ ਦਿੱਤੇ ਗਏ ਤਾ ਮੇਰਾ ਧਿਆਨ ਉਧਰ ਹੀ ਸੀ ਕਿ ਕਦੋਂ ਬੁਲਾਉਣਗੇ ਤੇ ਕਰਾਂਗਾਂ ਡਾਲਰਾਂ ਦੇ ਚੈਕ ਦੇ ਦਰਸ਼ਨ। ਪਰ ਆਪਣੀਆਂ ਸੋਚਾਂ ਨੂੰ ਬੂਰ ਨਾ ਪਿਆ, ਕੰਮ ਛੱਡ ਕੇ ਮੈਂ ਹੀ ਮੈਨੇਜਰ ਦੇ ਜਾ ਦੁਆਲੇ ਹੋਇਆ ਉਸਨੇ ਕਈ ਭਾਸ਼ਾਵਾਂ ਦਾ ਮਿਸ਼ਰਣ ਬਣਾਕੇ ਮੇਰੇ ਦਿਮਾਗ 'ਚ ਗੱਲ ਪਾਈ ਕਿ ਅਗਲੇ ਹਫਤੇ।ਹੁੰਦਾ ਕਦੇ ਭਾਰਤ 'ਚ ਕਿਸੇ ਮੁਲਾਜ਼ਮ ਨਾਲ ਇਸ ਤਰ੍ਹਾਂ, ਕੁਝ ਪੁੱਛਣ ਦੱਸਣ ਤੋਂ ਬਿਨਾਂ ਹੀ ਗਲਮੇ 'ਚ ਹੱਥ ਪਾ ਲੈਂਣਾ ਸੀ। ਬਾਅਦ 'ਚ ਭਾਵੇਂ ਮਾਫੀ ਹੀ ਮੰਗਣੀ ਪੈਣੀ ਸੀ।

ਦੂਸਰਾ ਹਫਤਾ ਵੀ ਆ ਗਿਆ।ਚੈਕ ਵੰਡਣ ਦਾ ਦੌਰ ਫਿਰ ਸ਼ੁਰੂ ਹੋਇਆ। ਆਪਣਾ ਨੰਬਰ ਤਾਂ ਫਾਡੀ ਹੀ ਆਉਣਾ ਸੀ, ਆਇਆ, ਚੈਕ ਮਿਲਿਆ, ਦੇਖਣ ਦੀ ਬਜਾਇ, ਚੁੰਮਿਆ:ਜੇਬ ਨੂੰ ਨਿੱਘ ਦੇਣ ਲਈ ਮਰੋੜ ਕੇ ਜੇਬ 'ਚ ਹੀ ਪਾ ਲਿਆ।ਯਾਰ ਇਹਦੀ

## ਹਾਸ ਵਿਅੰਗ- ਜਦੋਂ ਮੇਰਾ ਡਾਲਰਾਂ ਨੂੰ ਹੱਥ ਪਿਆ

ਚੀਰ ਫਾੜ ਫਿਰ ਕਰਾਂਗੇ ਪਹਿਲਾਂ ਖੁਸ਼ੀ ਸਾਂਝੀ ਕਰੀਏ ਪਰ ਕੀਹਦੇ ਨਾਲ? ਦੋ ਤਿੰਨ ਯਾਰ ਯਾਦ ਆਏ ਪਰ ਉਹ ਤਾਂ ਕੰਮ 'ਤੇ ਹੋਣਗੇ 'ਤੇ ਅਖੀਰ ਇਕੋ ਹੀ ਜਾਣਾ,ਜਾਣੀ ਬਚਿਆ ਸ਼ਕਤੀ- ਵਾਟਰ।ਮਿਲ ਤਾਂ ਸਾਹਮਣਿਉ ਹੀ ਜਾਣਾ ਸੀ-ਲਈਏ ਬੋਤਲ, ਲਾਈਏ ਪੈਗ-ਸ਼ੈਗ, ਪਾਈਏ ਭੰਗੜਾ,ਫਿਰ ਇੰਡੀਅਨ ਲਲਕਾਰੇ। ਯਾਦ ਵੀ ਆ ਗਿਆ ਕਿ ਯਾਰ ਉਹ ਸਾਰਾ ਕੁਝ ਤਾਂ ਸਾਊਂਡ ਪਰੂਫ ਕਮਰੇ 'ਚ ਕਰਨਾ ਪਊ ਜਿੱਥੋਂ ਤੇਰੀ ਖੁਸ਼ੀ ਦੀ ਤਰੰਗ ਦਾ ਇਕ ਭੋਰਾ ਵੀ ਬਾਹਰ ਨਾ ਜਾ ਸਕੇ। ਜੇ ਫਿਰ ਇੰਡੀਅਨ ਹਿੰਢ ਪੁਗਾਉਣ ਦੀ ਕੋਸ਼ਿਸ਼ ਕੀਤੀ ਤਾਂ ਪਹਿਲੀ ਮਿਲੀ ਕਮਾਈ ਦਾ ਚੈਕ ਜੁਰਮਾਨੇ ਦੇ ਰੂਪ 'ਚ ਅਮਰੀਕਾ ਦੀ ਆਰਥਿਕਤਾ ਦਾ ਹਿੱਸਾ ਬਣ ਜਾਊ। ਨਹੀਂ ਨਹੀਂ ਯਾਰ ਇਹ ਨਹੀਂ ਕਰਨਾ ਫਿਰ ਭਾਰਤੀ ਆਰਥਿਕਤਾ ਨੂੰ ਕੌਣ ਠੁੰਮਣਾ ਦੇਊਂ। ਜਦੋਂ ਚੈਕ ਦੀ ਡੀਟੇਲ ਵੇਖੀ ਤਾਂ ਬੜਾ ਹੀ ਗੁੱਸਾ ਆਇਆ- ਅਮਰੀਕਨਾਂ ਦੀ ਬਿਜ਼ਨੈਸ-ਬੁੱਧੀ 'ਤੇ।ਕੰਜਰ ਦੇ ਬੰਦੇ 'ਤੇ ਭੋਰਾ ਇਤਬਾਰ ਨਹੀਂ ਕਰਦੇ, ਪਹਿਲਾਂ ਹੀ ਫੈਡਰਲ-ਟੈਕਸ, ਮੈਡੀਕੇਅਰ-ਟੈਕਸ, ਸੋਸ਼ਲ-ਸਕਿਉਰਟੀ ਟੈਕਸ, ਸਟੇਟ ਮੈਡੀਕਲ ਟੈਕਸ ਆਦਿ ਕੱਟਕੇ ਅੱਧ ਪਚੱਧਾ ਲੈ ਗਏ ਅਜੇ ਲੋਕਲ ਟੈਕਸ ਭਰਨੇ ਬਾਕੀ ਸਨ। ਤਿੰਨ ਸੌ ਚੋਂ ਉਹਨਾਂ ਡੇਢ ਸੌ ਹੀ ਪੱਲੇ ਪਾਇਆ। ਸੋਚਿਆ ਯਾਰ ਭਾਰਤ ਮਾਤਾ ਦਾ ਉਲਾਭਾਂ ਲਾਹ ਦੇਈਏ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਨੂੰ ਭੇਜ ਦੇਈਏ- ਭਾਰਤ ਮਾਤਾ 'ਚ ਨਿਵੇਸ਼ ਕਰਨ ਲਈ। ਪਰ ਇੱਥੇ ਤਾਂ ਬਾਅਦ 'ਚ ਵੀ ਭੇਜੇ ਜਾ ਸਕਦੇ ਹਨ। ਪਹਿਲਾਂ ਸਾਹਿਤ ਸਭਾ ਲਈ ਭੇਜੀਏ,ਨਾਲੇ ਸਾਹਿਤਕਾਰਾਂ ਨੂੰ ਇਸਦੀ ਜ਼ਿਆਦਾ ਜ਼ਰੂਰਤ ਹੈ। ਪਰ ਉਦੋਂ ਹੀ ਕੱਕੋ ਵੱਲੋਂ ਮਿਲਿਆ ਹੁਕਮ ਯਾਦ ਆ ਗਿਆ,"ਜੀ ਜਦੋਂ ਅੱਜ ਡਾਲਰ ਮਿਲ ਗਏ ਸਿੱਧੇ ਘਰੇ ਹੀ ਲੈਕੇ ਆਇਉ, ਐਵੇਂ ਨਾ ਰਸਤੇ 'ਚ ਖਰਚਣ ਬਹਿ ਜਿਓ। ਕਈ ਥਾਵਾਂ 'ਤੇ ਸੁਖਨਾ ਸੁੱਖੀ ਬੈਠੀ ਹਾਂ, ਸੱਭ ਲਈ ਸੁੱਚੇ ਡਾਲਰ ਕੱਢ ਕੇ ਦੇਣੇ ਨੇ, 'ਤੇ ਰਸੋਈ 'ਚੋਂ ਰਾਸ਼ਨ ਵੀ ਨੌ ਦੋ ਗਿਆਰਾਂ ਹੋਇਆ ਬੈਠਾ ਹੈ। ਬਾਕੀ ਮੈਂ ਆਪਣੇ ਮੇਕ ਅੱਪ ਦੇ ਸਮਾਨ ਲਈ ਕਿਸੇ ਸਹੇਲੀ ਨਾਲ ਰਾਬਤਾ ਕਾਇਮ ਰੱਖਿਆ ਹੋਇਆ ਹੈ, ਉਮੀਦ ਹੈ ਲੋਨ ਮਿਲ ਜਾਵੇਗਾ।"

ਬਾਕੀਆਂ ਨੂੰ ਤਾਂ ਮਨਾ ਲਵਾਂਗੇ ਪਰ ਅੱਗੇ ਹੋਮ-ਮਨਿਸਟਰੀ....ਮੇਰਾ ਖਿਆਲ, ਪਤੀ ਦੀ ਸੋਚ ਦੀ ਹੱਦ ਤੋਂ ਬਾਹਰ ਹੈ।

**ਅਮਰੀਕਾ**
**+1-425-286-0163**

# ਸੱਜਣ ਮੇਰੇ ਰੰਗੁਲੇ

## ਸ਼ਿਵਚਰਨ ਗਿੱਲ ਦੀ ਸਾਹਿਤਕ ਦੇਣ

ਪ੍ਰੋ. ਸਰਬਜੀਤ ਸਿੰਘ

ਪਰਵਾਸੀ ਪੰਜਾਬੀ ਲੇਖਕ ਜਿਹੜੇ ਸਰੀਰਕ ਤੌਰ ’ਤੇ ਸਾਡੇ ਤੋਂ ਵਿੱਛੜ ਚੁੱਕੇ ਹਨ ਤੇ ਜਿਨ੍ਹਾਂ ਨੇ ਪਰਵਾਸੀ ਪੰਜਾਬੀ ਸਾਹਿਤ ਸਿਰਜਣਧਾਰਾ ਨੂੰ ਸਥਾਪਿਤ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਈ, ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਹਿੱਤ ‘ਪਰਵਾਸ’ ਦੇ ਹਰੇਕ ਅੰਕ ਵਿਚ ਅਸੀਂ ਉਨ੍ਹਾਂ ਦੇ ਜੀਵਨ ਤੇ ਸਾਹਿਤਕ ਦੇਣ ਸਬੰਧੀ ਨਿਬੰਧਾਂ ਦੀ ਲੜੀ ਸ਼ੁਰੂ ਕੀਤੀ ਹੈ ਤਾਂ ਜੋ ਇਹ ਵਿੱਛੜੇ ਸਾਹਿਤਕਾਰ ਸਾਡੇ ਚੇਤਿਆਂ ਵਿਚ ਹਮੇਸ਼ਾ ਜੀਵੰਤ ਰਹਿਣ। ਇਸ ਤੋਂ ਪਹਿਲਾਂ ਸਵਰਨ ਚੰਦਨ, ਸਾਥੀ ਲੁਧਿਆਣਵੀ, ਕੇਸਰ ਸਿੰਘ ਕੇਸਰ, ਦਰਸ਼ਨ ਧੀਰ, ਰਘੁਬੀਰ ਢੰਡ ਪ੍ਰਕਾਸ਼ਿਤ ਕਰ ਚੁੱਕੇ ਹਾਂ। ਇਸ ਅੰਕ ਵਿਚ ਸ਼ਿਵਚਰਨ ਗਿੱਲ ਦੀ ਸਾਹਿਤਕ ਦੇਣ ਸੰਬੰਧੀ ਲੇਖ ਪ੍ਰਕਾਸ਼ਿਤ ਕਰ ਰਹੇ ਹਾਂ


ਸ਼ਿਵਚਰਨ ਗਿੱਲ

ਸ਼ਿਵਚਰਨ ਗਿੱਲ ਪੰਜਾਬ ਵਿਚ ਅਧਿਆਪਕ ਵੱਜੋਂ ਕਾਰਜਸ਼ੀਲ ਸੀ। ਅਕਤੂਬਰ 1965 ਵਿਚ ਉਹ ਬਰਤਾਨੀਆ ਪੁੱਜ ਗਏ। 1965 ਤੋਂ ਲੈ ਕੇ 1972 ਤਕ ਬ੍ਰਿਟਿਸ਼ ਏਅਰਵੇਜ਼ ਵਿਚ ਸਟੋਰ ਕੀਪਰ ਰਹੇ। ਫਿਰ 1972 ਵਿਚ ਵੂਲਵਰਹੈਂਪਟਨ ਟੀਚਰਜ਼ ਕਾਲਜ ਵਿਚ ਦਾਖ਼ਲਾ ਲੈ ਲਿਆ ਅਤੇ 1973 ਵਿਚ ਟੀਚਰ ਟ੍ਰੇਨਿੰਗ ਸਰਟੀਫਿਕੇਟ ਪ੍ਰਾਪਤ ਕਰ ਲਿਆ। ਸ਼ਿਵਚਰਨ ਗਿੱਲ ਅਜਿਹਾ ਪੰਜਾਬੀ ਸਾਹਿਤਕਾਰ ਹੈ ਜਿਸ ਨੂੰ ਬਦੇਸ਼ ਵਿਚ ਰਹਿੰਦੇ ਹੋਏ ਵੀ ਆਪਣੀ ਮਾਤ ਭਾਸ਼ਾ ਨਾਲ ਪਿਆਰ ਸੀ। ਉਸ ਨੇ ਕਵਿਤਾ, ਕਹਾਣੀ ਅਤੇ ਵਾਰਤਕ ਉਪਰ ਆਪਣਾ ਹੱਥ ਅਜ਼ਮਾਇਆ ਪਰ ਉਸ ਨੂੰ ਪ੍ਰਸਿੱਧੀ ਕਹਾਣੀ ਦੇ ਖੇਤਰ ਵਿਚ ਹੀ ਪ੍ਰਾਪਤ ਹੋਈ।


ਪ੍ਰੋ. ਸਰਬਜੀਤ ਸਿੰਘ

ਸ਼ਿਵਚਰਨ ਗਿੱਲ ਦਾ ਜਨਮ 6 ਮਾਰਚ 1937 ਵਿਚ ਪਿੰਡ ਰੂਮੀ ਜ਼ਿਲਾ ਲੁਧਿਆਣਾ, ਇਕ ਮੱਧ ਸ਼੍ਰੇਣੀ ਕਿਰਸਾਨੀ ਘਰ ਵਿਚ ਹੋਇਆ। ਸ਼ਿਵਚਰਨ ਗਿੱਲ ਦਾ ਜੀਵਨ ਕਈ ਵਚਿੱਤਰ ਘਟਨਾਵਾਂ ਵਿਚੋਂ ਗੁਜ਼ਰਿਆ। ਆਪ ਦੇ ਪਿਤਾ ਨੇੜੇ ਹੀ ਪਿੰਡ ਵਿਚ ਉਰਦੂ, ਫਾਰਸੀ ਤੇ ਅਧਿਆਪਕ ਸਨ ਜੋ 1947 ਤੋਂ ਬਾਅਦ ਅੰਗਰੇਜ਼ੀ ਅਤੇ ਪੰਜਾਬੀ ਦੇ ਅਧਿਆਪਕ ਬਣੇ। ਘਰ ਵਿਚ ਉਰਦੂ, ਫਾਰਸੀ ਸਾਹਿਤ ਦੇ ਭੰਡਾਰ ਕਾਰਨ ਹੀ ਛੋਟੀ

ਉਮਰ ਵਿਚ ਹੀ ਸਾਹਿਤ ਪੜ੍ਹਨ ਅਤੇ ਲਿਖਣ ਦਾ ਮੋਹ ਜਾਗ ਪਿਆ। ਆਪ ਦਾ ਦਾਦਾ ਖੇਤੀ ਕਰਦਾ ਸੀ ਪਰ ਪਿਤਾ ਜੀ ਦੇ ਖੇਤੀ ਵਿਚ ਹੱਥ ਨਾ ਵਟਾਉਣ ਖਾਤਰ ਸ਼ਿਵਚਰਨ ਗਿੱਲ ਨੂੰ ਆਪਣੇ ਦਾਦੇ ਨਾਲ ਖੇਤੀ ਦੇ ਕੰਮਾਂ ਵਿਚ ਹੱਥ ਵਟਾਉਣਾ ਪਿਆ। ਪਿਤਾ ਜੀ ਦਾ ਪਿੰਡ ਦੀ ਹੀ ਸੁਆਣੀ ਨਾਲ ਵਿਆਹ ਕਰਵਾ ਕੇ ਮਲੇਰਕੋਟਲੇ ਚਲੇ ਜਾਣਾ ਸ਼ਿਵਚਰਨ ਗਿੱਲ ਤੇ ਇਨ੍ਹਾਂ ਦੀ ਮਾਂ ਲਈ ਅਹਿਮ ਸਦਮੇ ਵਾਲੀ ਗੱਲ ਸੀ। ਇਸ ਦੁਖਾਂਤ ਨੇ ਸ਼ਿਵਚਰਨ ਗਿੱਲ ਨੂੰ ਛੋਟੀ ਉਮਰ ਵਿਚ ਹੀ ਪ੍ਰੋੜ ਬਣਾ ਦਿੱਤਾ:

> ਇਹ ਉਹ ਸਮਾਂ ਸੀ ਜਦੋਂ ਮੈਂ ਆਪ ਦੀ ਮਾਂ ਦੇ ਮੂੰਹ ’ਤੇ ਉਕਰਿਆ ਹੋਇਆ ਝੋਰਾ ਵੇਖ ਕੇ ਆਪ ਉਦਾਸ ਹੋ ਜਾਂਦਾ ਸੀ। ਮੇਰਾ ਛੋਟਾ ਭਰਾ ਅਤੇ ਭੈਣ ਇਸ ਦੁਖਾਂਤ ਨੂੰ ਸਮਝਣ ਜੋਗੇ ਨਹੀਂ ਸਨ। ਮੇਰੀ ਉਦਾਸੀਨਤਾ ਬਾਬਾ ਜੀ ਨੂੰ ਬਹੁਤ ਖਟਕਦੀ ਸੀ। ਉਹ ਮੈਨੂੰ ਬਹੁਤ ਦਿਲਾਸਾ ਦਿੰਦੇ ਪਰ ਮੈਂ ਉਹਨਾਂ ਦੀ ਤਿਫਲ ਤਸੱਲੀ ਦੇ ਯਥਾਰਥ ਨੂੰ ਸਮਝਦਾ ਸੀ। ਬੇਬੇ ਦੇ ਦੁਖਾਂਤ ਨੇ ਮੈਨੂੰ ਛੋਟੀ ਉਮਰ ਵਿਚ ਹੀ ਪ੍ਰੋੜ ਬਣਾ ਦਿੱਤਾ ਸੀ।

ਸ਼ਿਵਚਰਨ ਗਿੱਲ ਨੇ ਮੁੱਢਲੀ ਵਿੱਦਿਆ ਪਿੰਡ ਵਿਚ ਹੀ ਪ੍ਰਾਪਤ ਕੀਤੀ। ਬੀ. ਏ. ਕਰਨ ਉਪਰੰਤ ਬੀ. ਟੀ. ਖ਼ਾਲਸਾ ਕਾਲਜ ਗੁਰੂਸਰ ਸੁਧਾਰ ਤੋਂ ਕੀਤੀ, ਗਿਆਨੀ ਪ੍ਰਾਈਵੇਟ ਪਾਸ ਕੀਤੀ। ਉਹ ਪੰਜ ਸਾਲ ਤੋਂ ਵੱਧ ਸਮਾਂ ਪੰਜਾਬ ਵਿਚ ਅਧਿਆਪਕ ਦੇ ਅਹੁਦੇ ਉੱਪਰ ਰਹੇ। ਅਕਤੂਬਰ 1965 ਵਿਚ ਬਰਤਾਨੀਆ ਪੁੱਜ ਗਏ। 1965 ਤੋਂ ਲੈ ਕੇ ਸਤੰਬਰ 1972 ਤਕ ਬ੍ਰਿਟਿਸ਼ ਏਅਰਵੇਜ਼ ਵਿਚ ਸਟੋਰ ਕੀਪਰ ਰਹੇ। ਫਿਰ ਸਤੰਬਰ 1972 ਵਿਚ ਵੂਲਵਰਹੈਂਪਟਨ ਟੀਚਰਜ਼ ਕਾਲਜ ਵਿਚ ਦਾਖ਼ਲਾ ਲੈ ਲਿਆ ਅਤੇ ਦਸੰਬਰ 1973 ਵਿਚ ਟੀਚਰ ਟ੍ਰੇਨਿੰਗ ਸਰਟੀਫਿਕੇਟ ਪ੍ਰਾਪਤ ਕਰ ਲਿਆ।

ਸ਼ਿਵਚਰਨ ਗਿੱਲ ਅਜਿਹਾ ਪੰਜਾਬੀ ਸਾਹਿਤਕਾਰ ਹੈ ਜਿਸ ਨੂੰ ਵਿਦੇਸ਼ ਵਿਚ ਰਹਿੰਦੇ ਹੋਏ ਵੀ ਆਪਣੀ ਮਾਤ ਭਾਸ਼ਾ ਨਾਲ ਪਿਆਰ ਸੀ। ਉਸ ਨੇ ਕਵਿਤਾ ਅਤੇ ਕਹਾਣੀ ਉੱਪਰ ਆਪਣਾ ਹੱਥ ਅਜ਼ਮਾਇਆ ਪਰ ਉਸ ਨੂੰ ਪ੍ਰਸਿੱਧੀ ਕਹਾਣੀ ਦੇ ਖੇਤਰ ਵਿਚ ਹੀ ਪ੍ਰਾਪਤ ਹੋਈ। ਉਸ ਦੀਆਂ ਪ੍ਰਕਾਸ਼ਿਤ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ:

**ਕਹਾਣੀ ਸੰਗ੍ਰਹਿ**

ਗਊ ਹਤਿਆ
ਰੂਹ ਦਾ ਸਰਾਪ
ਭੈਅ ਦੇ ਪਰਛਾਵੇਂ
ਬਦਰੰਗ

ਖਰਾ ਖੋਟ
ਸਾਹਾਂ ਦਾ ਭਾਰ,
ਮਰਦਾਵੀਂ ਔਰਤ
ਖੂਹ ਦੀ ਮਿੱਟੀ
ਰੰਗ ਦਾ ਪੱਤਾ

**ਨਾਵਲ**
ਮੋਹਜਾਲ
ਲਾਵਾਰਸ
ਨਮੋਸ਼ੀ

**ਵਾਰਤਕ**
ਸੋਚ ਵਿਚਾਰ
ਘਾਟ-ਘਾਟ ਦਾ ਪਾਣੀ (ਯਾਤਰਾ ਬਿਰਤਾਂਤ)
ਕਰਮ ਦੀ ਕਰਾਮਾਤ (ਲੇਖ ਸੰਗ੍ਰਹਿ)

**ਕਵਿਤਾ**
ਅਲਖ
ਬਰਤਾਨਵੀ ਪੰਜਾਬੀ ਕਾਵਿ ਸੰਵੇਦਨਾ

ਉਸ ਦੇ ਕਾਵਿ ਸੰਗ੍ਰਹਿ 'ਅਲਖ' ਬਾਰੇ ਇਥੇ ਚਰਚਾ ਕਰ ਲੈਣੀ ਜ਼ਰੂਰੀ ਸਮਝਦੇ ਹਾਂ। ਸ਼ਿਵਚਰਨ ਗਿੱਲ ਦੇ ਕਾਵਿ ਸੰਗ੍ਰਹਿ 'ਅਲਖ' ਦੀਆਂ ਕਵਿਤਾਵਾਂ ਵਿਚ ਪਿਆਰ ਤੇ ਬਰਤਾਨਵੀ ਪਰਵਾਸੀ ਅਨੁਭਵ ਦੀ ਪ੍ਰਸਤੁਤੀ ਹੋਈ ਹੈ। ਜਿਹਾ ਕਿ ਲੇਖਕ ਨੇ ਆਪ ਵੀ ਇਹ ਗੱਲ ਸਵੀਕਾਰ ਕੀਤੀ ਹੈ ਕਿ ਇਸ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਸ੍ਵੈ ਤੋਂ ਸਮੂਹ ਤਕ ਦੇ ਸਫ਼ਰ ਦਾ ਚਿੱਠਾ ਹਨ। ਇਹ ਕਿਸੇ ਵਾਦ ਵਿਵਾਦ ਦਾ ਹੁੰਗਾਰਾ ਨਹੀਂ ਭਰਦੀਆਂ। ਇਹਨਾਂ ਰਾਹੀਂ ਆਪਣੇ ਸ੍ਵੈ ਦੀ ਸਮੂਹ ਨਾਲ ਸਾਂਝ ਪਾਈ ਹੈ ਜਾਂ ਇਹ ਕਹਿ ਸਕਦੇ ਹਾਂ ਕਿ ਸਮੂਹਕ ਜਜ਼ਬੇ ਨੂੰ ਆਪਣੇ ਸ੍ਵੈ ਵਿਚ ਸਮੋਇਆ ਹੈ।
ਇਸ ਸੰਗ੍ਰਹਿ ਦੀਆਂ ਬਰਤਾਨਵੀ ਪਰਵਾਸੀ ਅਨੁਭਵ ਨਾਲ ਸੰਬੰਧਿਤ ਕਵਿਤਾਵਾਂ ਪਰਵਾਸੀ ਜੀਵਨ ਦੇ ਯਥਾਰਥ ਨੂੰ ਪੇਸ਼ ਕਰਦੀਆਂ ਹਨ। ਤੁਰਿਆ ਚੱਲ ਪ੍ਰਦੇਸੀ,

ਆਪਣਾ ਕਿ ਪਰਾਇਆ, ਯਾਦਾਂ ਦਾ ਸਾਗਰ, ਨੀਗਰੋ ਦੀ ਆਵਾਜ਼, ਆਰੀਆ ਪੁਤਰ, ਚਿਤ੍ਰਕਾਰ, ਦੋ ਜੀਵਨ ਮੈਂ ਜੀਵਾਂ, ਜ਼ਿੰਦਗੀ ਵਿਕਾਊ ਹੈ ਤੇ ਪ੍ਰਵਾਸੀ ਭਟਕਣਾ ਆਦਿ ਕਵਿਤਾਵਾਂ ਨਾ ਸਿਰਫ਼ ਪਰਵਾਸੀ ਜੀਵਨ ਦੇ ਯਥਾਰਥ ਨੂੰ ਪ੍ਰਗਟ ਕਰਦੀਆਂ ਸਗੋਂ ਕਲਾਮਈ ਵੀ ਹਨ। ਮਿਸਾਲ ਲਈ ਕੁਝ ਟੂਕਾਂ ਪੇਸ਼ ਹਨ:

ਨਾ ਪੇਟ ਮੇਰੇ ਨੂੰ ਰੱਜਣ ਜੁੜਿਆ,
ਨਾ ਤਨ ਮੇਰੇ ਨੂੰ ਕੱਜਣ ਜੁੜਿਆ।
ਦੇਸ਼ ਆਪਣੇ ਢਿੱਡ ਦੀ ਭੁੱਖ ਹੈ,
ਦੇਸ਼ ਬਿਗਾਨੇ ਰੂਹ ਦਾ ਦੁੱਖ ਹੈ।

ਸ਼ਿਵਚਰਨ ਗਿੱਲ ਦਾ ਇਹ ਕਾਵਿ ਸੰਗ੍ਰਹਿ ਪਰਵਾਸੀ ਜ਼ਿੰਦਗੀ ਦੇ ਮੌਲਿਕ ਪ੍ਰਭਾਵਾਂ ਵਿਚ ਉਤਪੰਨ ਹੋਇਆ ਹੈ। ਸਵਰਨ ਚੰਦਨ ਨੇ ਇਸ ਸੰਗ੍ਰਹਿ ਬਾਰੇ ਟਿੱਪਣੀ ਕਰਦੇ ਹੋਏ ਵਿਚਾਰ ਪ੍ਰਗਟ ਕੀਤੇ ਹਨ–

> "ਸ਼ਿਵਚਰਨ ਗਿੱਲ ਦੀਆਂ ਪ੍ਰਵਾਸੀ ਜੀਵਨ ਨਾਲ ਸੰਬੰਧਿਤ ਕਵਿਤਾਵਾਂ ਮੌਲਿਕ ਪ੍ਰਭਾਵ ਉਤਪੰਨ ਕਰਦੀਆਂ ਹਨ।"

ਸ਼ਿਵਚਰਨ ਗਿੱਲ ਦੇ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਆਪਣੀ ਵਾਸਤਵਿਕਤਾ ਕਰਕੇ ਹੀ ਗਤੀਸ਼ੀਲਤਾ ਦਾ ਪ੍ਰਭਾਵ ਪਾਉਂਦੀਆਂ ਹਨ। ਜੇ ਥੋੜ੍ਹੇ ਸ਼ਬਦਾਂ ਵਿਚ ਇਸ ਕਾਵਿ ਸੰਗ੍ਰਹਿ ਦਾ ਮੁਲਾਂਕਣ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਸ ਕਾਵਿ ਸੰਗ੍ਰਹਿ ਨੇ ਬਰਤਾਨਵੀ ਪੰਜਾਬੀ ਕਵਿਤਾ ਦਾ ਮੂੰਹ ਮੁਹਾਂਦਰਾ ਨਿਖਾਰਨ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ।

ਸਾਹਿਤਕਾਰ ਦੇ ਸੰਬੰਧ ਵਿਚ ਇਕ ਹੋਰ ਗੱਲ ਚੇਤੇ ਰੱਖਣ ਵਾਲੀ ਹੈ ਕਿ ਉਹ ਆਪਣੀ ਭਾਸ਼ਾ ਅਤੇ ਸੰਸਕ੍ਰਿਤੀ ਨਾਲ ਪੂਰੀ ਤਰ੍ਹਾਂ ਜੁੜਿਆ ਹੁੰਦਾ ਹੈ। ਇਹ ਗੱਲ ਭਾਵੇਂ ਆਮ ਵਿਅਕਤੀ ਵਿਚ ਵੀ ਵੇਖਣ ਨੂੰ ਮਿਲਦੀ ਹੈ ਪਰ ਆਮ ਵਿਅਕਤੀ ਤੇ ਸਾਹਿਤਕਾਰ ਵਿਚ ਫ਼ਰਕ ਕੇਵਲ ਇਤਨਾ ਹੀ ਹੁੰਦਾ ਹੈ ਜਿੱਥੇ ਆਮ ਵਿਅਕਤੀ ਇਸ ਭਾਸ਼ਾ ਤੇ ਸੰਸਕ੍ਰਿਤੀ ਨੂੰ ਹੰਢਾਉਂਦਾ ਹੈ ਉੱਥੇ ਸਾਹਿਤਕਾਰ ਇਸ ਨੂੰ ਹੰਢਾਉਣ ਦੇ ਨਾਲ ਨਾਲ ਸੰਗਠਿਤ ਵੀ ਕਰਦਾ ਹੈ।

ਇਸ ਚਰਚਾ ਦੇ ਆਧਾਰ ਤੇ ਜਦੋਂ ਅਸੀਂ ਸ਼ਿਵਚਰਨ ਗਿੱਲ ਉੱਪਰ ਪਏ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਗਿੱਲ ਦੀ ਸਾਰੀ ਸ਼ਖਸ਼ੀਅਤ 1937 ਤੋਂ ਲੈ ਕੇ ਆਖਰੀ ਸਾਹਾਂ ਤੀਕ ਇਤਿਹਾਸਕ ਪ੍ਰਕਿਰਿਆ ਵਿਚ ਕਾਰਜਸ਼ੀਲ ਰਹੀ। ਗਿੱਲ ਨੇ ਆਪਣਾ ਬਚਪਨ ਤੇ ਜਵਾਨੀ ਪੰਜਾਬ ਦੇ ਸਭਿਆਚਾਰ ਵਿਚ ਗੁਜਾਰੀ, ਇਸ ਲਈ ਸੰਭਵ ਹੈ ਕਿ ਉਸ ਦੇ ਮਨ ਉੱਪਰ ਪੇਂਡੂ ਸਭਿਆਚਾਰ ਦੀ ਬਹੁਤ ਡੂੰਘੀ ਛਾਪ ਹੈ ਪਰ

ਇਸ ਦੇ ਨਾਲ ਨਾਲ ਗਿੱਲ ਨੇ ਸਮਕਾਲੀ ਪਰਿਸਥਿਤੀਆਂ ਦੇ ਅਧੀਨ ਉਤਪੰਨ ਹੋਣ ਵਾਲੇ ਸਾਹਿਤਕ ਸਮਾਜਕ ਤੇ ਵਿਚਾਰਧਾਰਾਈ ਮਸਲਿਆਂ ਤੋਂ ਪ੍ਰਭਾਵ ਗ੍ਰਹਿਣ ਕੀਤਾ ਹੈ। ਭਾਰਤੀ ਜ਼ਿੰਦਗੀ ਬਤੀਤ ਕਰਦੇ ਹੋਏ ਉੱਥੇ ਦੇ ਪ੍ਰਭਾਵ ਗ੍ਰਹਿਣ ਤੋਂ ਬਾਅਦ ਸ਼ਿਵਚਰਨ ਗਿੱਲ ਨੇ ਜਦੋਂ ਬਰਤਾਨੀਆ ਦੀ ਧਰਤੀ ਉੱਪਰ ਆਪਣਾ ਪੈਰ ਧਰਿਆ ਤਾਂ ਏਥੋਂ ਦੇ ਵਾਤਾਵਰਣ ਨੇ ਵੀ ਉਸ ਉੱਪਰ ਆਪਣਾ ਪ੍ਰਭਾਵ ਪਾਇਆ। ਉਸ ਦੇ ਕਹਾਣੀ ਸੰਗ੍ਰਹਿਾਂ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਉਸ ਦੀਆਂ ਕਹਾਣੀਆਂ ਦੇ ਵਿਸ਼ੇ ਪੰਜਾਬੀ ਮਾਨਸਿਕਤਾ ਦੁਆਰਾ ਪੱਛਮੀ ਜੀਵਨ ਵਿਧੀ ਨੂੰ ਗ੍ਰਹਿਣ ਕਰਨ ਦੀ ਸਮੱਸਿਆ ਨਾਲ ਸੰਬੰਧਿਤ ਹਨ। ਪੱਛਮੀ ਜੀਵਨ ਵਿਧੀ ਨੂੰ ਦੇਸੀ ਪੰਜਾਬ ਵਿਚ ਪ੍ਰਵਾਨ ਚੜੀ ਮਾਨਸਿਕਤਾ ਕਿਵੇਂ ਗ੍ਰਹਿਣ ਕਰ ਸਕਦੀ ਹੈ? ਇਸ ਦੇ ਕਰਮ ਪ੍ਰਤੀਕਰਮ ਗਿੱਲ ਨੇ ਆਪਣੀਆਂ ਰਚਨਾਵਾਂ ਵਿਚ ਬਹੁਤ ਥਾਈਂ ਪ੍ਰਗਟ ਕੀਤੇ ਹਨ। ਇਸ ਪਹਿਲੂ ਦਾ ਜਿਹੜਾ ਪੱਖ ਸਾਹਮਣੇ ਆਉਂਦਾ ਹੈ ਉਹ ਪਰਦੇਸ ਵਿਚ ਗਏ ਪੰਜਾਬੀਆਂ ਵਿਚ ਆਪਣੇ ਦੇਸ਼ ਲਈ, ਆਪਣੇ ਸਭਿਆਚਾਰ ਲਈ ਉਦਰੇਵੇਂ ਦੀ ਭਾਵਨਾ ਹੈ। ਰੋਟੀ ਦੀ ਖਾਤਰ ਇਹ ਲੋਕ ਪੱਛਮ ਵਿਚ ਮਸ਼ੀਨੀ ਜ਼ਿੰਦਗੀ ਦੀ ਕਰੜਾਈ ਸਹਿਣ ਕਰਦੇ ਹਨ ਪਰ ਦੇਸ ਦਾ ਮੋਹ ਪ੍ਰਬਲ ਰੂਪ ਵਿਚ ਮਨ ਵਿਚ ਗ੍ਰਸਿਆ ਹੋਇਆ ਹੁੰਦਾ ਹੈ। ਅਜਿਹੀ ਉਦਾਸੀਨਤਾ ਸ਼ਿਵਚਰਨ ਗਿੱਲ ਦੇ ਕਹਾਣੀ ਸੰਗ੍ਰਹਿ ‘ਗਊ ਹੱਤਿਆ’, ‘ਰੂਹ ਦਾ ਸਰਾਪ’ ਵਿਚਲੀਆਂ ਕਹਾਣੀਆਂ ਸਮੇਂ ਦਾ ਸੰਕਟ, ਆਵਾਸੀ, ਕਮਾਈ, ਕੰਨਾ, ਆਖਰੀ ਮੇਲ ਆਦਿ ਵਿਚ ਪ੍ਰਗਟ ਹੁੰਦੀ ਹੈ। ‘ਆਵਾਸੀ’ ਕਹਾਣੀ ਦੇ ਨਾਇਕ ਨੇ ਬਰਤਾਨੀਆ ਵਿਚ ਰਹਿੰਦੇ ਹੋਏ ਹਰ ਪ੍ਰਕਾਰ ਦੀਆਂ ਸਹੂਲਤਾਂ ਪ੍ਰਾਪਤ ਕਰ ਲਈਆਂ ਹਨ ਪਰੰਤੂ ਉਸ ਦੇ ਮਨ ਵਿਚ ਹਰ ਸਮੇਂ ਆਪਣੇ ਵਤਨ ਦੀ ਧਰਤੀ ਦੀ ਛੁਹ ਪ੍ਰਾਪਤ ਕਰਨ ਦੀ ਲਾਲਸਾ ਉਸ ਦੇ ਅੰਦਰ ਘੁਣ ਵਾਂਗ ਲੱਗੀ ਰਹਿੰਦੀ ਹੈ। ਇਸੇ ਪ੍ਰਕਾਰ ‘ਆਖਰੀ ਮੇਲ’ ਵਿਚਲੀ ‘ਮਾਂ’ ਇਸੇ ਸਮੱਸਿਆ ਦੀ ਸ਼ਿਕਾਰ ਹੈ। ਉਹ ਬੜੇ ਚਾਅ ਨਾਲ ਆਪਣੀ ਉਮਰ ਦੇ ਆਖਰੀ ਸਾਲ ਆਪਣੇ ਨੂੰਹ ਪੁੱਤਰ ਕੋਲ ਬਤੀਤ ਕਰਨ ਆਉਂਦੀ ਹੈ, ਪਰੰਤੂ ਪੱਛਮੀ ਵਾਤਾਵਰਣ ਉਸ ਦੀ ਦੇਸੀ ਸੋਚ ਦੇ ਅਨੁਕੂਲ ਨਹੀਂ ਹੈ ਤੇ ਉਹ ਵਾਪਸ ਦੇਸ਼ ਪਰਤਣ ਲਈ ਉਤਾਵਲੀ ਹੈ:

ਇਹ ਮੁਲਕ ਤਾਂ ਸੋਡੇ ਆਲਾ, ਨਵਾਂ ਲਹੂ ਆ ਸੋਡਾ.......

> ਸਾਨੂੰ ਬੁੜਿਆਂ ਨੂੰ ਤਾਂ ਪਿੰਡ ਈ ਚੰਗਾ। ਇਥੇ ਸਾਰਾ ਦਿਨ ਜਨੌਰਾਂ ਵਾਂਗੂ ਪਿੰਜਰੇ ਜੇਹੇ ’ਚ ਤੜੇ ਰਹਿਣਾ ਆ। ਆਂਢ ਗੁਆਂਢ ਕਿਸੇ ਕੋਲ ਖੜੋ ਨਾ ਜਾਣਾ, ਦੁੱਖ ਸੁੱਖ ਨਾ ਕਰ ਲੈਣਾ, ਕਿਸੇ ਨਾਲ ਅੱਗ ਗੋਹੇ ਦੀ ਸਾਂਝ ਨਾ, ਮੋਹ ਕਿਸੇ ਨਾਲ ਕੀ ਹੋਣਾ। ਇਹ ਨਿਰਮੋਈ ਧਰਤੀ ਆ ਭਾਈ। ਮੈਨੂੰ ਨੀਂ ਚੰਗੀ ਲੱਗਦੀ। ਅਮਰਜੀਤ ਕਾਕਾ, ਮੈਨੂੰ ਪਿੰਡ ਨੂੰ ਤੋਰ ਦੇ। ਜਦੋਂ ਤੁਹਾਡਾ ਮੌਕਾ

ਲੱਗਿਆ ਕਰੂ, ਗੇੜਾ ਮਾਰ ਆਇਆ ਕਰਿਓ। ਸੁਖ ਨਾਲ ਘਰ ਬਾਰ ਤਾਂ ਖੁਲਦਾ ਹੋਊ।

ਸ਼ਿਵਚਰਨ ਗਿੱਲ ਨੇ ਇੰਗਲੈਂਡ ਵਿਚ ਰਹਿੰਦੇ ਪੰਜਾਬੀਆਂ ਦੀਆਂ ਸਾਂਸਕ੍ਰਿਤਿਕ ਸਮੱਸਿਆਵਾਂ ਨੂੰ ਇਸ ਦੁਆਰਾ ਪੇਸ਼ ਕਰਨ ਦਾ ਯਤਨ ਕੀਤਾ ਹੈ।

ਸ਼ਿਵਚਰਨ ਗਿੱਲ ਦੀਆਂ ਰਚਨਾਵਾਂ ਵਿਚ ਇਕ ਹੋਰ ਪੱਖ ਉੱਘੜ ਕੇ ਸਾਡੇ ਸਾਹਮਣੇ ਆਉਂਦਾ ਹੈ, ਉਹ ਪੱਛਮੀ ਜੀਵਨ ਵਿਧੀ ਤੋਂ ਦੇਸੀ ਭਾਈਚਾਰੇ ਦੇ ਪ੍ਰਤੀਕਰਮ ਵਿਚੋਂ ਉਪਜਣ ਵਾਲਾ ਦੁਖਾਂਤ ਹੈ। ਅਜਿਹਾ ਦੁਖਾਂਤ ਉਸ ਸਮੇਂ ਵਾਪਰਦਾ ਹੈ ਜਦੋਂ ਬਹੁਤੇ ਹਾਲਾਤਾਂ ਵਿਚ ਪਰਵਾਸੀ ਨੂੰ ਨਵੀਨ ਹਾਲਤਾਂ ਨਾਲ ਸਾਂਝ ਪਾਉਣ ਲਈ ਆਪਣੀ ਪੁਰਾਤਨਤਾ ਨੂੰ ਤਿਆਗਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਸ਼ਿਵਚਰਨ ਗਿੱਲ ਦੀ ਕਹਾਣੀ ‘ਰਹਿਤ ਪਿਆਰੀ ਮੁਝ ਕੋ’ ਦਾ ਪਾਤਰ ਬਲਕਾਰ ਸਿੰਘ ਨੌਕਰੀ ਦੀ ਖਾਤਰ ਨਾ ਚਾਹੁੰਦਾ ਹੋਇਆ ਵੀ ਆਪਣੇ ਕੇਸ ਕੱਟ ਦਿੰਦਾ ਹੈ। ਇਸ ਪ੍ਰਕਾਰ ਬਲਕਾਰ ਸਿੰਘ ਨੂੰ ਨਾ ਚਾਹੁਣ ਦੇ ਬਾਵਜੂਦ ਆਪਣੀ ਪੁਰਾਤਨਤਾ ਨੂੰ ਤਿਆਗਣਾ ਪੈਂਦਾ ਹੈ। ਬਲਕਾਰ ਸਿੰਘ ਜੋ ਆਪ ਲੋਕਾਂ ਨੂੰ ਦਾੜੀ ਕੇਸ ਰੱਖਣ ਲਈ ਉਪਦੇਸ਼ ਦਿੰਦਾ ਸੀ, ਨੂੰ ਦਾੜ੍ਹੀ ਕੇਸਾਂ ਕਾਰਣ ਨੌਕਰੀ ਨਾ ਮਿਲਣ ਖਾਤਰ ਉਹ ਦੁਬਿਧਾ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਇਸ ਖਿਆਲ ਨਾਲ ‘ਮਨਾ ਪੰਜ ਹਜ਼ਾਰ ਮੀਲ ਚਲ ਕੇ ਆਏ ਹਾਂ ਕਾਹਦੀ ਖਾਤਰ’। ਗੁਸਲਖਾਨੇ ਵਿਚ ਵੜਕੇ ਆਪਣੇ ਦਾੜ੍ਹੀ ਕੇਸ ਕੱਟ ਲੈਂਦਾ ਹੈ ਪਰੰਤੂ ਫਿਰ ਵੀ ਨੌਕਰੀ ਨਾ ਮਿਲਣਾ, ਇਹ ਉਸ ਦਾ ਦੁਖਾਂਤ ਹੈ। ਗਿੱਲ ਨੇ ਇਸ ਦਵੰਦ ਨੂੰ ਪੰਜਾਬੀਆਂ ਦੀ ਆਤਮਾ ਵਿਚ ਬੈਠੇ ਵਰਜਿਤ ਸਮਾਜ ਦੀਆਂ ਟੱਕਰਾਂ ਵਿਚ ਪੇਸ਼ ਕੀਤਾ ਹੈ। ਇਸ ਦਾ ਸੰਬੰਧ ਪੱਛਮ ਵਿਚ ਵੱਸਦੇ ਪੰਜਾਬੀਆਂ ਦੀ ਮਾਨਸਿਕਤਾ ਨਾਲ ਹੈ।

ਬਰਤਾਨੀਆ ਵਿਚ ਰਹਿੰਦੇ ਹੋਏ ਵੀ ਸ਼ਿਵਚਰਨ ਗਿੱਲ ਪੰਜਾਬ ਦੀ ਮੌਜੂਦਾ ਹਾਲਤ ਤੋਂ ਵੀ ਪ੍ਰਭਾਵਿਤ ਹੋਇਆ ਹੈ। ਉਸ ਦੀ ਕਹਾਣੀ ‘ਬੇ ਅਣਖੇ’ ਏਸੇ ਹੀ ਪ੍ਰਭਾਵ ਦੀ ਉਪਜ ਹੈ। ਕਹਾਣੀ ਵਿਚਲੀ ਨਾਇਕਾ ਪੁਲਿਸ ਦੀ ਮਾੜੀ ਕਾਰਵਾਈ ਦਾ ਸ਼ਿਕਾਰ ਹੋ ਕੇ ਹਥਿਆਰ ਉਠਾਉਣ ਵਾਸਤੇ ਤਿਆਰ ਹੋ ਜਾਂਦੀ ਹੈ।

ਸ਼ਿਵਚਰਨ ਗਿੱਲ ਨੇ ਵੱਖ ਵੱਖ ਪ੍ਰਭਾਵ ਗ੍ਰਹਿਣ ਕੀਤੇ ਹਨ ਪਰ ਉਸ ਨੇ ਸਾਹਿਤਕ ਸੰਤੁਲਨ ਨੂੰ ਹੱਥੋਂ ਨਹੀਂ ਜਾਣ ਦਿੱਤਾ। ਉਸ ਨੇ ਹਰ ਸਮੱਸਿਆ ਨੂੰ ਜੀਵਨ ਤੇ ਸਮਾਜ ਦੇ ਯਥਾਰਥ ਦ੍ਰਿਸ਼ਾਂ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ, ਇਹ ਉਸ ਦੀ ਵਿਸ਼ੇਸ਼ ਪ੍ਰਾਪਤੀ ਹੈ।

**ਪ੍ਰੋ. ਸਰਬਜੀਤ ਸਿੰਘ (ਕੈਨੇਡਾ)**
**ਸਾਬਕਾ ਮੁਖੀ**
**ਪੋਸਟ ਗ੍ਰੇਜੂਏਟ ਪੰਜਾਬੀ ਵਿਭਾਗ**
**ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ**

## ਪੁਸਤਕ ਚਰਚਾ


# ਪੰਖੀ: ਮਾਨਵੀ ਸਰੋਕਾਰਾਂ ਦੀ ਪੇਸ਼ਕਾਰੀ

**ਪ੍ਰੋ. ਰਣਜੀਤ ਸਿੰਘ ਸੰਧੂ**


ਪਰਮਵੀਰ ਸਿੰਘ


ਪ੍ਰੋ. ਰਣਜੀਤ ਸਿੰਘ ਸੰਧੂ

ਪੰਖੀ ਪਰਮਵੀਰ ਸਿੰਘ ਦਾ ਤੀਸਰਾ ਕਾਵਿ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸਦੇ ਦੋ ਕਾਵਿ ਸੰਗ੍ਰਹਿ 'ਸੁਰਤਿ ਦੀ ਲੋਅ' ਤੇ 'ਅੰਮ੍ਰਿਤ ਵੇਲਾ' ਪ੍ਰਕਾਸ਼ਿਤ ਹੋ ਚੁੱਕੇ ਹਨ। 'ਅੰਮ੍ਰਿਤ ਵੇਲਾ' ਲਈ ਉਸਨੂੰ ਭਾਰਤੀ ਸਾਹਿਤ ਅਕਾਦਮੀ ਦਾ ਯੁਵਾ ਐਵਾਰਡ ਵੀ ਮਿਲ ਚੁੱਕਿਆ ਹੈ। ਹੱਥਲੇ ਕਾਵਿ ਸੰਗ੍ਰਹਿ ਵਿਚ ਉਸਨੇ 'ਪੰਛੀਓ' ਤੋਂ ਲੈ ਕੇ 'ਮੇਰੇ ਵੱਲ ਤੱਕਦੀ ਅੱਖ', ਤੱਕ 56 ਕਵਿਤਾਵਾਂ ਨੂੰ ਸ਼ਾਮਲ ਕੀਤਾ ਹੈ।




'ਪੰਖੀ' ਪਰਮਵੀਰ ਸਿੰਘ ਦਾ ਤੀਸਰਾ ਕਾਵਿ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸਦੇ ਦੋ ਕਾਵਿ ਸੰਗ੍ਰਹਿ 'ਸੁਰਤਿ ਦੀ ਲੋਅ' ਤੇ 'ਅੰਮ੍ਰਿਤ ਵੇਲਾ' ਪ੍ਰਕਾਸ਼ਿਤ ਹੋ ਚੁੱਕੇ ਹਨ। ਅੰਮ੍ਰਿਤ ਵੇਲਾ ਤੇ ਉਸਨੂੰ ਭਾਰਤੀ ਸਾਹਿਤ ਅਕਾਦਮੀ ਦਾ ਯੁਵਾ ਐਵਾਰਡ ਵੀ ਮਿਲ ਚੁੱਕਿਆ ਹੈ। ਹੱਥਲੇ ਕਾਵਿ ਸੰਗ੍ਰਹਿ ਵਿਚ ਉਸਨੇ ਪੰਛੀਓ ਤੋਂ ਲੈ ਕੇ ਮੇਰੇ ਵੱਲ ਤੱਕਦੀ ਅੱਖ, ਤੱਕ 56 ਕਵਿਤਾਵਾਂ ਨੂੰ ਸ਼ਾਮਲ ਕੀਤਾ ਹੈ। ਪੁਸਤਕ ਪੜ੍ਹਨ ਤੋਂ ਇਹ ਸਾਬਤ ਹੁੰਦਾ ਹੈ ਕਿ ਕਵੀ ਨੇ ਮਾਨਵੀ ਸਰੋਕਾਰਾਂ ਨਾਲ ਜੁੜੇ ਵਿਕੋਲਿਤਰੇ ਵਿਸ਼ਿਆਂ ਨੂੰ ਪੇਸ਼ ਕਰਦਿਆਂ ਅਮਨ ਸ਼ਾਂਤੀ ਦਾ ਪੈਗਾਮ ਦਿੱਤਾ ਹੈ, ਮਨੁੱਖੀ ਅਧਿਕਾਰਾਂ ਦੀ ਗੱਲ ਕੀਤੀ ਹੈ, ਕੁਦਰਤ ਦੇ ਨੇੜੇ ਹੋਣ ਤੇ ਕੁਦਰਤੀ ਢੰਗ ਨਾਲ ਜੀਵਨ ਜਿਊਣ ਦੀ ਕਾਮਨਾ ਕੀਤੀ ਹੈ। ਸ਼ਾਇਰ ਦਾ ਪੰਛੀ ਮਨ ਇਸ ਤਰ੍ਹਾਂ ਸੋਚਦਾ ਹੈ:

ਪੰਛੀਓ  
ਖੁੱਲੇ ਅਸਮਾਨਾਂ ਦੇ ਫਰਿਸ਼ਤਿਓ  
ਤੁਸਾਂ ਦਾ ਸਾਡੀ ਛੱਤ ਤੇ ਆਉਣਾ  
ਜਰਾ ਨਿਵਾਜ਼ੀ ਬਾਰੇ

...........

ਸਾਡੀਆਂ ਤੁਹਾਡੀਆਂ ਸਾਝਾਂ
ਪੂਰਬਲੀਆਂ ਯਾਰੋ
ਸਾਡੇ ਤੁਹਾਡੇ ਦੁੱਖਾਂ ਦੀ
ਤਾਸੀਰ ਇਕੋ।

ਪੁਸਤਕ ਵਿਚਲੀਆਂ ਕਵਿਤਾਵਾਂ ਤੋਂ ਇਹ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਕਵੀ ਆਪਣੇ ਮੂਲ ਦੇਸ਼ ਤੇ ਅਤੀਤ ਨੂੰ ਭੁਲਾਉਣਾ ਚਾਹੁੰਦਾ ਹੋਇਆ ਵੀ ਨਹੀਂ ਭੁਲਾ ਸਕਦਾ। ਉਹ ਆਪਣੀ ਮੂਲ ਧਰਤੀ ’ਤੇ ਵਾਪਰੀ ਕਿਸੇ ਵੀ ਘਟਨਾ ਤੋਂ ਅਣਭਿੱਜ ਨਹੀਂ ਰਹਿੰਦਾ। ਏਸੇ ਕਰਕੇ ਤਾਂ ਉਹ ਲਿਖਦਾ ਹੈ:

ਜਦ ਪਾਵਨ ਅੱਖਰ ਸੜਦਾ ਹੈ
ਤੱਕ ਭਾਰ ਰੂਹਾਂ ’ਤੇ ਚੜ੍ਹਦਾ ਹੈ
ਨਾ ਮਰਦੇ ਹਾਂ ਨਾਂ ਜੀਂਦੇ ਹਾਂ
ਅਸੀਂ ਅੰਦਰੋਂ ਸੱਖਵੀ ਥੀਂਦੇ ਹਾਂ
ਕਦੀ ਹੱਥ ਜੋੜ ਖੜ ਬੰਦਨਾ ਵਿਚ
ਕਦੀ ਹੰਝੂਆਂ ਦੇ ਸੰਗ ਜੀਂਦੇ ਹਾਂ
ਇਹ ਜ਼ਖ਼ਮ ਜੋ ਮਣਦਿਸ ਰਿਸਦਾ ਹੈ
ਨਾ ਸਦੀਆਂ ਤੀਕਰ ਭਰਦਾ ਹੈ

ਆਪਣੀ ਮੂਲ ਧਰਤੀ ਨਾਲ ਡੂੰਘੀ ਮਾਨਵੀ ਸਾਂਝ ਕਰਕੇ ਹੀ ਕਵੀ ਮਨ ਭਾਰਤ ਵਿਚਲੇ ਕਿਸਾਨੀ ਸੰਘਰਸ਼ ਦੀ ਗੱਲ ਕਰਦਿਆਂ ਕਿਸਾਨਾਂ ਦੇ ਹੱਕਾਂ, ਹਿੱਤਾਂ ਦੀ ਹਾਮੀ ਭਰਦਾ ਹੋਇਆ ਕਹਿੰਦਾ ਹੈ ਕਿ ਇਕ ਪਾਸੇ ਤਾਂ ਕਿਸਾਨ ਅੰਨ ਪੈਦਾ ਕਰਕੇ ਦੇਸ਼ ਦਾ ਢਿੱਡ ਭਰ ਰਿਹਾ ਹੈ ਤੇ ਦੂਜੇ ਪਾਸੇ ਦੇਸ਼ ਦੇ ਸਰਹੱਦਾਂ ਦੀ ਰਾਖੀ ਵੀ ਉਸੇ ਕਿਸਾਨ ਦੇ ਪੁੱਤਰ ਹੀ ਕਰਦੇ ਹਨ। ਕਵੀ ਕਿਸਾਨ ਮਸਲਿਆਂ ਪ੍ਰਤੀ ਆਸ਼ਾਵਾਦੀ ਹੋਇਆ ਕਣਕਾਂ ਦੀ ਰਾਖੀ ਕਵਿਤਾ ਵਿਚ ਲਿਖਦਾ ਹੈ:

ਕਣਕਾਂ ਦੀ ਰਾਖੀ ਮੇਰਾ ਬਾਬਲ ਕਰੇਂਦਾ
ਸਰਹੱਦ ਤੇ ਵੀਰਾ ਕਰਨੈਲ ਨੀ
ਕਣਕਾਂ ਤੇ ਅਣਖਾਂ ਨੂੰ
ਵੈਰੀਆਂ ਵੰਗਾਰਿਆ ਏ
ਚੜ੍ਹ ਚੜ੍ਹ ਆਉਂਦੀ

ਲੁੱਕੀ ਮੈਲ ਨੀਂ
ਕਣਕਾਂ ਤੇ ਅਣਖਾਂ
ਮੁਕਾਇਆਂ ਕਿੱਥੇ ਮੁਕਣੀਆਂ
ਬਾਬੇ ਦੇ ਜੁਪੇ ਨੇ
ਏਥੇ ਬੈਲ ਨੀਂ

ਅਜੋਕੇ ਸਮਾਜ ਵਿਚ ਵਾਪਰ ਰਹੇ ਭੈੜੇ ਵਰਤਾਰਿਆਂ ਪ੍ਰਤੀ ਕਵੀ ਦੇ ਜਜ਼ਬਾਤ ਮਾਦਾ ਭਰੂਣ ਹੱਤਿਆ ਨੂੰ ਵੀ ਆਪਣੇ ਕਲਾਵੇ ਵਿਚ ਲੈਂਦੇ ਦ੍ਰਿਸ਼ਟੀਗੋਚਰ ਹੁੰਦੇ ਹਨ। 'ਚਿਰਾਂ ਪਿੱਛੋਂ ਜੁੜੇ ਪੁੱਤਰ ਦੀ ਵੇਦਨਾ' ਕਵਿਤਾ ਵਿਚ ਕਵੀ ਲਿਖਦਾ ਹੈ:

ਭੈਣੋ !
ਮੇਰਾ ਤੁਹਾਡੀਆਂ
ਖ਼ਲਾਅ ਭਟਕਦੀਆਂ
ਅਜਨਮੀਆਂ ਕਿਲਕਾਰੀਆਂ ਨੂੰ
ਨਮਸਕਾਰ ਹੈ
...........
ਇਹ ਦੇਹੀ ਵਿਡੰਬਣਾ ਹੈ
ਕਿ ਮੇਰੇ ਆਉਣ ਦਾ ਸ਼ਗਨ
ਅਜਨਮੀਆਂ ਜਿੰਦਾਂ ਦੀਆਂ
ਮੂਕ ਸਿਸਕੀਆਂ ਨਾਲ ਜੁੜਿਆ
ਮੈਂ ਕੇਹਾ ਅਭਾਗਾ ਹਾਂ
ਕਿ ਬੰਨੇ ਤੇ ਬੈਠ
ਤੁਹਾਡੀ ਕਿੱਕਲੀ ਨਾ ਵੇਖ ਸਕਿਆ

'ਪੰਖੀ' ਵਿਚਲਾ ਕਵੀ ਸਾਰੀ ਦੁਨੀਆ ਤੇ ਅਮਨ ਸ਼ਾਂਤੀ ਦੀ ਕਾਮਨਾ ਕਰਦਾ ਹੋਇਆ ਨਵੀਂ ਸਵੇਰ ਲਈ ਆਸਵੰਦ ਨਜ਼ਰ ਆਉਂਦਾ ਹੈ।
ਉਸਨੂੰ ਸਮੁੱਚੀ ਧਰਤੀ ਸਾਰੇ ਦੇਸ਼ ਆਪਣੇ ਹੀ ਲੱਗਦੇ ਹਨ।
ਫਲਸਤੀਨ ਦੀ ਸਮੱਸਿਆ ਸੰਬੰਧੀ ਕਵੀ ਦਾ ਮਨ ਆਸ਼ਾਵਾਦੀ ਸੁਰ ਵਿਚ ਬਿਆਨ ਕਰਦਾ ਹੈ:

ਇਕ ਦਿਨ ਖੁਸ਼ੀ
ਮੁੜ ਸਾਡੀ ਬਨੇਰ ਚੁੰਮੇਗੀ

ਮਿਜ਼ਾਈਲਾਂ ਦੀ ਮਾਰ ਥੱਕ ਜਾਵੇਗੀ
ਸਾਡੀ ਥਾਹ ਪਾਹੁੰਦਿਆਂ

'ਖ਼ੁਆਬਾਂ ਦਾ ਪੰਜਾਬ' ਕਵਿਤਾ ਵਿਚ ਪਰਮਵੀਰ ਬਾਬੇ ਨਾਨਕ ਦੇ ਖ਼ੁਆਬ ਦਾ ਪੰਜਾਬ ਸਿਰਜਣ ਦੀ ਗੱਲ ਕਰਦਾ ਹੋਇਆ, ਹਰ ਤਰ੍ਹਾਂ ਦੇ ਪ੍ਰਦੂਸ਼ਣ ਤੋਂ ਪ੍ਰੇਸ਼ਾਨ ਹੋਇਆ ਆਉਣ ਵਾਲੇ ਸਮੇਂ ਵਿਚ ਅਤੀ ਮਾਰੂ ਪ੍ਰਭਾਵਾਂ ਪ੍ਰਤੀ ਚਿੰਤਾਤੁਰ ਨਜ਼ਰ ਆਉਂਦਾ ਹੈ। ਜ਼ਹਿਰਾਂ ਤੋਂ ਰਹਿਤ ਕੁਦਰਤੀ ਖੇਤੀ ਤੇ ਪੰਜਾਬ ਦੇ ਪਾਣੀਆਂ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਉਸਦੀ ਕਲਮ ਕਹਿ ਉਠਦੀ ਹੈ:

ਮੁੱਲ ਪਾ ਕਿਰਸਾਨੀ ਦਾ
ਅਸੀਂ ਜ਼ਹਿਰਾਂ ਬੋ ਬੈਠੇ
ਰੁੱਖਾਂ ਦਰਵੇਸ਼ਾਂ ਦੇ
ਅਸੀਂ ਦਰਦ ਲੁਕੋ ਬੈਠੇ
ਸਾਡੇ ਦਰਿਆਵਾਂ ਦਾ
ਅੰਮ੍ਰਿਤ ਕਿਉਂ ਲੂਣਾ ਏਂ
ਦਿਲ ਮਾਖਿਉਂ ਮੰਗਦਾ ਏ
ਸਾਡੀ ਨਜ਼ਰ ਸਲੂਣਾ ਏਂ

ਕੁਦਰਤ ਦੇ ਨੇੜੇ ਹੋ ਕੇ ਤੇ ਕੁਦਰਤੀ ਸਰੋਤਾਂ ਦੀ ਸਾਂਭ ਸੰਭਾਲ ਕਰਦੇ ਹੋਏ ਜੀਵਨ ਜਿਊਣ ਦੀ ਵਕਾਲਤ ਕਰਦਾ ਹੋਇਆ ਕਵੀ ਸੋਚਦਾ ਹੈ ਕਿ ਆਪਣੇ ਲੋਕਾਂ, ਜੀਵਾਂ ਲਈ ਅਨਾਜ ਪੈਦਾ ਕਰਦੀ ਧਰਤੀ ਮਾਂ ਨੂੰ ਮੁਨਾਫ਼ੇ ਵਿਉਪਾਰੀਆਂ ਤੋਂ ਖ਼ਤਰਾ ਹੈ। ਸ਼ਹਿਰਾਂ ਲਾਗਲੇ ਪਿੰਡ ਦੀ ਜ਼ਮੀਨ 'ਤੇ ਉਸਰਦੀਆਂ ਇਮਾਰਤਾਂ ਕਵੀ ਮਨ ਨੂੰ ਪ੍ਰੇਸ਼ਾਨ ਕਰਦੀਆਂ ਹਨ। ਅਨਾਜ ਪੈਦਾ ਕਰਦੀ ਸੁੱਚੀ ਧਰਤੀ ਨੂੰ ਗਗਨਚੁੰਬੀ ਇਮਾਰਤਾਂ ਵਿਚ ਤਬਦੀਲ ਹੁੰਦਾ ਵੇਖ ਕੇ ਕਵੀ ਇਸ ਨੂੰ ਬਨਾਵਟੀ ਵਿਕਾਸ ਦੱਸਦਾ ਹੈ:

ਹਰੀਆਂ ਭਰੀਆਂ ਛਾਤੀਆਂ ਤੇ
ਉਸਰਦੇ
ਮਾਲਾਂ ਤੇ ਭਾਰ
ਦਿਓ ਕੱਦ ਕੰਕਰੀਟ ਦੀ
ਕੁੰਭਕਰਨੀ ਨੀਂਦ

## ਪੁਸਤਕ ਚਰਚਾ: ਪੰਖੀ

ਅਨਾਜ ਦੇ ਰੱਬ ਥੀਣ ਤੇ
ਟੁੱਟਦੀ ਅਹਿਸਾਸ
ਮਾਰੂਏ, ਗੋਕੇ ਦੇ ਸ਼ਗਨਾਂ ਜਹੇ ਕਦਮ
ਜਪਾਂ ਤਪਾਂ ਪਿੱਛੋਂ
ਮੂਲ ਦੀ ਜਾਚ ਦੱਸਦਾ
ਨਾਨਕ ਦਰਵੇਸ਼ ਦਾ ਹਲ

ਵਿਚਾਰ ਅਧੀਨ ਪੁਸਤਕ ਦਾ ਲੇਖਕ ਭਾਵੇਂ ਕੁਝ ਸਾਲ ਪਹਿਲਾਂ ਕੈਨੇਡਾ ਆ ਵੱਸਿਆ ਹੈ, ਪਰ ਉਸ ਦੇ ਚੇਤਿਆਂ ਵਿਚੋਂ ਪੰਜਾਬ ਤੇ ਪੰਜਾਬ ਦੇ ਮਸਲੇ ਕਦੇ ਨਹੀਂ ਵਿਸਰਦੇ। 'ਕਰਤਾਰਪੁਰ ਲਾਂਘਾ' ਨਾਂ ਦੀ ਕਵਿਤਾ ਵਿਚਲੇ ਕਵੀ ਦਾ ਮਨ ਰਾਜਨੀਤੀਵਾਨਾਂ ਵੱਲੋਂ ਪੈਦਾ ਕੀਤੀਆਂ ਹੱਦਾਂ ਸਰਹੱਦਾਂ ਨੂੰ ਨਕਾਰਦਾ ਹੋਇਆ, ਕਰਤਾਰਪੁਰ ਦੀ ਧਰਤੀ ਨਾਲ ਆਪਣੇ ਲੋਕਾਂ ਦੀ ਭਾਵਨਾਤਮਕ ਸਾਂਝ ਨੂੰ ਇੰਝ ਬਿਆਨ ਕਰਦਾ ਹੈ:

ਇਹ ਸਿਰਫ਼
ਧਰਤੀ ਦਾ ਟੁਕੜਾ ਨਹੀਂ
ਇਹ ਸਾਡੇ ਦਿਲ ਥਾਣੀਂ ਲੰਘਦਾ

ਮਾਨਵੀ ਸਰੋਕਾਰਾਂ ਦੀ ਬਾਤ ਪਾਉਂਦੀ ਇਹ ਪੁਸਤਕ ਅਜੋਕੇ ਮਨੁੱਖ ਦੀ ਮੰਦਹਾਲੀ ਲਈ ਸਿਆਸਤਦਾਨਾਂ ਦੇ ਫੋਕੇ ਤੇ ਝੂਠੇ ਵਾਅਦਿਆਂ ਦਾ ਪਰਦਾ ਫਾਸ਼ ਕਰਦੀ ਹੋਈ, ਲੋਕਾਂ ਦੀ ਚੇਤਨਾ ਨੂੰ ਝੰਜੋੜਦੀ ਹੋਈ ਸਿਆਸਤਦਾਨਾਂ ਦੇ ਕਿਰਦਾਰ ਦੀ ਪੇਸ਼ਕਾਰੀ ਕਰਦੀ ਹੋਈ 'ਸਿਆਸਤ ਤੇ ਛਾਵਾਂ' ਨਾਂ ਦੀ ਕਵਿਤਾ ਵਿਚ ਇਸ ਤਰ੍ਹਾਂ ਨਜ਼ਰ ਆਉਂਦੀ ਹੈ

ਉਹ ਅਕਸਰ ਆਖਦੇ ਨੇ
ਮਿੱਟੀ ਕੁਦਰਤ ਪਾਣੀਆਂ ਨਾਲ
ਉਹਨਾਂ ਦੀ ਡਾਹਡੀ ਪ੍ਰੀਤ ਹੈ
ਧਰਤੀ ਟੁੱਟਣ, ਪਾਣੀ ਸੁੱਕਣ
ਵੇਲੇ
ਉਹਨਾਂ ਦੀ ਹੋਰ ਨੀਤੀ ਹੈ।

...........

ਸਚਮੁਚ ਹੀ ਉਹਨਾਂ ਨੇ ਆ

ਨਬਜ਼ ਫੜੀ ਹੈ
ਕਿਧਰੇ ਸਲਫਾਸ, ਚਿੱਟਾ ਹੈ
ਜਾਂ ਹੱਥਕੜੀ ਹੈ

ਮਨੁੱਖੀ ਜ਼ਿੰਦਗੀ ਨਾਲ ਜੁੜੇ ਵੱਖੋ-ਵੱਖਰੇ ਵਿਸ਼ਿਆਂ ਨੂੰ ਵਿਸਥਾਰ ਦਿੰਦੀ ਹੋਈ ਪਰਮਵੀਰ ਦੀ ਕਵਿਤਾ ਅੱਖਰ ਗਿਆਨ ਦੀ ਅਹਿਮੀਅਤ ਨੂੰ ਦਰਸਾਉਂਦੀ ਹੋਈ ਇਹ ਸੁਨੇਹਾ ਦਿੰਦੀ ਹੈ ਕਿ ਅੱਖਰ ਵਿਚ ਅਜਿਹੀ ਸ਼ਕਤੀ ਹੈ ਜੋ ਦਿਸਦੇ ਸੰਸਾਰ ਨੂੰ ਰੁਸ਼ਨਾ ਸਕਦੀ ਹੈ। ਬਾਬੇ ਨਾਨਕ ਦੇ ਹਵਾਲੇ ਨਾਲ ਅੱਖਰ ਦੇ ਅਹਿਸਾਸ ਸੰਬੰਧੀ ਕਵੀ ਦੇ ਜਜ਼ਬਾਤ ਇਸ ਤਰ੍ਹਾਂ ਪੇਸ਼ ਹੋਏ ਹਨ:

ਨਾਨਕ ਨੇ ਅੱਖਰ ਬੀਜਿਆ
ਅੱਖਰ ਸਿੰਜਿਆ
ਅੱਖਰਾਂ ਦੀ ਇਬਾਰਤ ਨੂੰ
ਨਮਸਕਾਰ ਕਰ
ਅੱਖਰ ਟੋਰਿਆ
ਸੱਚ ਦੀ ਟਕਸਾਲ ਵਿਚ
ਸਿਦਕ ਦੇ ਧਰਮਸਾਲ ਵਿਚ
ਅੱਖਰ ਹੀ ਘੜਿਆ ਜਾ ਸਕਦਾ ਸੀ
ਅੱਖਰ ਜਗ ਰੁਸ਼ਨਾ ਸਕਦਾ ਸੀ।

ਸੋ ਅਖ਼ੀਰ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਕੈਨੇਡਾ ਰਹਿੰਦਾ ਕਵੀ ਪਰਮਵੀਰ ਆਪਣੀ ਮੂਲ ਧਰਤੀ ਪੰਜਾਬ, ਭਾਰਤ ਨਾਲੋਂ ਏਨੀ ਦੂਰ ਵੱਸਦਾ ਹੋਇਆ ਵੀ ਇਹ ਕਹਿੰਦਾ ਹੈ ਕਿ ਦੂਰ ਨੇੜੇ, ਕੁਝ ਵੀ ਨਹੀਂ, ਜੋ ਦਿਲ ਦੇ ਨੇੜੇ ਹੈ, ਉਹ ਦੂਰ ਕਿੱਦਾਂ ਹੋ ਸਕਦਾ ਹੈ। ਉਹ ਪ੍ਰਦੇਸੀ ਹੋਣ ਨੂੰ ਮਨ ਪ੍ਰਦੇਸੀ ਹੋਣ ਤੋਂ ਕਿਤੇ ਚੰਗਾ ਸਮਝਦਾ ਹੈ। ਸੋ ਮਾਨਵੀ ਸਰੋਕਾਰਾਂ ਨਾਲ ਜੁੜੇ ਵਿਸ਼ਿਆਂ ਦੀ ਪੇਸ਼ਕਾਰੀ ਕਰਦੀ ਹੋਈ ਪੁਸਤਕ 'ਪੰਖੀ' ਨੂੰ ਖੁਸ਼ਆਮਦੀਦ ਹੈ।

**ਪ੍ਰੋ. ਰਣਜੀਤ ਸਿੰਘ ਸੰਧੂ**
**ਸਰੀ, ਕੈਨੇਡਾ**
**+17783840964**

ਪੁਸਤਕ ਚਰਚਾ

# ਨਿਵੇਕਲੀ ਪ੍ਰਤਿਭਾ: ਗੁਰਪ੍ਰੀਤ ਕੌਰ ਗੈਦੂ

## ਡਾ. ਹਰਪ੍ਰੀਤ ਸਿੰਘ ਹੁੰਦਲ



ਗੁਰਪ੍ਰੀਤ ਕੌਰ ਗੈਦੂ



ਡਾ. ਹਰਪ੍ਰੀਤ ਸਿੰਘ ਹੁੰਦਲ

ਯੂਰਪ ਦੇ ਦੇਸ਼ ਗਰੀਸ ਵਿੱਚ ਰਹਿ ਰਹੀ ਗੁਰਪ੍ਰੀਤ ਕੌਰ ਗੈਦੂ ਆਪਣੇ ਕਾਵਿ ਸੰਗ੍ਰਹਿ 'ਅਰਜ਼ੋਈ' ਰਾਹੀਂ ਪੰਜਾਬੀ ਕਾਵਿ ਜਗਤ ਵਿੱਚ ਛੋਟੀਆਂ ਛੋਟੀਆਂ ਕਵਿਤਾਵਾਂ ਰਾਹੀਂ ਨਵੇਂ ਅੰਦਾਜ਼ ਵਿੱਚ ਵੱਡੇ ਅਰਥਾਂ ਵਾਲੀਆਂ ਕਵਿਤਾਵਾਂ ਦੀ ਸਿਰਜਣਾ ਕਰਦੀ ਹੈ। ਉਹ ਆਪਣੀਆਂ ਕਵਿਤਾਵਾਂ ਰਾਹੀਂ ਸਹਿਜ ਭਾਅ ਗੱਲਾਂ ਕਰਦੀ ਇਕ ਨਵੀਂ ਤਰ੍ਹਾਂ ਦੀ ਕਵਿਤਾ ਸਿਰਜਦੀ ਹੈ

ਪਰਵਾਸੀ ਸਾਹਿਤ ਹੁਣ ਆਪਣੀ ਇਕ ਵੱਖਰੀ ਹੋਂਦ ਗ੍ਰਹਿਣ ਕਰ ਚੁੱਕਾ ਹੈ। ਇਹਨਾਂ ਪਰਵਾਸੀ ਲੇਖਕਾਂ ਨੇ ਪਰਵਾਸ ਦੀਆਂ ਸਮਾਜਕ ਉਲਝਣਾਂ ਨੂੰ ਸਮਝ ਕੇ ਆਪਣੀਆਂ ਰਚਨਾਵਾਂ ਵਿਚ ਪ੍ਰਗਟ ਕਰਨਾ ਸ਼ੁਰੂ ਕਰ ਦਿੱਤਾ ਹੈ। ਹੁਣ ਉਹਨਾਂ ਦੀ ਸਮਝ ਪੇਤਲੀ ਨਹੀਂ ਰਹੀ। ਉਹਨਾਂ ਸਾਹਮਣੇ ਕਈ ਮੁੱਦੇ ਹਨ। ਪਰਵਾਸੀ ਪੰਜਾਬੀ ਕਵਿਤਾ ਵਿਸ਼ੇਸ਼ ਕਰਕੇ ਹੁਣ ਇੰਨੀ ਮਾਤਰਾ ਵਿੱਚ ਲਿਖੀ ਤੇ ਛਾਪੀ ਜਾ ਰਹੀ ਹੈ ਕਿ ਜਿਸ ਬਾਰੇ ਵਿਸਤ੍ਰਿਤ ਤੇ ਡੂੰਘੇਰੇ ਅਧਿਐਨ ਦੀ ਅਵੱਸ਼ਕਤਾ ਹੈ। ਇਸ ਸਾਹਿਤ ਦੇ ਵਿਕਾਸ ਦੀ ਯਾਤਰਾ ਨੂੰ ਕੋਈ ਬਹੁਤਾ ਸਮਾਂ ਨਹੀਂ ਹੋਇਆ। ਇਸ ਦੇ ਅਧਿਐਨ ਅਤੇ ਅਧਿਆਪਨ ਦਾ ਕਾਰਜ ਸਾਹਿਤਕ ਅਤੇ ਅਕਾਦਮਿਕ ਪੱਧਰ 'ਤੇ ਜਾਰੀ ਹੈ। ਡਾ. ਹਰਮਿੰਦਰ ਸਿੰਘ ਬੇਦੀ ਅਨੁਸਾਰ:-

> ਪ੍ਰਵਾਸੀ ਪੰਜਾਬੀ ਸਾਹਿਤ ਦੀ ਤਰਾਸਦੀ ਇਹ ਹੈ ਕਿ ਇਸ ਸਾਹਿਤ ਦਾ ਹੁਣ ਤੱਕ ਦਾ ਮੁਲਾਂਕਣ ਜਾਂ ਤਾਂ ਭਾਵਕਤਾ ਵਿੱਚ ਵਹਿ ਕੇ ਕੀਤਾ ਗਿਆ ਹੈ ਤੇ ਜਾਂ ਫਿਰ ਇਸ ਸਾਹਿਤ ਨੂੰ ਦੂਜੇ ਦਰਜੇ ਦਾ ਸਾਹਿਤ ਮੰਨ ਕੇ ਇਸ ਦੀ ਉਪੇਖਿਆ ਕਰ ਦਿੱਤੀ ਗਈ ਹੈ। ਪਰਵਾਸੀ ਪੰਜਾਬੀ ਸਾਹਿਤ ਦੇ ਅਨੇਕ ਪਾਸਾਰ ਹਨ।

(ਪਰਵਾਸੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ: ਪੰਨਾ 6, ਸਤੰਬਰ 1994)


ਪਿਛਲੇ ਕੁੱਝ ਵਰ੍ਹਿਆਂ ਵਿੱਚ ਬਹੁ-ਗਿਣਤੀ ਵਿੱਚ ਪੰਜਾਬੀ ਬੁੱਧੀਜੀਵੀ ਅਤੇ ਲੇਖਕ ਵਿਦੇਸ਼ਾਂ ਵਿੱਚ ਗਏ ਹਨ। ਇਹਨਾਂ ਲੇਖਕਾਂ ਨੇ ਸਾਹਿਤ ਸਿਰਜਣਾ ਦੀ ਵੰਨ-ਸੁਵੰਨਤਾ ਨੂੰ ਉਜਾਗਰ ਕੀਤਾ ਹੈ। ਹੈਰਾਨੀ ਦੀ ਗੱਲ ਹੈ ਕਿ ਕੁੱਝ ਨਵੇਂ ਲੇਖਕਾਂ ਨੇ ਵਿਲੱਖਣ ਢੰਗ ਨਾਲ ਸਾਹਿਤ ਰੂਪਾਂ ਵਿੱਚ ਸਿਰਜਣਾ ਕਰਨੀ ਆਰੰਭ ਕਰ ਦਿੱਤੀ ਹੈ ਜੋ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਆਏ ਦਿਨ ਸੰਚਾਰ ਦੇ ਵੱਖ-ਵੱਖ ਸਾਧਨਾਂ ਰਾਹੀਂ ਕੁੱਝ ਨਾ ਕੁੱਝ ਨਵਾਂ ਪੜ੍ਹਨ ਤੇ ਸੁਣਨ ਦਾ ਮੌਕਾ ਮਿਲਦਾ ਹੈ। ਕਵਿਤਾ ਵਿੱਚ ਨਵੀਂ ਪ੍ਰਤਿਭਾ ਦਾ ਪ੍ਰਵੇਸ਼

## ਪੁਸਤਕ ਚਰਚਾ: ਅਰਜ਼ੋਈ

ਆਪਣੇ ਆਪ ਹੀ ਪਛਾਣਿਆ ਜਾਂਦਾ ਹੈ ਪਰ ਚੰਗਾ ਕਵੀ/ ਲੇਖਕ ਆਪਣੇ ਅਨੁਭਵ ਪੱਖੋਂ ਕੁੱਝ ਨਵਾਂ ਨਰੋਆ ਲੈ ਕੇ ਸਾਹਿਤ ਵਿੱਚ ਪ੍ਰਵੇਸ਼ ਕਰਦਾ ਹੈ। ਹਰ ਲੇਖਕ ਕੋਲ ਜ਼ਿੰਦਗੀ ਨੂੰ ਅਨੁਭਵ ਕਰਨ ਲਈ ਅਤੇ ਸਾਹਿਤ ਦੀ ਵਿਧਾ ਰਾਹੀਂ ਪੇਸ਼ ਕਰਨ ਦਾ ਇਕ ਅਨੋਖਾ ਤੇ ਵਚਿੱਤਰ ਅੰਦਾਜ਼ ਹੁੰਦਾ ਹੈ। ਇਹ ਅੰਦਾਜ਼ ਹੀ ਨਵੇਂ ਲੇਖਕ ਦੀ ਪਛਾਣ ਬਣਦਾ ਹੈ।

ਯੂਰਪ ਦੇ ਦੇਸ਼ ਗਰੀਸ ਵਿੱਚ ਰਹਿ ਰਹੀ ਗੁਰਪ੍ਰੀਤ ਕੌਰ ਗੈਦੂ ਆਪਣੇ ਕਾਵਿ ਸੰਗ੍ਰਹਿ 'ਅਰਜ਼ੋਈ' ਰਾਹੀਂ ਪੰਜਾਬੀ ਕਾਵਿ ਜਗਤ ਵਿੱਚ ਛੋਟੀਆਂ ਛੋਟੀਆਂ ਕਵਿਤਾਵਾਂ ਰਾਹੀਂ ਨਵੇਂ ਅੰਦਾਜ਼ ਵਿੱਚ ਵੱਡੇ ਅਰਥਾਂ ਵਾਲੀਆਂ ਕਵਿਤਾਵਾਂ ਦੀ ਸਿਰਜਣਾ ਕਰਦੀ ਹੈ। ਉਹ ਆਪਣੀਆਂ ਕਵਿਤਾਵਾਂ ਰਾਹੀਂ ਸਹਿਜ ਭਾਅ ਗੱਲਾਂ ਕਰਦੀ ਇਕ ਨਵੀਂ ਤਰ੍ਹਾਂ ਦੀ ਕਵਿਤਾ ਸਿਰਜਦੀ ਹੈ:-

ਪਾਣੀ ਤੋਂ ਪਤਲਾ
ਕਹਿੰਦੇ ਕੁਝ ਵੀ ਨਹੀਂ,
ਪਾਣੀ ਦੀ ਲੱਗੀ, ਪਿਆਸ ਨੂੰ ਕੋਈ,
ਕੀਮਤੀ ਤੋਂ ਕੀਮਤੀ, ਤਰਲ ਵੀ ਨਹੀਂ ਬੁਝਾ ਸਕਦਾ !
ਹੈ ਨਾ ਕੁਦਰਤ ਦੀ ਅਨੋਖੀ ਦਾਸਤਾਨ !! (ਪੰਨਾ 199)




ਕੁਝ ਘਾਹ ਤੇ ਆਪੇ ਉੱਗੇ ਫੁੱਲਾਂ ਨੇ ਮੈਨੂੰ,
ਤਾਹਨਾ ਮਾਰਿਆ ਤੇ ਕਹਿੰਦੇ,
ਸੋਹਣੇ-ਸੋਹਣੇ ਗ਼ਮਲਿਆਂ ਵਿਚ
ਉੱਗੇ ਮੇਰੇ ਸੰਗੀ-ਸਾਥੀਆਂ
ਨੂੰ ਤਾਂ ਹਰ ਕੋਈ ਲੋਚਦਾ, ਪਿਆਰਦਾ...
ਸਾਨੂੰ ਗਰੀਬਾਂ ਨੂੰ ਕੌਣ ਪੁੱਛਦਾ,
ਕੌਣ ਸਾਨੂੰ ਗੌਰ ਨਾਲ ਦੇਖਦੈ ! (ਪੰਨਾ 198)

ਗੁਰਪ੍ਰੀਤ ਕੌਰ ਨੇ ਇਸ ਪੁਸਤਕ ਵਿਚ ਨਵੇਂ ਅਤੇ ਅਣਛੋਹੇ ਵਿਸ਼ੇ ਲਏ ਹਨ। ਏਹੋ ਜਿਹੇ ਵਿਸ਼ੇ ਅਛੂਤਾ ਬਿਆਨ ਪੇਸ਼ ਕਰਦੇ ਹਨ। ਉਹ ਲਿਖਦੀ ਹੈ

ਮੈਂ ਤੇ ਮੇਰੀ ਲੇਖਣੀ,
ਠੁੰਮ-ਠੁੰਮ ਕਰਦੇ ਤੁਰੇ ਜਾਂਦੇ ਹਾਂ
ਅੱਖਰਾਂ ਦੇ ਸੁਨਹਿਰੇ ਚਾਨਣ ਵਿਚ !! (ਪੰਨਾ 133)

ਚਾਨਣ ਦੀ ਇਕ ਕਿਰਨ,

## ਪੁਸਤਕ ਚਰਚਾ: ਅਰਜ਼ੋਈ

ਮੈਨੂੰ ਬਹੁਤ ਸਾਰੇ ਕਦਮ ਅੱਗੇ ਲੈ ਜਾਂਦੀ,
ਮੈਨੂੰ ਹਨ੍ਹੇਰੇ ਦਾ ਅਹਿਸਾਸ, ਬਿਲਕੁੱਲ ਭੁੱਲ ਜਾਂਦਾ,
ਮੈਂ ਹੋਰ ਅੱਗੇ ਤੋਂ ਹੋਰ ਅੱਗੇ
ਮੰਜ਼ਿਲ ਦੇ ਹੋਰ ਨੇੜੇ ਹੋ ਜਾਂਦੀ,
ਜਦੋਂ ਵੀ ਕਦੇ ਹਨ੍ਹੇਰਾ ਹੋਵੇ ਤਾਂ ਮੈਂ,
ਆਪਣੇ ਅੰਦਰ ਦਾ ਦੀਵਾ ਜਗਾ
ਚਾਨਣ ਹੀ ਚਾਨਣ
ਬਿਖੇਰ ਲੈਂਦੀ। (ਪੰਨਾ 102)

ਇਹਨਾਂ ਕਵਿਤਾਵਾਂ ਦਾ ਅਧਿਐਨ ਕਰਦਿਆਂ ਮਹਿਸੂਸ ਹੁੰਦਾ ਹੈ ਕਿ ਕਵਿਤਰੀ ਕਵਿਤਾ ਦੀ ਤਲਾਸ਼ ਨਹੀਂ ਕਰਦੀ, ਕਵਿਤਾ ਆਪ ਉਸ ਕੋਲ ਆਉਂਦੀ ਹੈ। ਉਹ ਉਸ ਨੂੰ ਕਵਿਤਾ ਦਾ ਵੇਸ ਦਿੰਦੀ ਹੈ। ਉਹ ਨਿੱਕੇ-ਨਿੱਕੇ ਵਿਸ਼ੇ ਲੈ ਕੇ ਪਰਵਾਸ ਹੰਢਾ ਰਹੀ ਇਸਤਰੀ ਦੇ ਮਾਸੂਮ ਅਨੁਭਵਾਂ ਅਤੇ ਜਜ਼ਬਿਆਂ ਨੂੰ ਬਿਆਨ ਕਰਦੀ ਹੈ। ਇਸ ਸੰਗ੍ਰਹਿ ਵਿੱਚ 85 ਕਵਿਤਾਵਾਂ ਹਨ। ਇਹਨਾਂ ਵਿੱਚ ਕਿਧਰੇ ਗੁੱਸਾ, ਕ੍ਰੋਧ ਅਤੇ ਗਿਲਾ-ਸ਼ਿਕਵਾ ਨਹੀਂ ਹੈ।

ਜ਼ਿੰਦਗੀ ਦੇ ਖ਼ੂਬਸੂਰਤ ਅਹਿਸਾਸਾਂ ਦੇ
ਆਸਮਾਨ ਤੇ ਜਦ,
ਉਡਾਰੀ ਮਾਰ ਮੈਂ, ਵਾਪਿਸ ਮਨ ਦੀ ਸ਼ਾਂਤ
ਧਰਤ ਤੇ ਉੱਤਰਦੀ ਹਾਂ ਤਾਂ
ਮੈਨੂੰ ਇਉਂ ਮਹਿਸੂਸ ਹੁੰਦੈ, ਜਿਵੇਂ ਮੈਂ ਆਪਣੇ
ਅਸਲੀ ਘਰ ਵਿੱਚ ਆਈ ਹੋਵਾਂ। (ਪੰਨਾ 155)

ਗੁਰਪ੍ਰੀਤ ਕੌਰ ਇਕ ਨਵਾਂ ਮੁਹਾਵਰਾ ਸਿਰਜਦੀ ਹੈ। ਇਸ ਅਨੋਖੇ ਮੁਹਾਵਰੇ ਦੇ ਦਰਸ਼ਨ ਹਰ ਕਵਿਤਾ ਵਿਚੋਂ ਹੁੰਦੇ ਹਨ। ਉਹ ਅੱਖਰਾਂ ਨਾਲ ਗੱਲਾਂ ਕਰਦੀ ਕਰਦੀ ਕਵਿਤਾ ਲਿਖਣ ਲੱਗ ਪੈਂਦੀ ਹੈ। ਇਹਨਾਂ ਕਵਿਤਾਵਾਂ ਵਿੱਚ ਲੰਮੇ ਚੌੜੇ ਦਾਅਵੇ ਪੇਸ਼ ਨਹੀਂ ਕਰਦੀ। ਇਹ ਆਪਣੀ ਕਾਵਿ-ਦ੍ਰਿਸ਼ਟੀ ਰਾਹੀਂ ਕਾਵਿ-ਸਾਗਰ ਵਿੱਚ ਪ੍ਰਵੇਸ਼ ਕਰਦੀ ਹੈ। ਇਹਨਾਂ ਕਵਿਤਾਵਾਂ ਵਿੱਚ ਵਿਸ਼ੇ ਘਰ ਦੇ ਵਾਤਾਵਰਣ ਵਿਚੋਂ ਉਸਾਰੇ ਗਏ ਹਨ। ਇਸ ਨਵੀਂ ਕਵਿਤਰੀ ਦਾ ਅਸੀਂ ਸਵਾਗਤ ਕਰਦੇ ਹਾਂ, ਜੋ ਨਵਾਂ ਰੰਗ ਸਿਰਜਦੀ ਹੈ।

**ਡਾ. ਹਰਪ੍ਰੀਤ ਸਿੰਘ ਹੁੰਦਲ**
**ਪ੍ਰਿੰਸੀਪਲ**
**ਸਿੱਖ ਨੈਸ਼ਨਲ ਕਾਲਜ, ਕਾਦੀਆਂ**
**9463684511**

## ਪੁਸਤਕ ਰੀਵਿਊ


# ਪਰਦੇਸ ਵੱਸਦੀ ਗ਼ਜ਼ਲ ਦਾ ਸਮਰੱਥ ਇਕਰਾਰਨਾਮਾ 'ਕਾਗ਼ਜੀ ਕਿਰਦਾਰ'

**ਗੁਰਭਜਨ ਗਿੱਲ**



ਜੀਤ ਸੁਰਜੀਤ ਦੋ ਦਹਾਕਿਆਂ ਤੋਂ ਬੈਲਜ਼ੀਅਮ ਵੱਸਦੀ ਪੰਜਾਬੀ ਸ਼ਾਇਰਾ ਹੈ। ਨਜ਼ਮ, ਗੀਤ, ਕਵਿਤਾ ਅਤੇ ਲੋਕ ਰੰਗ ਟੱਪਿਆਂ ਦਾ ਸਫ਼ਰ ਤੈਅ ਕਰਦੀ ਹੋਈ ਅੱਜਕਲ੍ਹ ਗ਼ਜ਼ਲ ਲਿਖ ਰਹੀ ਹੈ। 'ਕਾਗ਼ਜ਼ੀ ਕਿਰਦਾਰ' ਉਸਦਾ ਪਲੇਠਾ ਗ਼ਜ਼ਲ ਸੰਗ੍ਰਹਿ ਹੈ।

ਪਹਿਲਾਂ ਪਹਿਲ ਲੱਗਦਾ ਸੀ ਕਿ ਨਵੇਂ ਨਾਮ ਆਜ਼ਾਦ ਕਵਿਤਾ ਨੂੰ ਵੱਧ ਪਰਵਾਨ ਕਰ ਰਹੇ ਹਨ। ਇਸ ਗ਼ਜ਼ਲ ਸੰਗ੍ਰਹਿ ਨੇ ਦੱਸਿਆ ਕਿ ਦੇਸ ਵਾਂਗ ਪਰਦੇਸ ਵਿੱਚ ਵੀ ਪੰਜਾਬੀ ਗ਼ਜ਼ਲ ਸਿਰਜਣਾ ਦੀਆਂ ਜੜ੍ਹਾਂ ਮਜ਼ਬੂਤ ਹੋ ਰਹੀਆਂ ਨੇ।




ਇਹ ਕਿਤਾਬ ਉਸ ਦਾ ਜੀਵੰਤ ਪ੍ਰਮਾਣ ਹੈ। ਪਹਿਲਾਂ ਤਕਨੀਕੀ ਗਿਆਨ ਲੈਣ ਲਈ ਵਿਅਕਤੀ ਵਿਸ਼ੇਸ਼ ਕੋਲ ਜਾਣਾ ਪੈਂਦਾ ਸੀ ਪਰ ਹੁਣ ਔਨਲਾਈਨ ਸੌਖ ਨੇ ਕਾਫੀ ਮਦਦ ਕੀਤੀ ਹੈ।

ਜੀਤ ਸੁਰਜੀਤ ਦਾ ਮਾਪਿਆਂ ਵੱਲੋਂ ਦਿੱਤਾ ਨਾਮ ਤਾਂ ਸੁਰਜੀਤ ਕੌਰ ਸੀ ਪਰ ਅਦਬੀ ਖੇਤਰ 'ਚ ਉਹ ਜੀਤ ਸੁਰਜੀਤ ਦੇ ਨਾਮ ਨਾਲ ਜਾਣੀ ਜਾਂਦੀ ਹੈ।

ਜ਼ਿਲ੍ਹਾ ਕਪੂਰਥਲਾ ਦੇ ਪਿੰਡ ਠੱਟਾ ਨਵਾਂ ਦੀ ਜੰਮਪਲ਼ ਇਸ ਕਵਿੱਤਰੀ ਨੇ ਮੁੱਢਲੀ ਸਿੱਖਿਆ ਪਿੰਡ ਤੋਂ ਹਾਸਲ ਕਰਕੇ ਗਰੈਜੂਏਸ਼ਨ ਐੱਸ. ਡੀ. ਕਾਲਿਜ ਫਾਰ ਵਿਮੈੱਨ ਸੁਲਤਾਨਪੁਰ ਲੋਧੀ ਤੋਂ ਕੀਤੀ ਤੇ ਐੱਮ. ਏ. ਇਕਨਾਮਿਕਸ ਉਸ ਨੇ ਰਣਧੀਰ ਕਾਲਿਜ ਕਪੂਰਥਲਾ ਤੋਂ ਪਾਸ ਕੀਤੀ।

ਵਿਦਿਅਕ ਮਾਹੌਲ ਨੇ ਉਸ ਨੂੰ ਅਰਥ ਸ਼ਾਸਤਰ ਦੇ ਨਾਲ ਨਾਲ ਪੰਜਾਬੀ ਸਾਹਿਤ ਨਾਲ ਜੋੜਿਆ।


ਨਜ਼ਮ, ਗੀਤ, ਕਵਿਤਾ ਤੇ ਲੋਕ ਰੰਗ ਉਹ ਕਾਵਿ ਰੂਪ ਟੱਪਿਆਂ ਤੋਂ ਸਫ਼ਰ ਸ਼ੁਰੂ ਕਰਨ ਉਪਰੰਤ ਅੱਜਕੱਲ੍ਹ ਉਹ ਗ਼ਜ਼ਲ ਦੀ ਰਚਨਾਕਾਰ ਹੈ।

ਉਸ ਦੀ ਪਲੇਠੀ ਗ਼ਜ਼ਲ ਪੁਸਤਕ 'ਕਾਗ਼ਜ਼ੀ ਕਿਰਦਾਰ' ਵਿੱਚ 111 ਗ਼ਜ਼ਲਾਂ ਹਨ। ਉਸ ਦੀ ਇਸ ਪੁਸਤਕ ਨੂੰ ਏਵਿਸ ਪਬਲਿਸ਼ਰਜ਼ ਨਵੀਂ ਦਿੱਲੀ ਨੇ ਪ੍ਰਕਾਸ਼ਿਤ ਕੀਤਾ ਹੈ। ਯੋਰਪ 'ਚ ਸਭ ਤੋਂ ਸਰਗਰਮ ਸਾਹਿੱਤਕ ਸਭਿਆਚਾਰਕ ਸੰਸਥਾ ਸਾਹਿਤ ਸੁਰ ਸੰਗਮ

ਸਭਾ ਦੀ ਉਹ ਸਰਗਰਮ ਮੈਂਬਰ ਹੈ। ਉਸ ਦੀ ਰਚਨਾ ਬਾਰੇ ਸੁਖਵਿੰਦਰ ਅੰਮ੍ਰਿਤ, ਰਾਜਵੰਤ ਰਾਜ ਤੇ ਦਲਜਿੰਦਰ ਰਹਿਲ ਨੇ ਬਹੁਤ ਮੁੱਲਵਾਨ ਟਿੱਪਣੀਆਂ ਕੀਤੀਆਂ ਹਨ। ਜੀਤ ਸੁਰਜੀਤ ਦੀ ਰਚਨਾ ਪੜ੍ਹਦਿਆਂ ਸੁਣਦਿਆਂ ਸੱਜਰੇਪਨ ਦਾ ਅਹਿਸਾਸ ਹੁੰਦਾ ਹੈ। ੴ ਦੀ ਪ੍ਰਗਟ ਭੂਮੀ ਸੁਲਤਾਨਪੁਰ ਲੋਧੀ ਸਾਹਿਬ ਦੀ ਧਰਤੀ ਤੋਂ ਗਿਆਨ ਪ੍ਰਕਾਸ਼ ਲੈ ਕੇ ਵਿਸ਼ਵ ਨੂੰ ਕਲਾਵੇ ਵਿੱਚ ਲੈਂਦੇ ਅਨੁਭਵ ਦੀ ਬਾਤ ਪਾਉਂਦੀ ਹੈ। ਭਵਿੱਖ ਉਸ ਤੋਂ ਹੋਰ ਵਡੇਰੀਆਂ ਆਸਾਂ ਕਰ ਸਕਦਾ ਹੈ ਕਿਉਂਕਿ ਧਰਤੀ, ਧਰਮ ਤੇ ਧਰੇਕ ਵਾਂਗ ਧੀ ਵੀ ਧਰਤੀ ਅੰਬਰ ਨਾਲ ਸਦੀਵੀ ਵਾਰਤਾਲਾਪ ਦੀ ਸਮਰੱਥਾ ਰੱਖਦੀ ਹੈ। ਸਪਨ ਮਾਲਾ, ਸੁਰਜੀਤ ਸਖੀ, ਕੁਲਦੀਪ ਕਲਪਨਾ, ਕਮਲ ਇਕਾਰਸ਼ੀ, ਸੁਖਵਿੰਦਰ ਅੰਮ੍ਰਿਤ, ਸੁਰਿੰਦਰ ਗੀਤ, ਗੁਰਚਰਨ ਕੌਰ ਕੋਚਰ, ਸੁਰਿੰਦਰਜੀਤ ਕੌਰ, ਪਰਮਜੀਤ ਕੌਰ ਮਹਿਕ, ਕੁਲਵਿੰਦਰ ਕਿਰਨ, ਸਿਮਰਤ ਸੁਮੈਰਾ, ਕੁਲਵਿੰਦਰ ਕੰਵਲ, ਕੁਲਜੀਤ ਗ਼ਜ਼ਲ, ਸੁਰਿੰਦਰ ਸਿਦਕ, ਕੁਲਦੀਪ ਕੌਰ ਚੱਠਾ, ਪਰਮਜੀਤ ਦਿਓਲ,ਅਮਰਜੀਤ ਕੌਰ ਅਮਰ, ਅਨੂ ਬਾਲਾ, ਨਵਗੀਤ ਕੌਰ ਤੇ ਗ਼ਜ਼ਲ ਵਿਧਾ ਦੀਆਂ ਹੋਰ ਕਵਿੱਤਰੀਆਂ ਵਾਂਗ ਉਸ ਨੇ ਵੀ ਆਪਣੀ ਗ਼ਜ਼ਲ ਰਚਨਾ ਵਿੱਚ ਬਹੁਤ ਨਿਵੇਕਲੇ ਅਨੁਭਵ ਪ੍ਰਗਟਾਅ ਕੇ ਭਵਿੱਖ ਨਾਲ ਪੱਕਾ ਇਕਰਾਰਨਾਮਾ ਲਿਖਿਆ ਹੈ। ਕਾਗਜ਼ੀ ਕਿਰਦਾਰ ਭਵਿੱਖ ਨਾਲ ਸਮਰੱਥ ਇਕਰਾਰਨਾਮਾ ਹੈ।



**ਗੁਰਭਜਨ ਗਿੱਲ**
**ਪ੍ਰਧਾਨ**
**ਪੰਜਾਬੀ ਲੋਕ ਵਿਰਾਸਤ ਅਕਾਦਮੀ, ਲੁਧਿਆਣਾ**



# ਪੁਸਤਕ ਰੀਵਿਊ


## ਜਲਾਵਤਨ: ਪ੍ਰੋ. ਜਗੀਰ ਸਿੰਘ ਕਾਹਲੋਂ

ਰੁਪਿੰਦਰ ਸੋਜ਼



**ਮਮਤਾ**

ਜਦ ਮੈਂ ਹੋਸ਼ ਸੰਭਾਲੀ, ਮਾਂ ਨੂੰ
ਅੱਧ-ਨੰਗੇ ਪਿੰਡੇ
ਭੁੱਖਾਂ ਤੇ ਧੁੱਪਾਂ ਨਾਲ
ਜੂਝਦਿਆਂ ਤਕਦੇ ਰਹੇ
ਪਰ
ਮਾਂ ਦੀ ਮਮਤਾ ਦਾ ਫਿਰ ਵੀ
ਵਾਸ਼ਪੀਕਰਨ ਨਹੀਂ ਹੋਇਆ




ਪ੍ਰੋ. ਜਗੀਰ ਸਿੰਘ ਕਾਹਲੋਂ ਦੀ ਕਿਤਾਬ 'ਜਲਾਵਤਨ' ਬਹੁਤ ਹੀ ਖ਼ੂਬਸੂਰਤ ਰਵਾਨੀ ਤੇ ਸਰਲ਼ ਭਾਸ਼ਾ ਵਿੱਚ ਹੈ ਤੇ ਇਸ ਤੋਂ ਵੱਡੀ ਗੱਲ ਹੈ ਕਿ ਕਾਹਲੋਂ ਸਾਹਿਬ ਇਸ ਵਿੱਚ ਆਪ ਨਜ਼ਰ ਆਉਂਦੇ ਨੇ। ਪੰਜ ਪੰਨਿਆ 'ਚ ਲਿਖੀ 'ਜਲਾਵਤਨ' ਰਚਨਾ ਵਿਚਾਲੇ ਰੁਕਣ ਨਹੀਂ ਦਿੰਦੀ। ਕੁਝ ਪਾਤਰਾਂ ਨੂੰ ਲੈ ਕੇ ਲਿਖੀ ਇਹ ਰਚਨਾ ਹਰ ਉਸ ਇਨਸਾਨ ਨੂੰ ਨਾਲ ਵਹਾਅ ਕੇ ਲੈ ਜਾਣ ਦੀ ਸਮਰੱਥਾ ਰੱਖਦੀ ਹੈ ਜੋ ਰੋਜ਼ੀ ਰੋਟੀ ਕਮਾਉਣ ਮਜਬੂਰੀ ਵੱਸ ਦੂਜੇ ਦੇਸ਼ ਦੇ ਹੋ ਕੇ ਰਹਿ ਜਾਂਦੇ ਨੇ 'ਜਲਾਵਤਨ' ਚੋਂ ਕੁਝ ਸਤਰਾਂ

**ਟੋਰਾਂਟੋਂ ਦੇ ਇਕ ਪੱਬ ਵਿੱਚ ਬੀਅਰ ਪੀਦਿਆਂ**

ਬਾਪ ਕੋਲ ਜੇ ਕੋਈ ਪੂੰਜੀ ਹੁੰਦੀ
ਤਾਂ ਸ਼ਾਇਦ ਮੈਂ ਵੀ
ਸੱਚਾ ਸੌਦਾ ਹੀ ਕਰਨ ਨਿਕਲ ਪੈਂਦਾ
ਪਰ ਡੁੱਬੀ ਤਾਂ ਜੇ ਸਾਹ ਨਾ ਆਇਆ
ਪੰਜ ਕਿੱਲਿਆਂ ਦੀ ਖੇਤੀ 'ਚੋਂ
ਕਿਹੜੀਆਂ ਪੂੰਜੀਆਂ ਜੁੜਦੀਆਂ ਨੇ ਭਲਾ ?

ਜੰਡਿਆਲਾ ਹੁਣ ਮੇਰੇ ਲਈ

## ਪੁਸਤਕ ਰੀਵਿਊ: ਜਲਾਵਤਨ

ਕੋਈ ਪਰਾਈ ਧਰਤੀ ਬਣ ਚੁੱਕਿਐ
ਜਿਵੇਂ ਕਿਸੇ ਦੁਸ਼ਮਣ ਦੇਸ਼ ਦੀ ਧਰਤੀ ਹੋਵੇ

ਮਾਰਕਸਵਾਦੀ ਪ੍ਰੋ. ਕਾਹਲੋਂ ਦੀ ਖਾਸੀਅਤ ਇਹ ਹੈ ਕਿ ਉਹਨਾਂ ਨੇ ਮਾਰਕਸਵਾਦੀ ਫ਼ਲਸਫ਼ੇ ਤੋਂ ਪ੍ਰਭਾਵਿਤ ਹੋ ਕੇ ਭਾਰਤ ਦੀ ਸੰਸਕ੍ਰਿਤੀ ਦੀ ਕਿਤੇ ਵੀ ਤੱਤ ਭੜੱਥੇ ਹੋ ਕੇ ਹੋਰ ਕਈਆਂ ਕਵੀਆਂ ਵਾਂਗੂ ਨਿੰਦਿਆਂ ਨਹੀਂ ਕੀਤੀ ਉਹਨਾਂ ਦਾ ਅਮੀਰ ਭਾਰਤੀ ਦਰਸ਼ਨ ਦਾ ਡੂੰਘਾਈ ਨਾਲ ਕੀਤਾ ਅਧਿਅਨ ਉਹਨਾਂ ਦੀਆਂ ਕਈ ਰਚਨਾਵਾਂ ਜਿਵੇ ਕਵਿਤਾ 'ਪੰਜਾਬ' ਆਦਿ ਵਿੱਚ ਦਿਖਦਾ ਹੈ ਮੈਂ ਇਹ ਲਿਖਣ ਲੱਗਾ ਸਮਝਦਾ ਹਾਂ ਕਿ ਸਾਡੇ ਬਾਪ ਦਾਦਿਆਂ ਦੇ ਸਮੇਂ ਦੇ ਕਵੀ ਪੱਥ ਪ੍ਰਦਰਸ਼ਕ ਵੀ ਰਹੇ ਪਰ ਮੈਂ ਵਿਦਵਾਨ ਕੇ ਐਨ. ਹੈਦਰ ਦੀ ਲਿਖੀਆਂ ਕੁਝ ਸਤਰਾਂ ਵੀ ਸਾਂਝੀਆਂ ਕਰਦਾ ਹਾਂ, "ਕੈਫ਼ੀ ਆਜ਼ਮੀ, ਜਾਂਨਿਸਾਰ ਅਖ਼ਤਰ, ਸਰਦਾਰ ਜਾਫ਼ਰੀ, ਜੋਸ਼ ਮਲੀਹਾਬਾਦੀ (ਸ਼ਾਇਰੇ-ਇੰਕਲਾਬ) ਵਗੈਰਾ ਨੇ ਜਿਸ ਪਾਰਟੀ ਨਾਲੋਂ ਨਾਤਾ ਤੋੜਿਆ ਵਾਸਤਵ ਵਿੱਚ ਉਹ ਭਾਵੇਂ ਸੱਚੇ ਮਾਰਕਸਵਾਦੀ ਰਹੇਂ ਹੋਣ ਪਰ ਗਲਤ ਰਾਜਨੀਤੀਵਾਨ ਸਨ। ਉਹਨਾਂ ਨੇ ਮਜਹਬਪ੍ਰਸਤ ਅਵਾਮ ਨੂੰ ਆਪਣੇ ਖਿਲਾਫ ਭੜਕਾ ਦਿੱਤਾ ਤੇ ਅਜ਼ਾਦੀ ਦੇ ਫੌਰਨ ਬਾਅਦ ਜਨਸੰਘ ਤੇ ਜਮਾਤੇ-ਇਸਲਾਮੀ ਦੇ ਲਈ ਫੁੱਲਾਂ ਦਾ ਰਸਤਾ ਤਿਆਰ ਕਰ ਦਿੱਤਾ।" ਸੋ ਇਹ ਸਤਰਾਂ ਸਾਂਝੀਆਂ ਕਰਨ ਦਾ ਮੇਰਾ ਮਤਲਬ ਸੀ ਕੋਈ ਵੀ ਫ਼ਲਸਫ਼ਾ ਸਿਰ ਫਿਰਿਆਂ ਨੂੰ ਵੀ ਜਨਮ ਦੇ ਦਿੰਦਾ ਹੈ ਤੇ ਪ੍ਰੋ: ਕਾਹਲੋਂ ਵਰਗੇ ਦੂਰਦਰਸ਼ੀ ਵੀ ਪੈਦਾ ਕਰ ਦਿੰਦਾ ਹੈ ਭੜਕਾਉ ਸ਼ਾਇਰੀ ਨਾਲ ਵੀ ਨਾਮ ਕਮਾਇਆ ਜਾ ਸਕਦਾ ਪਰ ਸਿਰਫ਼ ਨਾਮ ਹੀ।

ਪ੍ਰੋ: ਕਾਹਲੋਂ ਇਕ ਸੰਜੀਦਾ ਮਾਰਕਸਵਾਦੀ ਸ਼ਾਇਰ ਨੇ। ਉਹਨਾਂ ਦੀ ਗੀਤਾਂ, ਗ਼ਜ਼ਲਾਂ, ਦੋਹਿਆਂ ਤੇ ਕਵਿਤਾਵਾਂ ਦੀ ਇਸ ਕਿਤਾਬ ਬਾਰੇ ਬਹੁਤ ਲਿਖਿਆ ਜਾ ਸਕਦਾ ਹੈ। ਮੈਂ ਉਹਨਾਂ ਦੀ ਦੂਰਦਰਸ਼ੀ ਸੋਚ ਨੂੰ ਸਲਾਮ ਕਰਦਾ ਹਾਂ ਤੇ ਪਾਠਕਾਂ ਨੂੰ ਇਹ ਕਿਤਾਬ ਪੜਨ ਲਈ ਜਰੂਰ ਰਾਏ ਦਿੰਦਾ ਹਾਂ। ਸਿਰਫ਼ 100 ਪੰਨਿਆਂ ਦੀ ਸਰਲ਼ ਭਾਸ਼ਾ ਤੇ ਉੱਚੇ ਵਿਚਾਰਾਂ ਦੀ ਇਹ ਕਿਤਾਬ ਆਮ ਪਾਠਕ ਨੂੰ ਵੀ ਖਾਸ ਬਣਾ ਸਕਦੀ ਹੈ।




**ਰੁਪਿੰਦਰ ਸੋਜ਼**
**ਆਸਟਰੇਲੀਆ**
**+61433442492**


## ਪਰਵਾਸ ਅਤੇ ਪਰਵਾਸੀ ਪੰਜਾਬੀ ਸਾਹਿਤ ਦੇ ਸੰਦਰਭ ਵਿਚ:

# ਭਾਰਤੀ ਪੰਜਾਬੀ ਸਾਹਿਤ: ਜਾਣ-ਪਛਾਣ

ਪਰਵਾਸ ਪੱਤ੍ਰਿਕਾ ਸਮੁੱਚੇ ਤੌਰ 'ਤੇ ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ ਹੈ ਪਰਵਾਸੀ ਪਾਠਕਾਂ ਦੀ ਇੱਛਾ ਅਨੁਸਾਰ ਭਾਰਤੀ ਪੰਜਾਬੀ ਸਾਹਿਤ ਸਬੰਧੀ ਜਾਣਕਾਰੀ ਪ੍ਰਦਾਨ ਕਰਨ ਲਈ ਪੁਸਤਕਾਂ ਸਬੰਧੀ ਜਾਣ ਪਛਾਣ ਕਰਵਾਉਣ ਦਾ ਯਤਨ ਆਰੰਭਿਆ ਗਿਆ ਹੈ





**ਤਾਰਿਆਂ ਦੇ ਨਾਲ ਗੱਲਾਂ ਕਰਦਿਆਂ**
ਗੁਰਭਜਨ ਗਿੱਲ





**ਜੜ੍ਹਾਂ ਦੇ ਵਿੱਚ ਵਿਚਾਲੇ**
ਅਰਤਿੰਦਰ ਸੰਧੂ




**ਕਿਣਮਿਣ**
ਗੁਰਦਿਆਲ ਰੋਸ਼ਨ





**ਮਨ ਦੇ ਬੂਹੇ ਬਾਰੀਆਂ**
ਗੁਰਭਜਨ ਗਿੱਲ




**ਨਕਸਲਵਾਦ ਅਤੇ ਪੰਜਾਬੀ ਨਾਵਲ: ਸਿਆਸੀ ਅਵਚੇਤਨ**
ਸਤਿੰਦਰਪਾਲ ਸਿੰਘ ਬਾਵਾ

## ਭਾਰਤੀ ਪੰਜਾਬੀ ਸਾਹਿਤ: ਜਾਣ-ਪਛਾਣ...

# ਤਾਰਿਆਂ ਦੇ ਨਾਲ ਗੱਲਾਂ ਕਰਦਿਆਂ: ਗੁਰਭਜਨ ਗਿੱਲ





ਪ੍ਰੋ. ਗੁਰਭਜਨ ਗਿੱਲ ਨੇ ਆਪਣੇ ਸਾਦਗੀ ਭਰਪੂਰ ਸ਼ਿਅਰੀ ਬਿਆਨਾਂ ਨਾਲ ਸਮਕਾਲੀ ਪੰਜਾਬੀ ਗ਼ਜ਼ਲਕਾਰਾਂ ਨੂੰ ਪ੍ਰਭਾਵਿਤ ਹੀ ਨਹੀਂ ਕੀਤਾ, ਸਗੋਂ ਗ਼ਜ਼ਲ ਦੀ ਘੇਰਾ ਬੰਦੀ ਤੋਂ ਬਾਹਰ ਆ ਕੇ ਲੋਕਾਂ ਨਾਲ ਖਲੋਣ ਦੀ ਪਹਿਲ ਕੀਤੀ। ਗਿੱਲ ਉਨ੍ਹਾਂ ਗ਼ਜ਼ਲਕਾਰਾਂ ਵਿਚੋਂ ਹੈ, ਜਿੰਨਾਂ ਨੇ ਹਥਿਆਰ ਨਾ ਹੁੰਦਿਆਂ ਵੀ ਸ਼ਬਦ ਨੂੰ ਹਥਿਆਰ ਮੰਨਿਆ ਤੇ ਵਰਤਿਆ ਹੈ। ਉਸ ਨੂੰ ਸ਼ਬਦ ਦੀ ਅਥਾਹ ਸ਼ਕਤੀ ਦਾ ਇਲਮ ਹੈ। ਉਸ ਦੇ ਸ਼ਬਦ ਘੁੱਪ ਹਨੇਰਿਆਂ ਵਿਚ ਦੀਵਿਆਂ ਵਾਂਗ ਜਗਦੇ ਤੇ ਜੁਗਨੂੰਆਂ ਵਾਂਗ ਟਿਮਟਿਮਾਉਂਦੇ ਹਨ। ਉਹ



ਸ਼ਿਅਰ ਨੂੰ ਐਨੇ ਸਹਿਜ ਨਾਲ ਘੜਦਾ ਤੇ ਪੇਸ਼ ਕਰਦਾ ਹੈ ਕਿ ਦਿਲ ਮੰਨਣ ਤੇ ਮਨ ਸੋਚਣ ਲਈ ਜਾਗ ਉੱਠਦਾ ਹੈ। ਨਿਰਸੰਦੇਹ ਗੁਰਭਜਨ ਦੀ ਗ਼ਜ਼ਲ ਦਾ ਆਧੁਨਿਕ ਆਤਮ ਬੋਧ-ਯੁੱਗ ਹਾਸ਼ੀਆ-ਗ੍ਰਸਤ ਲੋਕਾਂ ਨੂੰ ਆਪਣੇ ਪ੍ਰਵਚਨਾਂ ਦੇ ਸਫ਼ਿਆਂ ਵਿਚ ਸਥਾਨ ਦੇਂਦਾ ਹੋਇਆ ਲੋਕਤਾ ਨੂੰ ਕੇਂਦਰ ਬਿੰਦੂ ਬਣਾਉਂਦਾ ਹੈ। ਇਸ ਕੇਂਦਰ ਬਿੰਦੂ ਦੀ ਨਿਸ਼ਾਨਦੇਹੀ ਹੀ ਉਸ ਦੀਆਂ ਗ਼ਜ਼ਲਾਂ ਕਰਦੀਆਂ ਹਨ। ਗਿੱਲ ਨੇ ਪੰਜਾਬੀਆਂ ਦੇ ਸਦਾਚਾਰ ਅਤੇ ਸਭਿਆਚਾਰ ਦੇ ਮੁੱਢਲੇ ਆਧਾਰਾਂ ਨੂੰ ਸ਼ਿਅਰਾਂ ਦਾ ਵਿਸ਼ਾ ਬਣਾਇਆ ਹੈ। ਸਨਾਤਨੀ ਗ਼ਜ਼ਲ ਵਿਚ ਇਹ ਅੰਸ਼ ਨਾਮ-ਮਾਤਰ ਸਨ ਅਤੇ ਸ਼ਿਅਰਾਂ ਦਾ ਕੇਂਦਰ ਬਿੰਦੂ 'ਔਰਤ ਨਾਲ ਗੱਲਾਂ ਕਰਨ' ਵਾਲਾ ਹੀ ਉਜਾਗਰ ਸੀ। ਗੁਰਭਜਨ ਦੀ ਜਿਹੜੀ ਗ਼ਜ਼ਲ ਹੈ, ਉਹ ਪੰਜਾਬਣ ਮੁਟਿਆਰ ਹੈ ਹੁਣ ਉਸਨੂੰ ਵਾਫਰ ਮੱਤਾਂ ਦੇਣ ਦੀ ਜ਼ਰੂਰਤ ਨਹੀਂ। ਇਸ ਪੰਜਾਬਣ ਧੀ ਨੂੰ ਆਪਣੇ ਆਲੇ-ਦੁਆਲੇ ਦੇ ਸਮਾਜਿਕ ਰਿਸ਼ਤਿਆਂ ਦਾ ਪਤਾ ਹੈ। ਗਿੱਲ ਦੀ ਗ਼ਜ਼ਲ ਧੀ ਨੂੰ ਪਤਾ ਹੈ ਕਿ ਉਸਤੋਂ ਕੀ-ਕੀ ਆਸਾਂ ਹਨ ਇਸੇ ਲਈ ਉਸ ਦੀ ਗ਼ਜ਼ਲ ਵਿਚ ਮਨਮੋਹਣੀ ਹਯਾ ਵੀ ਹੈ ਤੇ ਕਿਸੇ ਦੀ ਮੈਲੀ ਅੱਖ ਵਾਸਤੇ ਨਫ਼ਰਤ ਵੀ।

ਸੁਲੱਖਣ ਸਿੰਘ ਸਰਹੱਦੀ

## ਜੜ੍ਹਾਂ ਦੇ ਵਿੱਚ ਵਿਚਾਲੇ: ਅਰਤਿੰਦਰ ਸੰਧੂ





ਬੀਤੇ ਕੁਝ ਦਹਾਕਿਆਂ ਦੌਰਾਨ ਸਾਡੇ ਜੀਣ ਦੇ ਤਰੀਕਿਆਂ ਵਿਚ ਤੇਜੀ ਨਾਲ ਅਨੇਕਾਂ ਤਬਦੀਲੀਆਂ ਆਈਆਂ ਹਨ। ਨਿਰਸੰਦੇਹ ਨਵੀਆਂ ਖੋਜਾਂ ਤੇ ਕਾਢਾਂ ਨਾਲ ਮਨੁੱਖੀ ਜ਼ਿੰਦਗੀ ਵਿਚ ਨਵੇਂ ਰੰਗ ਤਾਂ ਭਰੇ ਗਏ ਪਰ ਇਸ ਤੇਜ਼ ਰਫ਼ਤਾਰ ਤਰੱਕੀ ਦੀ ਤੋਰ ਸਾਂਵੀਂ ਨਹੀਂ ਸੀ ਰਹੀ। ਇਸ ਕਾਰਨ ਸਾਡੀਆਂ ਭਾਈਚਾਰਕ, ਸਦਾਚਾਰਕ ਤੇ ਸਭਿਆਚਾਰਕ ਮਨੁੱਖੀ ਤੰਦਾਂ ਤਿੜਕ ਗਈਆਂ ਤੇ ਰਿਸ਼ਤਿਆਂ ਦੇ ਰੂਪ ਰੰਗ ਹੀ ਬਦਲ ਗਏ। ਇਸ ਵਰਤਾਰੇ ਦੇ ਅਸਰ ਬਾਰੇ ਸੋਚਦਿਆਂ, ਕਈ ਵਾਰ ਖ਼ਿਆਲ ਆਉਂਦਾ ਹੈ ਕਿ ਜੇ ਸੱਤਰ ਸਾਲ ਪਹਿਲਾਂ ਪੰਜਾਬ ਵਿਚ ਜਿਊ ਕੇ ਗਿਆ ਕੋਈ



ਮਨੁੱਖ ਕਿਸੇ ਤਰੀਕੇ ਨਾਲ ਏਥੇ ਵਾਪਸ ਆ ਜਾਵੇ ਤਾਂ ਉਸਨੇ ਮੰਨਣਾ ਹੀ ਨਹੀਂ ਕਿ ਇਹ ਮੇਰੀ ਓਹੋ ਪੁਰਾਣੀ ਧਰਤੀ ਤੇ ਓਹੋ ਲੋਕ ਹਨ। ਇਹ ਤਬਦੀਲੀਆਂ ਸਾਡੀ ਜਲਦੀ ਨਾਲ ਤਰੱਕੀ ਯਾਫ਼ਤਾ ਹੋ ਜਾਣ ਦੀ ਚਾਹਤ ਦੇ ਕਾਫ਼ੀ ਹੱਦ ਤਕ ਪੂਰੀ ਹੁੰਦੇ ਜਾਣ ਦੇ ਨਤੀਜੇ ਵਿਚੋਂ ਉਪਜੀਆਂ ਅਲਾਮਤਾਂ ਹਨ। ਇਨ੍ਹਾਂ ਕਾਰਨ ਜ਼ਿੰਦਗੀ ਵਿਚ ਪੈਦਾ ਹੋਈ ਆਪੋਧਾਪੀ ਨੇ ਸਾਡੇ ਸਹਿਜ ਜੀਣ ਨੂੰ ਕਾਹਲ ਭਰੀ ਬੇਤਰਤੀਬੀ ਵਿਚ ਲਿਆ ਉਤਾਰਿਆ ਹੈ। ਇਸ ਸਭ ਕੁਝ ਦਾ ਪਸਾਰਾ ਸਾਡੀਆਂ ਜੜ੍ਹਾਂ ਦੇ ਧੁਰ ਅੰਦਰ ਤਕ ਪਹੁੰਚ ਗਿਆ ਹੈ। ਹਾਲਾਤ ਦਾ ਅਸਰ ਸਾਡੀ ਚੇਤਨਾ ਤੇ ਸਾਡੀਆਂ ਸੋਚਾਂ 'ਤੇ ਵੀ ਪਿਆ ਹੈ। ਅਸਲ ਵਿਚ ਮਨੁੱਖ ਦੀਆਂ ਜੜ੍ਹਾਂ ਦੇ ਅੰਦਰ ਅਤੀਤ ਦੀ ਰਹਿਤਲ ਵਿਚਲਾ ਕਈ ਕੁਝ ਸਾਹ ਲੈ ਉਸਦੇ ਵਰਤਮਾਨ ਦੇ ਸਾਹਾਂ ਵਿਚ ਰਚੀ ਹੁੰਦੀ ਹੈ। ਉਧਰ ਬਾਹਰਲੇ ਪੌਣ ਪਾਣੀ ਤੇ ਖ਼ਾਧ ਖੁਰਾਕ ਦਾ ਅਸਰ ਵੀ ਜੜ੍ਹਾਂ ਕਬੂਲ ਕਰਦੀਆਂ ਰਹਿੰਦੀਆਂ ਹਨ। ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਜਿਵੇਂ ਬਿਰਖ ਦੀਆਂ ਜੜ੍ਹਾਂ 'ਤੇ ਬਾਹਰਲੇ ਹਾਲਾਤ ਦਾ ਅਸਰ ਪੈਂਦਾ ਹੈ। ਇਸੇ ਰਸ ਰਸਾਈ ਜਾਂ ਕਸ਼ਮਕਸ਼ ਦੇ ਮੇਲ ਦਾ ਅਸਰ ਹੀ ਸਾਡਾ ਨਿੱਤ ਦਿਨ ਦਾ ਜੀਣ ਬਣ ਰਿਹਾ ਹੈ।

ਅਰਤਿੰਦਰ ਸੰਧੂ

# ਕਿਣਮਿਣ: ਗੁਰਦਿਆਲ ਰੌਸ਼ਨ




ਅਜੋਕੇ ਦੌਰ ਵਿਚ ਪੰਜਾਬੀ ਵਿਚ ਲਿਖੀ ਜਾ ਰਹੀ ਗ਼ਜ਼ਲ ਨੂੰ ਮਾਣਮੱਤਾ ਸਥਾਨ ਪ੍ਰਾਪਤ ਹੋ ਚੁੱਕਾ ਹੈ ਤੇ ਇਸਦੇ ਮੁਕਾਬਲੇ ਪੰਜਾਬੀ ਕਾਵਿ ਦੀ ਕੋਈ ਹੋਰ ਵਿਧਾ ਕਿਤੇ ਵੀ ਨਹੀਂ ਠਹਿਰਦੀ। ਪੰਜਾਬੀ ਕਾਵਿ ਦਾ ਇਹ ਯੁੱਗ ਗ਼ਜ਼ਲ ਦਾ ਯੁੱਗ ਹੈ। ਗ਼ਜ਼ਲ ਹੁਣ ਸਿਰਫ਼ ਪਿਆਰ ਮੁਹੱਬਤ ਤੱਕ ਹੀ ਸੀਮਤ ਨਹੀਂ ਰਹੀ, ਇਸਦਾ ਦਾਇਰਾ ਵਸੀਹ ਹੋ ਗਿਆ ਹੈ। ਜ਼ਿੰਦਗੀ ਲਈ ਮੁਹੱਬਤ ਵੀ ਜ਼ਰੂਰੀ ਹੈ ਪਰ ਸਭ ਕੁਝ ਮੁਹੱਬਤ ਹੀ ਨਹੀਂ ਹੈ ਲੋਕ ਦਰਦ ਨੂੰ ਸ਼ਿਅਰਾਂ ਦੇ ਵਿਸ਼ੇ ਬਣਾਉਣਾ ਅੱਜ ਦੇ ਸਮੇਂ ਦੀ ਪ੍ਰਮੁੱਖ ਜ਼ਰੂਰਤ ਹੈ। ਅਦੀਬ ਆਮ ਲੋਕਾਂ ਦਾ ਰਾਹ ਦਸੇਰਾ ਹੁੰਦਾ ਹੈ ਤੇ ਉਸਨੇ ਲੁੱਟੇ ਪੁੱਟੇ




ਲੋਕਾਂ ਦੀ ਅਗਵਾਈ ਕਰਨੀ ਹੁੰਦੀ ਹੈ। ਗ਼ਜ਼ਲ ਦਾ ਮਾਧਿਅਮ ਇਸ ਸੰਦਰਭ ਵਿਚ ਮਹੱਤਵਪੂਰਨ ਸਾਬਿਤ ਹੋ ਸਕਦਾ ਹੈ। ਮੈਂ ਆਪਣੀ ਗ਼ਜ਼ਲ ਨੂੰ ਸਰਲ ਰੱਖਦਾ ਹਾਂ ਕਈ ਵਾਰ ਮੁਸ਼ਕਿਲ ਸ਼ਬਦਾਂ ਨੂੰ ਮੈਂ ਸ਼ਿਅਰ ਵਿੱਚੋਂ ਕੱਢ ਦਿੰਦਾ ਹਾਂ। ਸਾਡੀਆਂ ਗ਼ਜ਼ਲਾਂ ਦੇ ਨਾਇਕ ਤੇ ਨਾਇਕਾਵਾਂ ਆਮ ਲੋਕ, ਕਿਰਤੀ ਤੇ ਕਿਸਾਨ ਹਨ। ਜੇ ਸਾਡਾ ਸੰਦੇਸ਼ ਉਨ੍ਹਾਂ ਤਕ ਨਹੀਂ ਪਹੁੰਚਦਾ ਜਾਂ ਗ਼ਜ਼ਲ ਦੇ ਸ਼ਿਅਰ ਉਨ੍ਹਾਂ ਦੇ ਸਮਝ ਨਹੀਂ ਪੈਂਦੇ ਤਾਂ ਸਮਝ ਲਵੋ ਤੁਹਾਡੀ ਗ਼ਜ਼ਲਕਾਰੀ ਨਾ ਮੁਕੰਮਲ ਤੇ ਕਿਸੇ ਕੰਮ ਦੀ ਨਹੀਂ। ਮੈਂ ਆਸ ਕਰਦਾ ਹਾਂ ਕਿ ਸਾਡੇ ਗ਼ਜ਼ਲਕਾਰ ਮੇਰੀ ਇਸ ਧਾਰਨਾ ਵੱਲ ਧਿਆਨ ਦੇਣਗੇ। 'ਕਿਣਮਿਣ' ਮੇਰਾ ਸਤਾਰਵਾਂ ਗ਼ਜ਼ਲ ਸੰਗ੍ਰਹਿ ਹੈ ਤੇ ਇਸ ਦੀਆਂ ਬਹੁਤੀਆਂ ਗ਼ਜ਼ਲਾਂ ਲੋਕਾਂ ਦੀਆਂ ਸੱਮਸਿਆਵਾਂ 'ਤੇ ਅਧਾਰਤ ਹਨ। ਇਸ ਨੂੰ ਮੇਰੇ ਗ਼ਜ਼ਲ ਸੰਗ੍ਰਹਿਾਂ 'ਮਹਿਫ਼ਿਲ'ਤੇ 'ਘੁੰਗਰੂ' ਵਾਂਗ ਹੀ ਰੰਗਦਾਰ ਛਾਪਿਆ ਜਾ ਰਿਹਾ ਹੈ। ਮੈਂ ਖ਼ੁਦ ਚਿੱਤਰਕਾਰ ਹਾਂ ਤੇ ਇਸ ਦਾ ਵੱਡਾ ਕਾਰਨ ਪਾਠਕ ਨੂੰ ਚਿੱਤਰਕਾਰੀ ਨੂੰ ਮਾਨਣ ਦੀ ਆਦਤ ਪਾਉਣਾ ਹੈ। ਆਸ ਹੈ ਇਹ ਗ਼ਜ਼ਲ ਸੰਗ੍ਰਹਿ ਪਾਠਕਾਂ ਦੀ ਕਸੌਟੀ 'ਤੇ ਖ਼ਰਾ ਉਤਰੇਗਾ। ਤੁਹਾਡੀ ਰਾਇ ਦਾ ਸਵਾਗਤ ਹੈ।

ਗੁਰਦਿਆਲ ਰੌਸ਼ਨ

## ਭਾਰਤੀ ਪੰਜਾਬੀ ਸਾਹਿਤ: ਜਾਣ-ਪਛਾਣ...

# ਮਨ ਦੇ ਬੂਹੇ ਬਾਰੀਆਂ: ਗੁਰਭਜਨ ਗਿੱਲ





ਗੁਰਭਜਨ ਗਿੱਲ ਦੇ ਗ਼ਜ਼ਲ ਸੰਗ੍ਰਹਿ 'ਮਨ ਦੇ ਬੂਹੇ ਬਾਰੀਆਂ' ਵਿਚਲੀਆਂ ਗ਼ਜ਼ਲਾਂ ਨੂੰ ਵਾਚਦਿਆਂ ਇਹ ਗੱਲ ਹੋਰ ਵੀ ਸਪਸ਼ਟ ਹੋ ਜਾਂਦੀ ਹੈ ਕਿ ਪੰਜਾਬੀ ਗ਼ਜ਼ਲ ਨੇ ਵਿਸ਼ੇ ਵਸਤੂ, ਸਲਿਪ, ਭਾਵਾਂ, ਭਾਸ਼ਾ ਅਤੇ ਨਿਭਾਅ ਦਾ ਧਿਆਨ ਰੱਖਦਿਆਂ ਮੰਜ਼ਿਲ ਵੱਲ ਸਾਰਥਿਕ ਕਦਮ ਪੁੱਟੇ ਹਨ। ਗੁਰਭਜਨ ਗਿੱਲ ਨੇ ਗ਼ਜ਼ਲ ਰੂਪੀ ਈਰਾਨੀ ਮੁਟਿਆਰ ਨੂੰ ਉਹਦੇ ਸਰੀਰ ਨਾਲ ਮੇਚ ਖਾਂਦੇ ਕੱਪੜੇ ਪੁਆਏ ਹਨ। ਸਲਵਾਰ ਕਮੀਜ਼ ਦੇ ਨਾਲ ਸਿਰ 'ਤੇ ਲੈਣ ਲਈ ਗੋਟੇ ਵਾਲੀ ਚੁੰਨੀ ਅਤੇ ਪੈਰਾਂ ਵਿਚ ਕਸੂਰੀ ਜੁੱਤੀ। ਉਸ ਨੇ ਉਸ ਮੁਟਿਆਰ ਨੂੰ ਇਹ ਆਖਣ ਦਾ ਮੌਕਾ ਨਹੀਂ ਦਿੱਤਾ ਕਿ 'ਜੁੱਤੀ ਕਸੂਰੀ



ਪੈਰੀਂ ਨਾ ਪੂਰੀ ਹਾਏ ਰੱਬਾ ਵੇ ਸਾਨੂੰ ਟੁਰਨਾ ਪਿਆ, ਸਗੋਂ ਉਸ ਦੇ ਪੈਰੀਂ ਪਾਉਣ ਤੋਂ ਪਹਿਲਾਂ ਉਸ ਜੁੱਤੀ ਨੂੰ ਖ਼ਾਲਸ ਸਰ੍ਹੋਂ ਦੇ ਤੇਲ ਨਾਲ ਚੋਪੜੀ ਵੀ ਦਿੱਤਾ ਹੈ ਕਿਉਂਕਿ ਉਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਜੁੱਤੀ ਮਾੜੀ-ਮੋਟੀ ਵੀ ਲਗਦੀ ਹੋਵੇ ਤਾਂ ਉਹ ਤੁਰਨ ਵਾਲੇ ਦੀ ਤੋਰ ਬਦਸੂਰਤ ਬਣਾ ਦਿੰਦੀ ਹੈ। ਇਸ ਤਰ੍ਹਾਂ ਗੁਰਭਜਨ ਗਿੱਲ ਨੂੰ ਖ਼ੁੰਮਖਾਨੇ ਦੀ ਜ਼ੀਨਤ ਨੂੰ ਭੱਤਾ ਲੈ ਕੇ ਪੈਲੀਆਂ ਵੱਲ ਜਾਣਾ ਵੀ ਸਿਖਾ ਦਿੱਤਾ ਹੈ। ਗਿੱਲ ਦੀ ਗ਼ਜ਼ਲ ਸਿਰਫ਼ ਹੋਠਾਂ ਦੀ ਮੁਸਕਣੀ ਤੇ ਅੱਖਾਂ ਦੇ ਤੀਰਾਂ ਤੱਕ ਮਹਿਦੂਦ ਨਹੀਂ ਹੈ। ਧਰਤੀ ਤੋਂ ਆਕਾਸ਼ ਤੀਕ ਬਿਖਰੇ ਹੋਏ ਜ਼ਿੰਦਗੀ ਦੇ ਹਜ਼ਾਰਾਂ ਮਸਲਿਆਂ ਨੂੰ, ਧਰਤੀ ਨਾਲ ਜੁੜੇ ਮਨੁੱਖੀ ਸਵਾਲਾਂ ਨੂੰ, ਮੁਲਕਾਂ ਦੀ ਗ਼ੈਰ ਕੁਦਰਤੀ ਵੰਡ ਨੂੰ, ਪੜਾਕੂਆਂ ਦੇ ਦਿਨ-ਬ-ਦਿਨ ਭਾਰੇ ਹੁੰਦੇ ਜਾ ਰਹੇ ਬਸਤਿਆਂ ਨੂੰ, ਸਮਾਜ ਵਿਚ ਪਈ ਕਾਣੀ ਵੰਡ ਨੂੰ, ਸ਼ੋਸ਼ਣ ਅਤੇ ਜ਼ੁਲਮ-ਜਬਰ ਨੂੰ ਆਪਣੀਆਂ ਗ਼ਜ਼ਲਾਂ ਦਾ ਵਿਸ਼ਾ ਬਣਾਇਆ ਹੈ ਅਤੇ ਉਹ ਆਪਣੀ ਗੱਲ ਆਪਣੇ ਪਾਠਕਾਂ ਤੱਕ ਪਹੁੰਚਾਉਣ ਵਿਚ ਸਫ਼ਲ ਹੋਇਆ ਹੈ।

ਸਰਦਾਰ ਪੰਛੀ

# ਨਕਸਲਵਾਦ ਅਤੇ ਪੰਜਾਬੀ ਨਾਵਲ: ਸਿਆਸੀ ਅਵਚੇਤਨ






ਸਤਿੰਦਰਪਾਲ ਸਿੰਘ ਬਾਵਾ ਨੇ ਅਵਚੇਤਨ, ਸਮੂਹਿਕ ਅਵਚੇਤਨ, ਭਾਸ਼ਾਈ ਅਵਚੇਤਨ ਅਤੇ ਸਿਆਸੀ ਅਵਚੇਤਨ ਦੇ ਸਿਧਾਂਤਕ ਪੱਖ ਨੂੰ ਫਰਇਡੀਅਨ ਮਨੋਵਿਸ਼ਲੇਸ਼ਣ ਸ਼ਾਸਤਰ ਅਤੇ ਮਾਰਕਸਵਾਦੀ ਚਿੰਤਨ ਦੇ ਵਿਆਪਕ ਸੰਦਰਭ ਵਿਚ ਚਰਚਾ ਦਾ ਵਿਸ਼ਾ ਬਣਾਇਆ ਹੈ। ਉਸਦੀ ਰਸਾਈ ਸਮਾਜ-ਸ਼ਾਸਤਰ ਅਤੇ ਸਾਹਿਤ-ਸ਼ਾਸਤਰ ਬਾਰੇ ਵਿਸ਼ਵ ਪੱਧਰ 'ਤੇ ਪ੍ਰਾਪਤ ਚਿੰਤਨ ਪ੍ਰਣਾਲੀਆਂ ਤੱਕ ਹੈ। ਉਸ ਨੇ ਨਕਸਲਬਾੜੀ ਲਹਿਰ ਦੇ ਇਤਿਹਾਸ (ਆਰੰਭ, ਵਿਕਾਸ ਅਤੇ ਪਤਨ) ਸਿਧਾਂਤਕ ਪਰਿਪੇਖ ਅਤੇ ਸਿਆਸੀ ਅਵਚੇਤਨ ਬਾਰੇ ਆਲੋਚਨਾਤਮਕ ਦ੍ਰਿਸ਼ਟੀ ਤੋਂ ਗੰਭੀਰ ਸੰਵਾਦ ਰਚਾਇਆ ਹੈ। ਨਕਸਲਵਾੜੀ ਲਹਿਰ ਦੇ ਸਿਧਾਂਤ, ਵਿਹਾਰ ਅਤੇ ਸਿਆਸੀ ਅਵਚੇਤਨ ਦੀ ਨਿਸ਼ਾਨਦੇਹੀ ਕਰਨ ਸਮੇਂ ਉਸ ਨੇ ਸਿਗਮੰਡ ਫ਼ਰਾਇਡ, ਸੀ. ਜੇ. ਯੁੰਗ, ਯਕ ਲਾਕਾਂ, ਫ਼ਰੈਡਰਿਕ ਜੇਮਸਨ, ਲੂਸੀਅਨ ਗੋਲਡਮਾਨ ਅਤੇ ਲੂਈ ਅਲਥਿਊਸਰ ਆਦਿ ਚਿੰਤਕਾਂ ਦੇ ਵਿਚਾਰਾਂ ਦਾ ਗੰਭੀਰ ਮੁਤਾਲਿਆ ਕੀਤਾ ਹੈ। ਉਸ ਨੇ ਪੰਜਾਬ ਦੀ ਨਕਸਲਬਾੜੀ ਲਹਿਰ ਦੇ ਸਾਹਿਤ ਅਤੇ ਸਭਿਆਚਾਰਕ ਸਿਰਜਣਾਵਾਂ ਉੱਪਰ ਪਏ ਪ੍ਰਭਾਵਾਂ ਦਾ ਲੇਖਾ-ਜੋਖਾ ਕਰਨ ਉਪਰੰਤ ਨਕਸਲਬਾੜੀ ਲਹਿਰ ਤੋਂ ਪ੍ਰਭਾਵਿਤ ਪੰਜਾਬੀ ਨਾਵਲ ਦਾ ਪਾਠ-ਮੂਲਕ ਅਤੇ ਇਤਿਹਾਸ-ਮੂਲਕ ਦ੍ਰਿਸ਼ਟੀ ਤੋਂ ਮੁਲਾਂਕਣ ਕੀਤਾ ਹੈ। ਉਸਦੀ ਅਧਿਐਨ ਵਿਧੀ ਅੰਤਰ-ਅਨੁਸ਼ਾਸ਼ਨੀ ਹੈ। ਨਾਵਲਾਂ ਦਾ ਅਧਿਐਨ ਕਰਨ ਸਮੇਂ ਉਹ ਰਚਨਾ ਦੇ ਪਾਠ ਅਤੇ ਉਸਦੇ ਸਿਰਜਣ ਸੰਦਰਭ ਦੋਹਾਂ ਨੂੰ ਧਿਆਨ ਵਿਚ ਰੱਖਦਾ ਹੈ। 'ਨਕਸਲਵਾਦ ਅਤੇ ਪੰਜਾਬੀ ਨਾਵਲ: ਸਿਆਸੀ ਅਵਚੇਤਨ' ਪੁਸਤਕ ਪੰਜਾਬੀ ਨਾਵਲ ਅਧਿਐਨ ਵਿਚ ਮੁੱਲਵਾਨ ਵਾਧਾ ਕਰਦੀ ਹੈ।

ਡਾ. ਸੁਖਦੇਵ ਸਿੰਘ ਸਿਰਸਾ

# ਸਰਗਰਮੀਆਂ...

## ਪਰਵਾਸੀ ਸਾਹਿਤ ਅਧਿਐਨ ਕੇਂਦਰ

## ‘ਪਰਵਾਸ’ ਅਕਤੂਬਰ-ਦਸੰਬਰ 2021 ਰਿਲੀਜ਼ ਸਮਾਗਮ




ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਅੱਜ ਤ੍ਰੈਮਾਸਿਕ ਪੱਤ੍ਰਿਕਾ ‘ਪਰਵਾਸ’ ਦਾ ਚੌਦਵਾਂ ਅੰਕ ਰਿਲੀਜ਼ ਕੀਤਾ ਗਿਆ।

ਇਸ ਸਮਾਗਮ ਵਿਚ ਡਾ. ਲਖਵਿੰਦਰ ਸਿੰਘ ਜੌਹਲ ਸਕੱਤਰ ਜਨਰਲ ਪੰਜਾਬ ਕਲਾ ਪ੍ਰੀਸ਼ਦ, ਸਾਹਿਤਕਾਰ ਸੁਰਿੰਦਰ ਸਿੰਘ ਸੁੱਨੜ ਕੈਲੇਫੋਰਨੀਆ ਤੇ ਪ੍ਰੋ. ਗੁਰਭਜਨ ਗਿੱਲ ਪ੍ਰਧਾਨ ਲੋਕ ਵਿਰਾਸਤ ਅਕੈਡਮੀ ਲੁਧਿਆਣਾ ਨੇ ਉਚੇਚੇ ਤੌਰ ’ਤੇ ਸ਼ਿਰਕਤ ਕੀਤੀ।

ਪ੍ਰੋਗਰਾਮ ਦੇ ਆਰੰਭ ਵਿਚ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨ ਕੌਂਸਲ, ਲੁਧਿਆਣਾ ਨੇ ਮਹਿਮਾਨਾਂ ਦਾ ਰਸਮੀ ਤੌਰ ’ਤੇ ਸੁਆਗਤ ਕੀਤਾ ਤੇ ਪਰਵਾਸ ਦੇ ਇਸ ਅੰਕ ਵਿਚ ਛਪੇ ਪਰਵਾਸੀ ਲੇਖਕਾਂ ਤੇ ਸਾਹਿਤਕ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ।

ਡਾ. ਲਖਵਿੰਦਰ ਜੌਹਲ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਪਰਵਾਸੀ ਲੇਖਕ ਅੱਜ ਗਲੋਬਲ ਸਰੋਕਾਰਾਂ ਨੂੰ ਪੇਸ਼ ਕਰਨ ਦੇ ਸਮਰੱਥ ਹਨ।

## ਸਰਗਰਮੀਆਂ......... ਪਰਵਾਸੀ ਅਧਿਅਨ ਕੇਂਦਰ

ਪਰਵਾਸੀ ਸਾਹਿਤ ਅੱਜ ਪੰਜਾਬੀ ਸਾਹਿਤ ਦੀ ਮੁੱਖ ਧਾਰਾ ਦੇ ਸਾਹਿਤ ਦਾ ਮਹੱਤਵਪੂਰਨ ਅੰਗ ਬਣ ਚੁੱਕਾ ਹੈ। ਉਨਾਂ ਕਿਹਾ ਕਿ ਕਿਸਾਨੀ ਅੰਦੋਲਨ ਨੂੰ ਜਿਸ ਸ਼ਿੱਦਤ ਨਾਲ ਭਾਰਤੀ ਪੰਜਾਬੀਆਂ ਨੇ ਮਹਿਸੂਸ ਕੀਤਾ 'ਤੇ ਹੰਢਾਇਆ ਉਸੇ ਤਰ੍ਹਾਂ ਹੀ ਪਰਵਾਸੀ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਵਿਚੋਂ ਵੀ ਉਹ ਭਾਵਨਾ ਪ੍ਰਤੱਖ ਤੌਰ 'ਤੇ ਦੇਖਣ ਨੂੰ ਮਿਲੀ।

ਪ੍ਰੋ. ਗੁਰਭਜਨ ਗਿੱਲ ਨੇ ਜੋ ਕਿ 'ਪਰਵਾਸ' ਮੈਗਜ਼ੀਨ ਦੇ ਪ੍ਰਮੁੱਖ ਸਲਾਹਕਾਰ ਵੀ ਹਨ ਨੇ ਕਿਹਾ ਕਿ 'ਪਰਵਾਸ' ਮੈਗਜ਼ੀਨ ਨੇ ਅੱਜ ਵਿਸ਼ਵ ਭਰ ਵਿਚ ਆਪਣੀ ਇਕ ਅਲੱਗ ਪਛਾਣ ਕਾਇਮ ਕੀਤੀ ਹੈ। ਅਨੇਕਾਂ ਹੀ ਅਣਪ੍ਰਕਾਸ਼ਿਤ ਤੇ ਅਣਪਛਾਤੇ ਲੇਖਕਾਂ ਨੂੰ ਇਕ ਮੰਚ ਮੁੱਹਈਆ ਕਰਵਾਉਣ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪਰਵਾਸੀ ਲੇਖਕਾਂ ਨੂੰ ਇਸ ਕੇਂਦਰ ਨਾਲ ਜੁੜਨਾ ਚਾਹੀਦਾ ਹੈ।

ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ. ਜੀ. ਐਨ. ਆਈ. ਐਮ. ਟੀ. ਨੇ ਇਸ ਮੌਕੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਦੀ ਸਥਾਪਤੀ ਤੋਂ ਲੈ ਕੇ ਹੁਣ ਤੱਕ ਦੀਆਂ ਪ੍ਰਾਪਤੀਆਂ ਸ੍ਰੋਤਿਆਂ ਨਾਲ ਸਾਂਝੀਆਂ ਕੀਤੀਆਂ।

ਇਸ ਮੌਕੇ 'ਤੇ ਪ੍ਰਧਾਨਗੀ ਭਾਸ਼ਣ ਸਾਂਝੇ ਕਰਦੇ ਹੋਏ ਅਮਰੀਕਾ ਵੱਸਦੇ ਲੇਖਕ ਸੁਰਿੰਦਰ ਸਿੰਘ ਸੁੱਨੜ ਨੇ ਪਰਵਾਸੀ ਕੇਂਦਰ ਦੇ ਇਸ ਉੱਦਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਪਰਵਾਸੀ ਸਾਹਿਤ ਅਧਿਅਨ ਕੇਂਦਰ ਵਿਦੇਸ਼ਾਂ ਵਿਚ ਵੱਸਦੇ ਲੇਖਕਾਂ ਦਾ ਮਾਰਗ ਦਰਸ਼ਨ ਕਰਨ ਵਿਚ ਅਹਿਮ ਭੂਮਿਕਾ ਨਿਭਾਅ ਰਿਹਾ ਹੈ। ਉਨ੍ਹਾਂ ਨੇ ਆਪਣੇ 38 ਸਾਲਾਂ ਦੇ ਪਰਵਾਸੀ ਜੀਵਨ ਦੇ ਤਜ਼ਰਬੇ ਸ੍ਰੋਤਿਆਂ ਨਾਲ ਸਾਂਝੇ ਕੀਤੇ। ਉਨ੍ਹਾਂ ਇੱਕ ਲੱਖ ਰੁਪਏ ਦੀ ਵਿੱਤੀ ਸਹਾਇਤਾ ਵੀ ਪਰਵਾਸੀ ਸਾਹਿੱਤ ਅਧਿਐਨ ਕੇਂਦਰ ਨੂੰ ਦੇਣ ਦਾ ਐਲਾਨ ਕੀਤਾ।

ਡਾ. ਤੇਜਿੰਦਰ ਕੌਰ ਨੇ ਕੇਂਦਰ ਦੀਆਂ ਵੱਖ ਵੱਖ ਸਰਗਰਮੀਆਂ ਤੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ। ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੇ ਰਸਮੀ ਤੌਰ 'ਤੇ ਆਏ ਲੇਖਕਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਕੌਂਸਲ ਦੇ ਮੈਂਬਰ ਸ. ਕੁਲਜੀਤ ਸਿੰਘ, ਸ. ਹਰਦੀਪ ਸਿੰਘ ਅਤੇ ਕਾਲਜ ਦੇ ਅਧਿਆਪਕ ਡਾ. ਭੁਪਿੰਦਰ ਸਿੰਘ, ਡਾ. ਗੁਰਪ੍ਰੀਤ ਸਿੰਘ, ਪ੍ਰੋ. ਸ਼ਰਨਜੀਤ ਕੌਰ, ਡਾ. ਦਲੀਪ ਸਿੰਘ, ਡਾ. ਹਰਗੁਣਜੋਤ ਕੌਰ ਡਾ. ਮਨਦੀਪ ਕੌਰ ਰੰਧਾਵਾ ਤੇ ਰਜਿੰਦਰ ਸਿੰਘ ਸੰਧੂ ਵੀ ਹਾਜ਼ਰ ਰਹੇ।

# 'ਪਰਵਾਸ' ਸ੍ਰੀ ਗੁਰੂ ਤੇਗ ਬਹਾਦਰ ਜੀ ਵਿਸ਼ੇਸ਼ ਅੰਕ ਰਿਲੀਜ਼




ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਤ੍ਰੈਮਾਸਿਕ ਪੱਤ੍ਰਿਕਾ 'ਪਰਵਾਸ' ਦਾ ਪੰਦਰਵਾਂ ਅੰਕ ਲੋਕ ਅਰਪਣ ਕੀਤਾ ਗਿਆ।
ਇਸ ਸਮਾਗਮ ਵਿਚ ਪ੍ਰੋ. ਗੁਰਭਜਨ ਸਿੰਘ ਗਿੱਲ, ਚੇਅਰਮੈਨ ਪੰਜਾਬੀ ਲੋਕ ਵਿਰਾਸਤ ਅਕੈਡਮੀ, ਲੁਧਿਆਣਾ ਅਤੇ ਆਸਟਰੇਲੀਆ ਤੋਂ ਲੇਖਕ ਸ. ਪਰਗਟ ਸਿੰਘ ਰੰਧਾਵਾ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।
ਪ੍ਰੋਗਰਾਮ ਦੇ ਆਰੰਭ ਵਿਚ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨ ਕੌਂਸਲ, ਲੁਧਿਆਣਾ ਨੇ ਮਹਿਮਾਨਾਂ ਦਾ ਰਸਮੀ ਤੌਰ 'ਤੇ ਸੁਆਗਤ ਕੀਤਾ ਤੇ ਉਹਨਾਂ ਨੇ ਕਿਹਾ ਕਿ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਜਿੱਥੇ ਹਰ ਤਿੰਨ ਮਹੀਨੇ ਬਾਅਦ ਪਰਵਾਸ ਦਾ ਅੰਕ ਕੱਢਿਆ ਜਾਂਦਾ ਹੈ ਉੱਥੇ ਹੀ ਹੁਣ ਤੱਕ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਗੁਰੂ ਨਾਨਕ ਵਿਸ਼ੇਸ਼ ਅੰਕ, ਦੋ ਕਿਸਾਨੀ ਵਿਸ਼ੇਸ਼ ਅੰਕ ਅਤੇ ਦੋ ਕਰੋਨਾ ਵਿਸ਼ੇਸ਼ ਅੰਕ ਵੀ ਕੱਢੇ ਗਏ ਹਨ।
ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ 'ਪਰਵਾਸ' ਮੈਗਜ਼ੀਨ ਨੇ ਅੱਜ ਵਿਸ਼ਵ ਭਰ ਵਿਚ ਆਪਣੀ ਇਕ ਅਲੱਗ ਪਛਾਣ ਕਾਇਮ ਕੀਤੀ ਹੈ। ਅਨੇਕਾਂ ਹੀ ਅਣਪ੍ਰਕਾਸ਼ਿਤ ਤੇ ਅਣਪਛਾਤੇ ਲੇਖਕਾਂ ਨੂੰ ਇਕ ਮੰਚ ਮੁਹੱਈਆ ਕਰਵਾਉਣ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਉਹਨਾਂ ਨੇ ਕਿਹਾ ਕਿ ਇਸ ਗੁਰੂ ਤੇਗ ਬਹਾਦਰ ਜੀ ਵਿਸ਼ੇਸ਼ ਅੰਕ

## ਸਰਗਰਮੀਆਂ......... ਪਰਵਾਸੀ ਅਧਿਅਨ ਕੇਂਦਰ

ਵਿਚ ਵੱਖ-ਵੱਖ ਮੁਲਕਾਂ ਵਿਚ ਵੱਸਦੇ 25 ਕਵੀਆਂ (ਡਾ. ਅਮਰ ਜਿਉਤੀ, ਕਵਿੰਦਰ ਚਾਂਦ, ਹਰਚੰਦ ਸਿੰਘ ਬਾਗੜੀ, ਡਾ. ਗੁਰਮਿੰਦਰ ਸਿੱਧੂ, ਸੁਰਿੰਦਰ ਗੀਤ, ਹਰਸ਼ਰਨ ਕੌਰ, ਪਰਮਜੀਤ ਕੌਰ ਦਿਓਲ, ਨਕਸ਼ਦੀਪ ਪੰਜਕੋਹਾ, ਅਜ਼ੀਮ ਸੇਖ਼ਰ, ਚਰਨਜੀਤ ਸਿੰਘ ਪੰਨੂ, ਸੁਰਜੀਤ ਸਖੀ, ਦਲਜਿੰਦਰ ਰਹਿਲ, ਗੁਰਦੀਸ਼ ਕੌਰ ਗਰੇਵਾਲ, ਹਰਜਿੰਦਰ ਕੰਗ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਦਲਵੀਰ ਕੌਰ ਵੁਲਵਰਹੈਂਪਟਨ,ਗੁਰਮੇਲ ਕੌਰ ਸੰਘਾ, ਡਾ. ਦਵਿੰਦਰ ਸਿੰਘ ਜੀਤਲਾ, ਜੀਤ ਸੁਰਜੀਤ ਬੈਲਜੀਅਮ,ਹਰਦਿਆਲ ਸਿੰਘ ਚੀਮਾ, ਕੁਲਦੀਪ ਚਿਰਾਗ਼, ਅਮਨਜੀਤ ਕੌਰ ਸ਼ਰਮਾ, ਕੁਲਵੰਤ ਕੌਰ ਚੰਨ, ਸੋਨੀਆ ਪਾਲ, ਨਿਰੰਜਨ ਸਿੰਘ ਨੂਰ ਨੇ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਭੇਂਟ ਕੀਤੀ ਹੈ। ਗੁਰੂ ਜੀ ਦੇ ਜੀਵਨ, ਵਿਚਾਰਧਾਰਾ ਤੇ ਸ਼ਹਾਦਤ ਨੂੰ ਚਾਰ ਲੇਖਕਾਂ, ਜਿਹਨਾਂ ਵਿਚ ਡਾ. ਭਾਈ ਹਰਬੰਸ ਲਾਲ, ਮਨਜੀਤ ਕੌਰ ਸੇਖੋਂ, ਡਾ. ਦੇਵਿੰਦਰ ਸਿੰਘ ਸੇਖੋਂ ਤੇ ਡਾ. ਅਮਰਜੀਤ ਸਿੰਘ ਟਾਂਡਾ ਨੇ ਆਪਣੇ ਵਿਸ਼ੇਸ਼ ਲੇਖਾਂ ਰਾਹੀਂ ਪੇਸ਼ ਕੀਤਾ ਹੈ।

ਪਰਗਟ ਸਿੰਘ ਰੰਧਾਵਾ ਆਸਟਰੇਲੀਆ ਨੇ ਆਪਣੇ ਮੁੱਢਲੇ ਜੀਵਨ ਅਤੇ ਸਾਹਿਤਕ ਰਚਨਾਵਾਂ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਹੁਣ ਤੱਕ ਉਨ੍ਹਾਂ ਦੀਆਂ ਤੇਰਾਂ ਪੁਸਤਕਾਂ ਵੱਖ ਵੱਖ ਵਿਧਾਵਾਂ ਵਿੱਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਨ੍ਹਾਂ ਨੇ ਆਸਟਰੇਲੀਆ ਦੀ ਧਰਤੀ 'ਤੇ ਪੰਜਾਬੀ ਸਾਹਿਤ ਤੇ ਸਾਹਿਤ ਸਭਾਵਾਂ ਦੀ ਸਥਿਤੀ ਬਾਰੇ ਵੀ ਚਰਚਾ ਕੀਤੀ। ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਅਤੇ ਕਿਤਾਬਾਂ ਦਾ ਸੈੱਟ ਭੇਟ ਕੀਤਾ ਗਿਆ।

ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ. ਜੀ. ਐਨ. ਆਈ. ਐਮ. ਟੀ. ਨੇ ਇਸ ਮੌਕੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਦੀਆਂ ਮਹੱਤਵਪੂਰਨ ਪ੍ਰਾਪਤੀਆਂ ਸ੍ਰੋਤਿਆਂ ਨਾਲ ਸਾਂਝੀਆਂ ਕੀਤੀਆਂ।

ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਦੀਆਂ ਵੱਖ ਵੱਖ ਸਰਗਰਮੀਆਂ ਤੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ ਤੇ ਰਸਮੀ ਤੌਰ 'ਤੇ ਆਏ ਲੇਖਕਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਕੌਂਸਲ ਦੇ ਮੈਂਬਰ ਸ. ਕੁਲਜੀਤ ਸਿੰਘ, ਸ. ਹਰਦੀਪ ਸਿੰਘ ਅਤੇ ਸੰਸਥਾ ਦੇ ਅਧਿਆਪਕ ਡਾ. ਭੁਪਿੰਦਰ ਸਿੰਘ, ਡਾ. ਗੁਰਪ੍ਰੀਤ ਸਿੰਘ, ਪ੍ਰੋ. ਸ਼ਰਨਜੀਤ ਕੌਰ, ਡਾ. ਹਰਪ੍ਰੀਤ ਸਿੰਘ ਦੂਆ, ਡਾ. ਤੇਜਿੰਦਰ ਕੌਰ, ਕੋਆਰਡੀਨੇਟਰ, ਪਰਵਾਸੀ ਸਾਹਿਤ ਅਧਿਅਨ ਕੇਂਦਰ, ਪ੍ਰੋ. ਜਸਮੀਤ ਕੌਰ ਤੇ ਰਾਜਿੰਦਰ ਸਿੰਘ ਸੰਧੂ ਵੀ ਹਾਜ਼ਰ ਰਹੇ।

## ਸਰਗਰਮੀਆਂ........ ਪਰਵਾਸੀ ਅਧਿਅਨ ਕੇਂਦਰ

# ਪਰਵਾਸੀ ਸਾਹਿਤ ਅਧਿਐਨ ਕੇਂਦਰ ਦੇ ਕੰਪਿਊਟਰੀਕਰਨ ਲਈ ਸ੍ਰੀ ਭਾਰਤ ਭੂਸ਼ਨ ਆਸ਼ੂ ਵੱਲੋਂ ਚੈੱਕ ਭੇਂਟ ਕਰਦੇ ਹੋਏ ਸ਼੍ਰੀਮਤੀ ਮਮਤਾ ਆਸ਼ੂ






ਪਰਵਾਸੀ ਸਾਹਿਤ ਅਧਿਐਨ ਕੇਂਦਰ ਨੂੰ ਪੰਜਾਬ ਦੇ ਖੁਰਾਕ ਤੇ ਸਿਵਿਲ ਸਪਲਾਈ ਮੰਤਰੀ ਸ੍ਰੀ ਭਾਰਤ ਭੂਸ਼ਨ ਆਸ਼ੂ ਵੱਲੋਂ ਸ੍ਰੀ ਮਤੀ ਮਮਤਾ ਆਸ਼ੂ, ਕੌਂਸਲਰ, ਲੁਧਿਆਣਾ ਰਾਹੀਂ ਪੰਜ ਲੱਖ ਦੀ ਗ੍ਰਾਂਟ ਦਿੱਤੀ ਗਈ। ਅਜੋਕੇ ਸਮੇਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਇਹ ਗ੍ਰਾਂਟ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੇ ਕੰਪਿਊਟਰੀਕਰਨ ਲਈ ਵਰਤੋਂ ਵਿੱਚ ਲਿਆਂਦੀ ਜਾਵੇਗੀ। ਇਸ ਮੌਕੇ ਪਰਵਾਸੀ ਕੇਂਦਰ ਵੱਲੋਂ ਸ੍ਰੀ ਮਤੀ ਮਮਤਾ ਆਸ਼ੂ ਲਈ ਇਕ ਧੰਨਵਾਦ ਸਮਾਗਮ ਦਾ ਆਯੋਜਨ ਕੀਤਾ ਗਿਆ।

ਇਸ ਸਮਾਗਮ ਵਿਚ ਪ੍ਰੋ. ਗੁਰਭਜਨ ਗਿੱਲ, ਪ੍ਰਧਾਨ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਉਚੇਚੇ ਤੌਰ ’ਤੇ ਸ਼ਾਮਿਲ ਹੋਏ। ਪ੍ਰੋਗਰਾਮ ਦੇ ਆਰੰਭ ਵਿਚ ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਨੇ ਸ੍ਰੀਮਤੀ ਮਮਤਾ ਆਸ਼ੂ, ਕੌਂਸਲਰ ਨਰਿੰਦਰ ਸ਼ਰਮਾ ਤੇ ਹੋਰ ਮਹਿਮਾਨਾਂ ਨੂੰ ਵਿਸ਼ੇਸ਼ ਤੌਰ ’ਤੇ ਜੀ ਆਇਆ ਕਿਹਾ ਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੀਆਂ ਹੁਣ ਤੱਕ ਦੀਆਂ ਸਰਗਰਮੀਆਂ ਤੇ ਪ੍ਰਾਪਤੀਆਂ ਸ੍ਰੋਤਿਆਂ ਨਾਲ ਸਾਂਝੀਆਂ ਕੀਤੀਆਂ। ਇਸ ਉਪਰੰਤ ਮਮਤਾ ਆਸ਼ੂ ਨੇ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੇ ਆਨਰੇਰੀ ਜਨਰਲ ਸਕੱਤਰ ਸ. ਅਰਵਿੰਦਰ ਸਿੰਘ ਤੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੂੰ ਪੰਜ ਲੱਖ ਦਾ ਚੈੱਕ ਭੇਟ ਕੀਤਾ ਅਤੇ ਕਿਹਾ ਕਿ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਪਰਵਾਸੀ ਪੰਜਾਬੀ ਸਾਹਿਤ ਤੇ ਵਿਦੇਸ਼ਾਂ ਵਿਚ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ ਜਿਸ ਨਿਸ਼ਠਾ ਨਾਲ ਕੰਮ ਕੀਤਾ ਜਾ ਰਿਹਾ ਹੈ। ਉਹ ਸ਼ਲਾਘਾਯੋਗ ਹੈ ਉਨ੍ਹਾਂ ਨੇ ਕਿਹਾ ਕਿ ਡਾ. ਸ. ਪ. ਸਿੰਘ, ਸਾਬਕਾ ਵਾਈਸ

## ਸਰਗਰਮੀਆਂ......... ਪਰਵਾਸੀ ਅਧਿਅਨ ਕੇਂਦਰ

ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ, ਲੁਧਿਆਣਾ ਦੇ ਉੱਦਮ ਸਦਕਾ ਅੱਜ ਇਹ ਕੇਂਦਰ ਦੇਸ਼ ਵਿਦੇਸ਼ ਦੇ ਲੇਖਕਾਂ ਤੇ ਸਾਹਿਤਕ-ਸੱਭਿਆਚਾਰਕ ਸੰਸਥਾਵਾਂ ਵਿਚਕਾਰ ਇਕ ਪੁਲ ਦਾ ਕੰਮ ਕਰ ਰਿਹਾ ਹੈ। ਇਸ ਮੌਕੇ ਪ੍ਰੋ. ਗੁਰਭਜਨ ਗਿੱਲ, ਪ੍ਰਧਾਨ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਨੇ ਕਿਹਾ ਕਿ ਉਹ ਸ੍ਰੀ ਭਾਰਤ ਭੂਸ਼ਨ ਆਸ਼ੂ ਤੇ ਮਮਤਾ ਆਸ਼ੂ ਦੇ ਤਹਿ ਦਿਲ ਤੋਂ ਸ਼ੁਕਰਗੁਜਾਰ ਹਨ ਕਿ ਉਨ੍ਹਾਂ ਨੇ ਕੇਂਦਰ ਦੇ ਕੰਪਿਊਟਰੀਕਰਨ ਲਈ ਵਿੱਤੀ ਸਹਾਇਤਾ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਬਹੁਤ ਹੀ ਥੋੜੇ ਸਮੇਂ ਵਿਚ ਪਰਵਾਸੀ ਕੇਂਦਰ ਨੇ ਵਿਸ਼ਵ ਭਰ ਵਿਚ ਆਪਣੀ ਵਿਲੱਖਣ ਤੇ ਸਨਮਾਨਯੋਗ ਪਛਾਣ ਕਾਇਮ ਕੀਤੀ ਹੈ। 'ਪਰਵਾਸ' ਮੈਗਜ਼ੀਨ ਨੇ ਵਿਦੇਸ਼ਾਂ 'ਚ ਵੱਸਦੇ ਸੈਂਕੜੇ ਨਵੇਂ ਉੱਭਰ ਰਹੇ ਲੇਖਕਾਂ ਨੂੰ ਇਕ ਪਛਾਣ ਦਿੱਤੀ ਹੈ। ਪ੍ਰੋਗਰਾਮ ਦੇ ਅਖੀਰ 'ਤੇ ਪੰਜਾਬੀ ਵਿਭਾਗ ਦੇ ਮੁਖੀ ਡਾ. ਭੁਪਿੰਦਰ ਸਿੰਘ ਨੇ ਸਭ ਦਾ ਰਸਮੀ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਮਨਜੀਤ ਸਿੰਘ ਛਾਬੜਾ, ਡਾਇਰੈਕਟਰ ਜੀ. ਜੀ. ਐਨ. ਆਈ. ਐਮ. ਟੀ., ਸ੍ਰੀਮਤੀ ਗੁਣਮੀਤ ਕੌਰ ਪ੍ਰਿੰਸੀਪਲ ਜੀ. ਜੀ. ਐਨ. ਪਬਲਿਕ ਸਕੂਲ, ਪ੍ਰੋ. ਸ਼ਿਖਾ ਸਹਿਜਪਾਲ ਪ੍ਰਿੰਸੀਪਲ ਜੀ. ਜੀ. ਐਨ. ਕਾਲਜ ਆਫ ਫਾਰਮੇਸੀ, ਸ. ਕੁਲਜੀਤ ਸਿੰਘ, ਸ. ਹਰਦੀਪ ਸਿੰਘ, ਸ. ਹਰਸ਼ਰਨ ਸਿੰਘ ਨਰੂਲਾ, ਸ. ਸੁਖਬੀਰ ਸਿੰਘ ਨਰੂਲਾ, ਸ. ਅਰਵਿੰਦਰ ਸਿੰਘ ਅਤੇ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੇ ਹੋਰ ਮੈਂਬਰਾਨ ਸਮੇਤ ਡਾ. ਗੁਰਪ੍ਰੀਤ ਸਿੰਘ, ਪ੍ਰੋ. ਸ਼ਰਨਜੀਤ ਕੌਰ, ਡਾ. ਤੇਜਿੰਦਰ ਕੌਰ ਤੇ ਰਜਿੰਦਰ ਸਿੰਘ ਸੰਧੂ ਵੀ ਹਾਜ਼ਰ ਰਹੇ।




# ਸਰਗਰਮੀਆਂ.... ਪਰਵਾਸੀ ਸਾਹਿਤ ਅਧਿਅਨ ਕੇਂਦਰ

## ਢਾਹਾਂ ਪੁਰਸਕਾਰ ਜੇਤੂਆਂ ਨੂੰ ਵਧਾਈ






**ਸ. ਬੁੱਧ ਸਿੰਘ ਢਾਹਾਂ ਕਲੇਰਾਂ**



**ਬਰਜਿੰਦਰ ਸਿੰਘ ਢਾਹਾਂ ਕਲੇਰਾਂ**

ਪਰਵਾਸੀ ਸਾਹਿਤ ਅਧਿਅਨ ਕੇਂਦਰ ਅੰਤਰਰਾਸ਼ਟਰੀ ਪੰਜਾਬੀ ਸਾਹਿਤ ਇਨਾਮ 'ਢਾਹਾਂ ਪੁਰਸਕਾਰ 2021' ਦੇ ਜੇਤੂਆਂ ਨੂੰ ਵਧਾਈ ਦਿੰਦਾ ਹੈ। ਇਸ ਵਰ੍ਹੇ 25 ਹਜ਼ਾਰ ਡਾਲਰ ਦਾ ਪੁਰਸਕਾਰ ਸ੍ਰੀ ਨੈਨ ਸੁੱਖ (ਲਾਹੌਰ, ਲਹਿੰਦਾ ਪੰਜਾਬ, ਪਾਕਿਸਤਾਨ) ਦੇ ਸ਼ਾਹਮੁੱਖੀ ਵਿਚ ਪ੍ਰਕਾਸ਼ਿਤ ਕਹਾਣੀ ਸੰਗ੍ਰਿਹ 'ਜੋਗੀ, ਸੱਪ, ਤ੍ਰਾਹ' ਨੇ ਜਿੱਤਿਆ ਹੈ। ਜਦ ਕਿ 10 ਹਜ਼ਾਰ ਡਾਲਰ ਦੇ ਦੋ ਪੁਰਸਕਾਰਾਂ ਵਿਚ ਪਹਿਲੇ ਫਾਈਨਲਿਸਟ ਪੰਜਾਬੀ ਲੇਖਿਕਾ ਸਰਘੀ (ਅੰਮ੍ਰਿਤਸਰ, ਪੰਜਾਬ, ਭਾਰਤ) ਦੀ ਗੁਰਮੁੱਖੀ ਵਿਚ ਪ੍ਰਕਾਸ਼ਿਤ ਕਹਾਣੀ ਸੰਗ੍ਰਹਿ 'ਆਪਣੇ ਆਪਣੇ ਮਰਸੀਆ' ਅਤੇ ਦੂਜੇ ਫਾਈਨਲਿਸਟ ਸ੍ਰੀ ਬਲਬੀਰ ਮਾਧੋਪੁਰੀ (ਨਵੀਂ ਦਿੱਲੀ, ਭਾਰਤ) ਦੇ ਗੁਰਮੁੱਖੀ ਵਿਚ ਪ੍ਰਕਾਸ਼ਿਤ ਨਾਵਲ 'ਮਿੱਟੀ ਬੋਲ ਪਈ' ਨੇ ਜਿੱਤੇ ਹਨ। 25000 ਡਾਲਰ ਦੇ ਢਾਹਾਂ ਪੁਰਸਕਾਰ ਦੇ ਜੇਤੂ ਸ੍ਰੀ ਨੈਨ ਸੁਖ ਲਹਿੰਦੇ ਪੰਜਾਬ ਦੇ ਉਨ੍ਹਾਂ ਪੰਜਾਬੀ ਲਿਖਾਰੀਆਂ ਵਿਚੋਂ ਹਨ, ਜੋ ਵਾਹਗਾ ਸਰਹੱਦ ਦੇ ਆਰ-ਪਾਰ ਇਕੋ ਜਿਹਾ ਨਾਮਣਾ ਖੱਟੀ ਬੈਠੇ ਹਨ।ਉਹਨਾਂ ਨੇ 'ਜੋਗੀ, ਸੱਪ, ਤ੍ਰਾਹ' ਕਹਾਣੀ ਸੰਗ੍ਰਹਿ ਵਿੱਚ ਅਣਵੰਡੇ ਪੰਜਾਬ ਦੀ ਲੋਕਧਾਰਾਈ ਵਿਰਾਸਤ ਅਤੇ ਸਰਬ ਸਾਂਝੇ ਇਤਿਹਾਸ 'ਚੋਂ ਵੰਨ-ਸੁਵੰਨੇ ਵਿਸ਼ਿਆਂ ਨੂੰ ਮੋਹ ਅਤੇ ਨਿਰਪੱਖਤਾ ਨਾਲ ਚਿਤਰਿਆ ਹੈ।

10 ਹਜ਼ਾਰ ਡਾਲਰ ਦੇ ਦੋ ਪੁਰਸਕਾਰ ਜੇਤੂ ਡਾ. ਸਰਘੀ ਨੂੰ ਸਾਹਿਤਕ ਪ੍ਰਤਿਭਾ ਆਪਣੇ ਪਿਤਾ ਉੱਘੇ ਲੇਖਕ ਦਲਬੀਰ ਚੇਤਨ ਤੋਂ ਵਿਰਾਸਤ ਵਿਚ ਮਿਲੀ ਹੈ। 'ਆਪਣੇ

ਆਪਣੇ ਮਰਸੀਏ', ਕਹਾਣੀ ਸੰਗ੍ਰਹਿ ਦਾ ਸਿਰਲੇਖ ਮਾਨਵੀ ਸੰਬੰਧਾਂ 'ਚੋਂ ਪੈਦਾ ਹੋਏ ਦੁੱਖ, ਬੇਚੈਨੀ, ਉਦਾਸੀ ਅਤੇ ਨਿਰਾਸ਼ਾ ਦਾ ਪ੍ਰਤੀਕ ਹੈ। ਸਰਘੀ ਨੇ ਸੂਖਮ ਮਨੋਭਾਵਾਂ, ਮਰਦ ਪ੍ਰਧਾਨ ਸਮਾਜ ਦੀਆਂ ਗੁੰਝਲਦਾਰ ਕਦਰਾਂ ਕੀਮਤਾਂ, ਮਾਦਾ-ਭਰੂਣ ਹੱਤਿਆ, ਜਬਰ-ਜਨਾਹ, ਵਿਆਹ ਪ੍ਰਥਾ, ਲਿੰਗ-ਭੇਦ ਦੀ ਰਾਜਨੀਤੀ ਅਤੇ ਰਣਨੀਤੀ ਨੂੰ ਕਲਮਬੱਧ ਕੀਤਾ ਹੈ। ਦੂਜੇ ਲੇਖਕ ਬਲਬੀਰ ਮਾਧੋਪੁਰੀ (ਨਵੀਂ ਦਿੱਲੀ, ਭਾਰਤ) ਦੀ ਪੰਜਾਬ ਦੇ ਪਿੰਡ ਮਾਧੋਪੁਰ ਤੋਂ ਬਾਲ ਮਜ਼ਦੂਰ ਵਜੋਂ ਨਿਮਰ ਸ਼ੁਰੂਆਤ ਕਰਨ ਤੋਂ ਲੈ ਕੇ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਵਿੱਚ ਡਿਪਟੀ ਡਾਇਰੈਕਟਰ ਬਣਨ ਤੱਕ ਦੀ ਮੁਸ਼ਕਲ ਯਾਤਰਾ, ਹਿੰਮਤ ਅਤੇ ਦ੍ਰਿੜਤਾ ਵਾਲੀ ਹੈ। ਸ੍ਰੀ ਮਾਧੋਪੁਰੀ ਦਾ ਨਾਵਲ 'ਮਿੱਟੀ ਬੋਲ ਪਈ' ਦਲਿਤ ਵਰਗ ਵਿੱਚ ਦਲੇਰੀ ਅਤੇ ਜਾਗ੍ਰਤੀ ਦਾ ਪ੍ਰਤੀਕ ਹੈ। ਨਾਵਲ ਵਿਚ ਨੀਂਵੀਂ-ਜਾਤੀ (ਆਦੀ ਵਾਸੀ) ਅਤੇ ਔਰਤਾਂ ਦੇ ਦੁਖਾਂਤ ਜਿਵੇਂ ਸਮਾਜਿਕ ਨਾ-ਬਰਾਬਰੀ, ਜਾਤ-ਪਾਤ, ਦਲਿਤਾਂ ਨੂੰ ਪੜ੍ਹਾਈ ਦਾ ਹੱਕ ਨਾ ਮਿਲਣਾ, ਜ਼ਿਮੀਂਦਾਰਾਂ ਅਤੇ ਚੌਧਰੀਆਂ ਦੀਆਂ ਜਬਰੀ ਵਗਾਰਾਂ ਆਦਿ ਨੂੰ ਬਾਖ਼ੂਬੀ ਚਿੱਤਰਿਆ ਹੈ। ਵਿਸ਼ੇਸ਼ ਜ਼ਿਕਰਯੋਗ ਹੈ ਕਿ ਵੈਨਕੂਵਰ ਕੈਨੇਡਾ ਵਿੱਚ ਸ੍ਰੀ ਬਰਜਿੰਦਰ ਸਿੰਘ ਢਾਹਾਂ ਅਤੇ ਉਹਨਾਂ ਧਰਮਪਤਨੀ ਬੀਬੀ ਰੀਟਾ ਢਾਹਾਂ ਵੱਲੋਂ ਸਥਾਪਤ ਕੀਤਾ ਗਿਆ ਇਹ ਪੁਰਸਕਾਰ ਪੰਜਾਬੀ ਦੀਆਂ ਗੁਰਮੁਖੀ ਜਾਂ ਸ਼ਾਹਮੁਖੀ ਲਿੱਪੀ ਵਿਚ ਲਿਖੀਆਂ ਗਈਆਂ ਤਿੰਨ ਸਰਵੋਤਮ ਕਿਤਾਬਾਂ ਨੂੰ ਦਿੱਤਾ ਜਾਂਦਾ ਹੈ। ਢਾਹਾਂ ਪੁਰਸਕਾਰ 2014 ਤੋਂ ਸ਼ੁਰੂ ਕੀਤਾ ਗਿਆ ਸੀ ਜੋ ਦੁਨੀਆ ਭਰ ਵਿਚ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਪ੍ਰਦਾਨ ਕੀਤਾ ਜਾਂਦਾ ਹੈ। ਢਾਹਾਂ ਪੁਰਸਕਾਰ ਦਾ ਉਦੇਸ਼ ਸਰਹੱਦਾਂ ਤੋਂ ਪਾਰ ਪੰਜਾਬੀ ਸਾਹਿਤ ਦੀ ਸਿਰਜਣਾ, ਵਿਸ਼ਵ ਭਰ ਦੇ ਪੰਜਾਬੀ ਭਾਈਚਾਰਿਆਂ ਨੂੰ ਜੋੜਨਾ ਅਤੇ ਵਿਸ਼ਵ ਪੱਧਰ 'ਤੇ ਪੰਜਾਬੀ ਸਾਹਿਤਕਾਰਾਂ ਨੂੰ ਉਤਸ਼ਾਹਿਤ ਕਰਨਾ ਹੈ। ਇਹਨਾਂ ਢਾਹਾਂ ਪੁਰਸਕਾਰ ਦਾ ਐਲਾਨ ਕਰਨ ਮੌਕੇ ਸ੍ਰੀ ਬਰਜਿੰਦਰ ਸਿੰਘ ਢਾਹਾਂ, ਪ੍ਰਸਿੱਧ ਲੇਖਕ ਸ੍ਰੀ ਸਾਧੂ ਬਿੰਨਿੰਗ, ਬੀਬੀ ਹਰਿੰਦਰ ਕੌਰ ਢਾਹਾਂ, ਮਨਵੀਰ ਸਿੰਘ ਢਾਹਾਂ ਅਤੇ ਹੋਰ ਪਤਵੰਤੇ ਹਾਜ਼ਰ ਸਨ। ਢਾਹਾਂ ਪੁਰਸਕਾਰ ਪਹਿਲੀ ਵਾਰ ਕਿਸੇ ਸ਼ਾਹਮੁਖੀ ਲਿਪੀ ਦੀ ਪੁਸਤਕ ਨੂੰ ਪਹਿਲਾ ਇਨਾਮ ਹਾਸਲ ਹੋਇਆ ਹੈ। ਇਸ ਤੋਂ ਪਹਿਲੇ ਸੱਤ ਐਵਾਰਡ ਗੁਰਮੁਖੀ ਲਿਪੀ ਦੀਆਂ ਵਾਰਤਕ ਪੁਸਤਕਾਂ ਦੇ ਹਿੱਸੇ ਹੀ ਆਏ ਹਨ। ਇਸ ਸਾਲ 40 ਪੁਸਤਕਾਂ ਪੁਰਸਕਾਰ ਵਾਸਤੇ ਪ੍ਰਾਪਤ ਹੋਈਆਂ ਸਨ। ਪਰਵਾਸੀ ਸਾਹਿਤ ਅਧਿਅਨ ਕੇਂਦਰ ਢਾਹਾਂ ਪੁਰਸਕਾਰ ਦੇ ਆਰੰਭ ਕਰਤਾ ਸ੍ਰੀ ਬਰਜਿੰਦਰ ਢਾਹਾਂ ਦੇ ਇਸ ਉੱਦਮ ਦੀ ਸ਼ਲਾਘਾ ਕਰਦਾ ਹੈ ਅਤੇ ਪੁਰਸਕਾਰ ਜੇਤੂਆਂ ਨੂੰ ਹਾਰਦਿਕ ਵਧਾਈ ਦਿੰਦਾ ਹੈ।

# ਸਰਗਰਮੀਆਂ......... ਪਰਵਾਸੀ ਅਧਿਅਨ ਕੇਂਦਰ

## ਸਮਾਜ ਸੇਵਾ ਦੇ ਪੁੰਜ ਬਾਬਾ ਬੁੱਧ ਸਿੰਘ ਢਾਹਾਂ

ਬਾਬਾ ਬੁੱਧ ਸਿੰਘ ਢਾਹਾਂ ਸੇਵਾ, ਸਿਮਰਨ, ਸਾਧਨਾ, ਸਮਰਪਣ ਅਤੇ ਸੁਕਿਰਤ ਦੀ ਸਾਕਾਰ ਮੂਰਤ ਸਨ। ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਸਮਾਜ ਸੇਵਾ ਨੂੰ ਸਮਰਪਿਤ ਕੀਤੀ। ਉਹਨਾਂ ਦਾ ਪਰਿਵਾਰ ਗ਼ਦਰੀ ਬਾਬਿਆਂ ਤੇ ਦੇਸ਼ ਭਗਤਾਂ ਨਾਲ ਸਬੰਧਤ ਸੀ। ਉਹ ਸਮੁੱਚੇ ਪੰਜਾਬ ਦੇ ਧਾਰਮਿਕ ਤੇ ਰਾਜਨੀਤਕ ਮਸਲਿਆਂ 'ਚ ਆਪਣਾ ਯੋਗਦਾਨ ਪਾਉਂਦੇ ਰਹੇ। ਰਾਜਨੀਤਕ ਖੇਤਰ ਵਿਚ ਇਸ ਸ਼ਖ਼ਸੀਅਤ ਨੇ ਖੂਬ ਮੱਲਾਂ ਮਾਰੀਆਂ। ਪੰਜਾਬੀ ਸੂਬੇ ਸਮੇਤ ਹੋਰ ਅਕਾਲੀ ਮੋਰਚਿਆਂ 'ਚ ਉਹ ਕਈ ਵਾਰ ਜੇਲ੍ਹ ਵੀ ਗਏ। ਆਪਣੀ ਉੱਚ ਵਿੱਦਿਆ ਦੀ ਘਾਟ ਉਨ੍ਹਾਂ ਨੂੰ ਹਮੇਸ਼ਾ ਰੜਕਦੀ ਸੀ ਤੇ ਇਹ ਘਾਟ ਉਹ ਆਪਣੇ ਬੱਚਿਆਂ ਰਾਹੀਂ ਪੂਰੀ ਕਰਨਾ ਚਾਹੁੰਦੇ ਸਨ। ਸੰਨ 1960 'ਚ ਬਾਬਾ ਬੁੱਧ ਸਿੰਘ ਕੈਨੇਡਾ ਜਾ ਵਸੇ ਜਿੱਥੇ 18-18 ਘੰਟੇ ਹੱਡ ਭੰਨਵੀਂ ਮਿਹਨਤ ਕਰ ਕੇ ਜਿੱਥੇ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਸੰਭਾਲਿਆ ਉੱਥੇ ਆਪਣੇ ਬੱਚਿਆਂ ਨੂੰ ਉੱਚ ਪੱਧਰ ਦੀ ਵਿੱਦਿਆ ਦਿਵਾਈ। ਨਾਲ ਹੀ ਆਪਣੇ ਸਮਾਜਿਕ ਤੇ ਧਾਰਮਿਕ ਫ਼ਰਜ਼ ਨੂੰ ਸਮਝਦਿਆਂ ਬੱਚਿਆਂ ਨੂੰ ਗੁਰਮਤਿ ਤੇ ਪੰਜਾਬੀ ਭਾਸ਼ਾ ਨਾਲ ਜੋੜਨ ਲਈ ਕਈ ਉਪਰਾਲੇ ਕੀਤੇ। ਪੰਜਾਬੀ ਭਾਸ਼ਾ ਦੇ ਸਕੂਲ ਖੋਲੇ ਤੇ ਪੰਜਾਬੀ ਦਾ ਪਹਿਲਾ ਮੈਗਜ਼ੀਨ 'ਦਿ ਸਿੱਖ ਸਮਾਚਾਰ' ਕੱਢਿਆ। ਬਾਬਾ ਬੁੱਧ ਸਿੰਘ ਲੰਬਾ ਸਮਾਂ ਕੈਨੇਡਾ ਵਿਚ ਰਹੇ। ਉੱਥੇ ਰਹਿੰਦਿਆਂ ਵੀ ਆਪਣੇ ਵਤਨ, ਆਪਣੀ ਕੌਮ ਦੀ ਤੜਫ਼ ਹਮੇਸ਼ਾ ਉਨ੍ਹਾਂ ਦੇ ਅੰਦਰ ਰਹੀ। ਉਨ੍ਹਾਂ ਨੇ ਪੰਜਾਬ ਵਿੱਚ ਸਕੂਲਾਂ ਅਤੇ ਹਸਪਤਾਲਾਂ ਦੀ ਸਥਾਪਤੀ ਲਈ, ਹਰ ਕੁਦਰਤੀ ਆਫ਼ਤ ਸਮੇਂ ਅਤੇ ਵਿਦੇਸ਼ੀ ਹਮਲਿਆਂ ਵੇਲੇ ਲੱਖਾਂ ਰੁਪਇਆ ਕੈਨੇਡਾ ਦੀਆਂ ਸੰਗਤਾਂ ਤੋਂ ਆਪਣੇ ਪ੍ਰਭਾਵ ਨਾਲ ਇਕੱਠਾ ਕਰਕੇ ਭਾਰਤ ਨੂੰ ਮਦਦ ਲਈ ਭੇਜਿਆ।

ਆਪਣੇ ਪਰਿਵਾਰਕ ਫ਼ਰਜ਼ ਨਿਬੇੜਦਿਆਂ ਤੇ ਆਪਣਾ ਕਾਰੋਬਾਰ ਸਮੇਟਦਿਆਂ ਬਾਬਾ ਜੀ ਨੇ 1979 ਵਿਚ ਆਪਣੇ ਪਿੰਡ ਢਾਹਾਂ ਆਣ ਡੇਰੇ ਲਾਏ ਜਿੱਥੇ ਉਨ੍ਹਾਂ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਦ੍ਰਿੜ੍ਹਤਾ ਨਾਲ ਕਾਰਜ ਕੀਤੇ। ਉਨ੍ਹਾਂ ਨੇ ਪਿੰਡ ਢਾਹਾਂ ਵਿੱਚ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨ ਟਰੱਸਟ ਰਜਿ. ਕਰਵਾਇਆ। ਸੇਵਾ ਦੀ ਮੂਰਤ ਭਗਤ ਪੂਰਨ ਸਿੰਘ ਜੀ ਤੋਂ ਇਸ ਹਸਪਤਾਲ ਦਾ ਨੀਂਹ ਪੱਥਰ ਰਖਵਾਇਆ। ਬਾਬਾ ਜੀ ਨੇ ਸਮੁੱਚੇ ਟਰੱਸਟ ਮੈਂਬਰਾਂ ਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੀਆਂ ਸੇਵਾਵਾਂ ਸਦਕਾ ਮਲਟੀ ਸਪੈਸ਼ਲਿਟੀ ਹਸਪਤਾਲ, ਨਰਸਿੰਗ ਸਕੂਲ, ਨਰਸਿੰਗ ਕਾਲਜ, ਪਬਲਿਕ ਸਕੂਲ ਅਤੇ ਡੀ-ਐਡਿਕਸ਼ਨ ਸੈਂਟਰ ਸਥਾਪਤ ਕੀਤੇ ਜੋ ਵੱਡੇ ਪੱਧਰ 'ਤੇ ਚੱਲ ਰਹੇ ਹਨ। ਸਮਾਜ ਦੇ ਭਲੇ ਲਈ ਸੁਪਨੇ ਲੈਣੇ ਤੇ ਫਿਰ ਲੱਖਾਂ ਮੁਸੀਬਤਾਂ ਦੇ ਬਾਵਜੂਦ ਉਨ੍ਹਾਂ ਨੂੰ ਪੂਰਿਆਂ ਕਰਨਾ ਇਹ ਬਾਬਾ ਬੁੱਧ ਸਿੰਘ ਦਾ ਹੀ ਕੰਮ ਸੀ। ਇਨ੍ਹਾਂ ਸੁਪਨਿਆਂ ਨੂੰ ਪੂਰਾ ਕਰਨ ਲਈ ਸਮੁੱਚੇ ਸਿੱਖ ਤੇ ਪੰਜਾਬੀ ਜਗਤ ਨੇ ਉਨ੍ਹਾਂ ਦਾ ਸਾਥ ਦਿੱਤਾ।

# ਸਰਗਰਮੀਆਂ.... ਪਰਵਾਸੀ ਸਾਹਿਤ ਅਧਿਅਨ ਕੇਂਦਰ

## ਵਿਚਾਰ ਚਰਚਾ ਪਰਵਾਸੀ ਪੁਸਤਕਾਂ

## ਕੈਨੇਡੀਅਨ ਗਲਪ




ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਸਰੀ, ਕੈਨੇਡਾ ਵੱਸਦੇ ਲੇਖਕ ਨਦੀਮ ਪਰਮਾਰ ਦੇ ਨਾਵਲ 'ਮਾਪੇ ਵੱਖਰੀ ਤਰ੍ਹਾਂ ਦੇ' ਤੇ ਹਰਪ੍ਰੀਤ ਸੇਖਾ ਦੇ ਨਾਵਲ 'ਹਨੇਰੇ ਰਾਹ' ਤੇ ਵਿਚਾਰ ਚਰਚਾ ਦਾ ਆਯੋਜਨ ਕਰਵਾਇਆ ਗਿਆ। ਵੈਬੀਨਾਰ ਦੇ ਆਰੰਭ ਵਿਚ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਤੇ ਦੋਵਾਂ ਨਾਵਲਕਾਰਾਂ ਦੀ ਜਾਣ-ਪਛਾਣ ਕਰਵਾਉਂਦੇ ਹੋਏ ਪਰਵਾਸੀ ਸਾਹਿਤ ਅਧਿਅਨ ਕੇਂਦਰ ਦੀਆਂ ਸਰਗਰਮੀਆਂ ਤੋਂ ਸ੍ਰੋਤਿਆਂ ਨੂੰ ਜਾਣੂੰ ਕਰਵਾਇਆ। ਇਸ ਤੋਂ ਬਾਅਦ ਡਾ. ਹਰਸਿਮਰਨ ਕੌਰ, ਅਸਿਸਟੈਂਟ ਪ੍ਰੋਫ਼ੈਸਰ, ਸ੍ਰੀ ਗੁਰੂ ਤੇਗ ਬਹਾਦਰ ਯੂਨੀਵਰਸਿਟੀ, ਕਾਲਜ ਸਠਿਆਲਾ ਨੇ ਨਦੀਮ ਪਰਮਾਰ ਦੇ ਨਾਵਲ ਦੇ ਵਿਭਿੰਨ ਪੱਖਾਂ ਬਾਰੇ ਆਲੋਚਨਾਤਮਕ ਦ੍ਰਿਸ਼ਟੀ ਤੋਂ ਵਿਚਾਰ ਸਾਂਝੇ ਕਰਦੇ ਕਿਹਾ ਕਿ ਪਰਵਾਸੀ ਪੰਜਾਬੀ ਸਾਹਿਤ ਵਿਚ ਫੋਸਟਰ ਮਾਪਿਆਂ ਨੂੰ ਵਿਸ਼ਾ ਬਣਾਕੇ ਲਿਖਿਆ ਗਿਆ ਇਹ ਪਹਿਲਾ ਨਾਵਲ ਹੈ। ਇਸ ਨਾਵਲ ਨੇ ਪਰਵਾਸੀ ਪੰਜਾਬੀ ਸਾਹਿਤ ਨੂੰ ਵਿਸ਼ੇ ਪੱਖੋਂ ਅਮੀਰ ਕੀਤਾ ਹੈ। ਇਸ ਤੋਂ ਬਾਅਦ ਪ੍ਰਿੰ. ਕੰਵਲਜੀਤ ਸਿੰਘ ਬੱਲ ਨੇ 'ਹਨੇਰੇ ਰਾਹ' ਨਾਵਲ ਬਾਰੇ ਕਿਹਾ ਕਿ ਇਹ ਨਾਵਲ ਸਾਡੇ ਪਰਵਾਸੀ ਵਿਦਿਆਰਥੀਆਂ ਜਿਹੜੇ ਵਿਦੇਸ਼ ਜਾ ਕੇ ਡਰਾਇਵਰੀ ਦੇ ਕਿੱਤੇ ਨੂੰ ਚੁਣਦੇ ਹਨ, ਉਹਨਾਂ ਦੇ ਪੰਜਾਬੀਆਂ ਵੱਲੋਂ ਹੁੰਦੇ ਸੋਸ਼ਣ ਦੀ ਗਾਥਾ ਹੈ। ਇਸ ਤੋਂ ਬਾਅਦ ਦੋਵਾਂ ਨਾਵਲਕਾਰਾਂ ਨੇ ਆਪਣੇ ਰਚਨਾ ਸੰਸਾਰ ਬਾਰੇ ਵਿਚਾਰ ਸਰੋਤਿਆਂ ਨਾਲ ਸਾਂਝੇ ਕੀਤੇ। ਡਾ. ਤੇਜਿੰਦਰ ਕੌਰ, ਕੋਆਰਡੀਨੇਟਰ ਪਰਵਾਸੀ ਸਾਹਿਤ ਅਧਿਅਨ ਕੇਂਦਰ ਨੇ ਇਸ ਵੈਬੀਨਾਰ ਦਾ ਸੰਚਾਲਨ ਕੀਤਾ।

ਵਿਚਾਰ ਚਰਚਾ ਪਰਵਾਸੀ ਪੁਸਤਕਾਂ

## ਕੈਨੇਡੀਅਨ ਗਲਪ




ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਜਰਮਨੀ ਵੱਸਦੀ ਲੇਖਿਕਾ ਨੀਲੂ ਦੀ ਪੁਸਤਕ 'ਬੈਰਾਗ' ਤੇ ਗਰੀਸ ਵਾਸੀ ਕਵਿਤਰੀ ਗੁਰਪ੍ਰੀਤ ਕੌਰ ਗੈਦੂ ਦੇ ਕਾਵਿ ਸੰਗ੍ਰਹਿ 'ਅਰਜ਼ੋਈ' ਤੇ ਵਿਚਾਰ ਚਰਚਾ ਦਾ ਆਯੋਜਨ ਕਰਵਾਇਆ ਗਿਆ। ਵੈਬੀਨਾਰ ਦੇ ਆਰੰਭ ਵਿਚ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਤੇ ਦੋਵਾਂ ਕਵਿਤਰੀਆਂ ਦੀ ਜਾਣ-ਪਛਾਣ ਕਰਵਾਉਂਦੇ ਹੋਏ ਪਰਵਾਸੀ ਸਾਹਿਤ ਅਧਿਅਨ ਕੇਂਦਰ ਦੀਆਂ ਸਰਗਰਮੀਆਂ ਤੋਂ ਸ੍ਰੋਤਿਆਂ ਨੂੰ ਜਾਣੂੰ ਕਰਵਾਇਆ। ਇਸ ਤੋਂ ਬਾਅਦ ਡਾ. ਗੁਰਇਕਬਾਲ ਸਿੰਘ, ਸਾਬਕਾ ਪ੍ਰਿੰਸੀਪਲ ਜੀ. ਟੀ. ਬੀ. ਨੈਸ਼ਨਲ ਕਾਲਜ ਦਾਖ਼ਾ ਨੇ ਕਾਵਿ ਸੰਗ੍ਰਹਿ 'ਬੈਰਾਗ' ਦੇ ਵਿਭਿੰਨ ਪੱਖਾਂ ਬਾਰੇ ਆਲੋਚਨਾਤਮਕ ਦ੍ਰਿਸ਼ਟੀ ਤੋਂ ਵਿਚਾਰ ਸਾਂਝੇ ਕੀਤੇ। ਉਹਨਾਂ ਨੇ ਕਿਹਾ ਕਿ ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਨੀਲੂ ਕਾਲਜ ਸਮੇਂ ਮੇਰੀ ਵਿਦਿਆਰਥਣ ਰਹੀ ਹੈ ਅਤੇ ਇਹ ਉਸਦਾ ਪਹਿਲਾ ਕਾਵਿ ਸੰਗ੍ਰਹਿ ਹੈ। ਭਵਿੱਖ ਵਿਚ ਉਸਦੀ ਸੰਜੀਦਗੀ ਭਰੀ ਲੇਖਣੀ ਤੋਂ ਸਾਨੂੰ ਹੋਰ ਬਹੁਤ ਆਸਾਂ ਹਨ। ਇਸ ਤੋਂ ਬਾਅਦ ਨੀਲੂ ਨੇ ਆਪਣੇ ਰਚਨਾ ਸੰਸਾਰ ਬਾਰੇ ਵਿਚਾਰ ਸਾਂਝੇ ਕੀਤੇ। ਪ੍ਰਿੰ. ਹਰਪ੍ਰੀਤ ਸਿੰਘ ਹੁੰਦਲ ਨੇ 'ਅਰਜ਼ੋਈ' ਬਾਰੇ ਕਿਹਾ ਕਿ ਗੈਦੂ ਛੋਟੀਆਂ ਛੋਟੀਆਂ ਕਵਿਤਾਵਾਂ ਰਾਹੀਂ ਨਵੇਂ ਅੰਦਾਜ਼ ਵਿਚ ਵੱਡੇ ਅਰਥਾਂ ਵਾਲੀਆਂ ਕਵਿਤਾਵਾਂ ਦੀ ਸਿਰਜਣਾ ਕਰ ਰਹੀ ਹੈ। ਗੁਰਪ੍ਰੀਤ ਗੈਦੂ ਨੇ ਕਿਹਾ ਕਿ ਮੇਰੀ ਹਮੇਸ਼ਾ ਕੋਸ਼ਿਸ਼ ਰਹੀ ਹੈ ਕਿ ਸਰਲ ਅਤੇ ਸੌਖੀ ਭਾਸ਼ਾ ਵਿਚ ਕਵਿਤਾ ਰਚਾ ਤਾਂ ਜੋ ਸਾਧਾਰਣ ਪਾਠਕ ਵੀ ਇਸਨੂੰ ਸਮਝ ਸਕੇ। ਡਾ. ਤੇਜਿੰਦਰ ਕੌਰ, ਕੋਆਰਡੀਨੇਟਰ ਪਰਵਾਸੀ ਸਾਹਿਤ ਅਧਿਅਨ ਕੇਂਦਰ ਨੇ ਇਸ ਵੈਬੀਨਾਰ ਦਾ ਸੰਚਾਲਨ ਕੀਤਾ।

# ਸਰਗਰਮੀਆਂ.... ਡਾ. ਸ. ਪ. ਸਿੰਘ ਦੀ ਕੈਨੇਡਾ ਫੇਰੀ

## ਪੰਜਾਬ ਭਵਨ ਸਰੀ ਵੱਲੋਂ ਅੰਮ੍ਰਿਤਾ ਪ੍ਰੀਤਮ ਦੇ ਜਨਮ ਦਿਨ ਨੂੰ ਸਮਰਪਿਤ ਸਮਾਗਮ: ਡਾ. ਸ. ਪ. ਸਿੰਘ ਦਾ ਸਨਮਾਨ




ਪੰਜਾਬ ਭਵਨ, ਸਰੀ ਵੱਲੋਂ ਨਾਮਵਰ ਪੰਜਾਬੀ ਸਾਹਿਤਕਾਰ ਅੰਮ੍ਰਿਤਾ ਪ੍ਰੀਤਮ ਦੇ 102ਵੇਂ ਜਨਮ ਦਿਵਸ ਉੱਪਰ ਇਕ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਲੁਧਿਆਣਾ(ਪੰਜਾਬ) ਤੋਂ ਆਏ ਡਾ. ਸ. ਪ. ਸਿੰਘ (ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ), ਡਾ. ਸਾਧੂ ਸਿੰਘ, ਪਾਕਿਸਤਾਨ ਦੇ ਸਾਬਕਾ ਮੈਂਬਰ ਨੈਸ਼ਨਲ ਅਸੈਂਬਲੀ ਰਾਏ ਅਜ਼ੀਜ਼ ਉੱਲਾ ਖਾਨ, ਦਵਿੰਦਰਪਾਲ ਸਿੰਘ ਮੋਗਾ, ਪਰਮਜੀਤ ਕੌਰ ਪੰਮੀ ਅਤੇ ਨਾਵਲਕਾਰ ਸ. ਜਰਨੈਲ ਸਿੰਘ ਸੇਖਾ ਨੇ ਕੀਤੀ। ਜਰਨੈਲ ਸਿੰਘ ਸੇਖਾ ਨੇ ਸਵਾਗਤੀ ਸ਼ਬਦਾਂ ਕਹੇ। ਉਪਰੰਤ ਡਾ. ਗੁਰਬਾਜ਼ ਸਿੰਘ ਬਰਾੜ ਨੇ ਅੰਮ੍ਰਿਤਾ ਪ੍ਰੀਤਮ ਜੀ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ, ਉਨ੍ਹਾਂ ਦੀ ਸਾਹਿਤਕ ਰਚਨਾਵਾਂ ਬਾਰੇ ਚਰਚਾ ਕੀਤੀ। ਪੱਤਰਕਾਰ ਸ. ਹਰਪ੍ਰੀਤ ਸਿੰਘ ਨੇ ਕਿਹਾ ਕਿ ਅੰਮ੍ਰਿਤਾ ਪ੍ਰੀਤਮ ਨੇ ਬਹੁਤ ਸਮਾਂ ਪਹਿਲਾਂ ਉਸ ਸਮੇਂ ਦੇ ਸਮਾਜ ਨੂੰ ਵੰਗਾਰਦਿਆਂ ਔਰਤ ਦੇ ਸਵੈਮਾਣ ਦੀ ਗੱਲ ਕੀਤੀ ਅਤੇ ਆਪਣਾ ਜੀਵਨ ਬੇਬਾਕੀ ਨਾਲ ਬਤੀਤ ਕਰ ਕੇ ਮਿਸਾਲੀ ਕਾਰਜ ਕੀਤਾ ਪਰ ਔਰਤ ਪ੍ਰਤੀ ਸਾਡੇ ਸਮਾਜ ਦਾ ਨਜ਼ਰੀਆ ਅੱਜ ਵੀ ਬਹੁਤਾ ਨਹੀਂ ਬਦਲਿਆ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਸੇਵਾ ਮੁਕਤ ਪ੍ਰੋਫੈਸਰ ਤੇ ਹੁਣ ਸਰੀ ਵੱਸਦੇ ਉੱਘੇ ਵਿਦਵਾਨ ਡਾ. ਸਾਧੂ ਸਿੰਘ ਨੇ ਅੰਮ੍ਰਿਤਾ ਪ੍ਰੀਤਮ ਨਾਲ ਆਪਣੀ ਸਾਂਝ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਦੇ ਜੀਵਨ ਨਾਲ ਜੁੜੇ ਕੁਝ ਵਿਵਾਦਾਂ ਨੂੰ ਗਲਤ ਦੱਸਿਆ। ਬਿੱਕਰ ਸਿੰਘ ਖੋਸਾ ਨੇ ਅੰਮ੍ਰਿਤਾ ਪ੍ਰੀਤਮ ਨਾਲ ਆਪਣੀ ਚਿੱਠੀ ਪੱਤਰ ਦੀ ਸਾਂਝ ਅਤੇ ਉਨ੍ਹਾਂ ਵੱਲੋਂ ਨਵੇਂ ਲੇਖਕਾਂ ਨੂੰ ਉਤਸ਼ਾਹਿਤ ਕਰਨ ਸਬੰਧੀ

## ਸਰਗਰਮੀਆਂ.... ਡਾ. ਸ. ਪ. ਸਿੰਘ ਦੀ ਕੈਨੇਡਾ ਫੇਰੀ

ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਡਾ. ਸ. ਪ. ਸਿੰਘ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਅੰਮ੍ਰਿਤਾ ਪ੍ਰੀਤਮ ਦੀ ਯਾਦ ਵਿਚ ਉਲੀਕੇ ਯਾਦਗਾਰੀ ਸੰਸਥਾਨ ਤੇ ਅਜਾਇਬਘਰ ਬਣਾਉਣ ਦੇ ਨਿਵੇਕਲੇ ਕਾਰਜ ਬਾਰੇ ਦੱਸਦਿਆਂ ਕਿਹਾ ਕਿ ਕੁਝ ਅਣਚਾਹੇ ਕਾਰਨਾਂ ਕਰਕੇ ਉਹ ਇਸ ਕਾਰਜ ਨੂੰ ਅਮਲੀ ਰੂਪ ਦੇਣ ਵਿਚ ਸਫਲ ਨਹੀਂ ਹੋ ਸਕੇ। ਰਾਏ ਅਜ਼ੀਜ਼ ਉੱਲਾ ਖਾਨ ਨੇ ਕਿਹਾ ਕਿ ਗੁਜਰਾਂਵਾਲਾ ਚ ਜਨਮੀ ਤੇ ਲਾਹੌਰ ’ਚ ਪਲ਼ੀ ਅੰਮ੍ਰਿਤਾ ਪ੍ਰੀਤਮ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਸਿਰਮੌਰ ਪੰਜਾਬੀ ਕਵਿੱਤਰੀ ਸੀ ਅਤੇ ਉਨ੍ਹਾਂ ਪ੍ਰਤੀ ਦੋਹਾਂ ਪਾਸਿਆਂ ਦੇ ਪੰਜਾਬੀਆਂ ਵਿਚ ਅਥਾਹ ਸਤਿਕਾਰ ਹੈ। ਦਵਿੰਦਰਪਾਲ ਸਿੰਘ ਨੇ ਪੰਜਾਬ ਭਵਨ ਵੱਲੋਂ ਮਹਾਨ ਸਾਹਿਤਕਾਰ ਨੂੰ ਯਾਦ ਕਰਨ ਲਈ ਕੀਤੇ ਇਸ ਵਿਸ਼ੇਸ਼ ਉਪਰਾਲੇ ਲਈ ਪੰਜਾਬ ਭਵਨ ਅਤੇ ਸੁੱਖੀ ਬਾਠ ਦੀ ਪ੍ਰਸੰਸਾ ਕੀਤੀ।ਇਸ ਮੌਕੇ ਮੱਸਾ ਸਿੰਘ (ਵਿਕਟੋਰੀਆ) ਅਤੇ ਦੋ ਹੋਰ ਲੇਖਕਾਂ ਦੀਆਂ ਨਵ ਪ੍ਰਕਾਸ਼ਿਤ ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ ਅਤੇ ਡਾ. ਸ. ਪ. ਸਿੰਘੰ ਜੀ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਇੰਦਰਜੀਤ ਧਾਮੀ, ਬਲਦੇਵ ਸੀਹਰਾ, ਡਾ. ਲਖਵਿੰਦਰ ਸਿੰਘ ਗਿੱਲ, ਅੰਮ੍ਰਿਤ ਦੀਵਾਨਾ, ਪਰਮਜੀਤ ਕੌਰ, ਪਰਮਿੰਦਰ ਕੌਰ ਸਵੈਚ, ਮੱਸਾ ਸਿੰਘ, ਦਰਸ਼ਨ ਸੰਘਾ ਅਤੇ ਸੁਰਜੀਤ ਮਾਧੋਪੁਰੀ ਨੇ ਆਪਣੀਆਂ ਨਜ਼ਮਾਂ ਵੀ ਪੇਸ਼ ਕੀਤੀਆਂ।

## ਸਰਗਰਮੀਆਂ.... ਡਾ. ਸ. ਪ. ਸਿੰਘ ਦੀ ਕੈਨੇਡਾ ਫੇਰੀ



ਕੈਨੇਡਾ ਵੱਸਦੇ ਕਵੀ ਡਾ. ਪਰਮਵੀਰ ਸਿੰਘ ਦੀ ਕਾਵਿ ਪੁਸਤਕ ‘ਪੰਖੀ’ ਨੂੰ ਸਰੀ ’ਚ ਰਿਲੀਜ਼ ਕਰਦੇ ਹੋਏ ਪ੍ਰੋ. ਸਰਬਜੀਤ ਸਿੰਘ, ਡਾ. ਰਘੁਬੀਰ ਸਿੰਘ, ਡਾ. ਸ. ਪ. ਸਿੰਘ, ਜਰਨੈਲ ਸਿੰਘ ਸੇਖਾ, ਮੋਹਨ ਗਿੱਲ ਤੇ ਜਰਨੈਲ ਸਿੰਘ ਆਰਟਿਸਟ।

# ਸਰਗਰਮੀਆਂ.... ਡਾ. ਸ. ਪ. ਸਿੰਘ ਦੀ ਕੈਨੇਡਾ ਫੇਰੀ




ਚੈਨਲ ਪੰਜਾਬੀ ਤੇ ਪ੍ਰੋਗਰਾਮ ਕਲਾ ਦੇ ਅੰਗ ਸੰਗ ਵਿਚ ਹੋਸਟ ਮੋਹਨ ਗਿੱਲ ਨਾਲ ਡਾ. ਸ. ਪ. ਸਿੰਘ, ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਆਪਣੇ ਜੀਵਨ, ਪ੍ਰਸਾਸ਼ਨਿਕ ਕਾਰਜਾਂ, ਪਰਵਾਸ, ਪਰਵਾਸੀ ਪੰਜਾਬੀ ਸਾਹਿਤ, ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਵਿਚ ਚਲਾਏ ਜਾ ਰਹੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਬਾਰੇ ਗੱਲਬਾਤ ਕਰਦੇ ਹੋਏ।


ਤ੍ਰੈ ਮਾਸਿਕ ਪੱਤ੍ਰਿਕਾ

**ਪਰਵਾਸ**

**ਅਪ੍ਰੈਲ-ਜੂਨ 2022 ਦੇ ਅੰਕ ਲਈ ਪਰਵਾਸੀ ਲੇਖਕਾਂ ਨੂੰ ਆਪਣੀਆਂ ਰਚਨਾਵਾਂ parvasggn@gmail.com 'ਤੇ ਭੇਜਣ ਦੀ ਬੇਨਤੀ ਹੈ**

**ਸੰਪਰਕ:**

**ਡਾ. ਤੇਜਿੰਦਰ ਕੌਰ** +9187290-80250

**ਪ੍ਰੋ. ਸ਼ਰਨਜੀਤ ਕੌਰ** +9195010-27522

# ਜਲੰਧਰ ਵਿਖੇ ਪੰਜਾਬ ਭਵਨ ਦੇ ਦਫ਼ਤਰ ਦਾ ਉਦਘਾਟਨ



ਪੰਜਾਬ ਭਵਨ ਸਰੀ ਕੈਨੇਡਾ ਵਲੋਂ ਪੰਜਾਬੀ ਤੇ ਪੰਜਾਬੀਅਤ ਨੂੰ ਪ੍ਰਫੁਲਤ ਕਰਨ ਦੇ ਯਤਨ ਵਜੋਂ ਸੁੱਖੀ ਬਾਠ ਦੀ ਸਰਪ੍ਰਸਤੀ 'ਚ ਜਲੰਧਰ ਵਿਖੇ ਪੰਜਾਬ ਭਵਨ ਦੇ ਦਫ਼ਤਰ ਦਾ ਉਦਘਾਟਨ ਡਾ. ਸ. ਪ. ਸਿੰਘ ਸਾਬਕਾ ਵੀ. ਸੀ. ਗੁਰੂ ਨਾਨਕ ਦੇਵ ਯੂਨੀਵਰਸਿਟੀ, ਪ੍ਰੋ. ਗੁਰਭਜਨ ਗਿੱਲ ਪ੍ਰਧਾਨ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਟਾਣਾ, ਡਾ. ਲਖਵਿੰਦਰ ਸਿੰਘ ਜੌਹਲ, ਪੱਤਰਕਾਰ ਬਲਜੀਤ ਬੱਲੀ ਵਲੋਂ ਕੀਤਾ ਗਿਆ। ਇਸ ਸਮੇਂ ਪੰਜਾਬ ਭਰ ਤੋਂ ਕਵੀ, ਲੇਖਕ, ਵਿਦਵਾਨ, ਬੁੱਧੀਜੀਵੀ, ਪੱਤਰਕਾਰ, ਸਮਾਜ ਸੇਵਕ ਤੇ ਵਿਦਿਅਕ ਅਦਾਰਿਆਂ ਦੇ ਮੁੱਖੀ ਸ਼ਾਮਲ ਹੋਏ।

ਸਰੀ ਵਿਖੇ 2016 'ਚ ਪੰਜਾਬ ਭਵਨ ਦਾ ਅਰੰਭ ਕੀਤਾ ਗਿਆ ਸੀ, ਜੋ ਹੁਣ ਸਾਹਿਤਕ, ਸਭਿਆਚਾਰਕ ਸਰਗਰਮੀਆਂ ਦਾ ਗੜ੍ਹ ਬਣਿਆ ਹੋਇਆ ਹੈ। ਇਸ ਭਵਨ ਦੀ ਸਥਾਪਨਾ ਦੇ ਪੰਜ ਵਰ੍ਹੇ ਬਾਅਦ ਪੰਜਾਬ ਭਵਨ ਦੇ ਪੰਜਾਬ ਚੈਪਟਰ ਦਾ ਜਲੰਧਰ ਵਿਖੇ ਆਰੰਭ ਹੋਇਆ, ਜਿਸ ਨਾਲ ਸਾਹਿਤਕ, ਸਰਗਰਮੀਆਂ ਨੂੰ ਇਸ ਧਰਤੀ ਉਤੇ ਬਲ ਮਿਲੇਗਾ। ਇਸ ਸਮੇਂ ਸੁੱਖੀ ਬਾਠ ਨੇ ਪੰਜਾਬ, ਪੰਜਾਬੀ, ਪੰਜਾਬੀਅਤ ਲਈ ਚੁੱਕੇ ਜਾਣ ਵਾਲੇ ਕੰਮਾਂ ਪ੍ਰਤੀ ਵਚਨਬੱਧਤਾ ਦੁਹਰਾਈ। ਡਾ. ਸ. ਪ. ਸਿੰਘ ਤੇ ਡਾ. ਲਖਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦੀ ਪ੍ਰਫੁਲਤਾ ਲਈ ਸੁੱਖੀ ਬਾਠ ਦਾ ਵੱਡਾ ਯੋਗਦਾਨ ਹੈ। ਪੱਤਰਕਾਰ ਬਲਜੀਤ ਬੱਲੀ ਨੇ ਡਿਜ਼ਿਟਲ ਮੀਡੀਆ ਰਾਹੀਂ ਪੰਜਾਬੀ ਬੋਲੀ ਦੇ ਪਸਾਰ ਦੀ ਗੱਲ ਕੀਤੀ। ਪੰਜਾਬੀ ਪੱਤਰਕਾਰ ਮੰਚ ਦੇ ਪ੍ਰਧਾਨ ਗੁਰਮੀਤ ਸਿੰਘ ਪਲਾਹੀ ਨੇ ਪੰਜਾਬੀ ਨੂੰ ਵਿਦੇਸ਼ਾਂ ਵਿਚ ਮਾਨਤਾ ਦਵਾਉਣ ਲਈ ਸੁੱਖੀ ਬਾਠ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਸਰਗਰਮੀਆਂ.... ਕੈਨੇਡਾ

## ਸਵੈ-ਜੀਵਨੀ 'ਕੰਡਿਆਰੇ ਪੰਧ' ਰਿਲੀਜ਼ ਸਮਾਗਮ




ਵੈਨਕੂਵਰ ਵਿਚਾਰ ਮੰਚ ਵੱਲੋਂ ਉੱਘੇ ਨਾਵਲਕਾਰ ਜਰਨੈਲ ਸਿੰਘ ਸੇਖਾ ਦੀ ਸਵੈ-ਜੀਵਨੀ "ਕੰਡਿਆਰੇ ਪੰਧ" ਰਿਲੀਜ਼ ਕੀਤੀ ਗਈ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਸਾਧੂ ਸਿੰਘ, ਡਾ. ਰਘਬੀਰ ਸਿੰਘ ਸਿਰਜਣਾ ਅਤੇ ਜਰਨੈਲ ਸਿੰਘ ਸੇਖਾ ਨੇ ਕੀਤੀ। ਸਟੇਜ ਸੰਚਾਲਨ ਕਰਦਿਆਂ ਮੋਹਨ ਗਿੱਲ ਨੇ ਜਰਨੈਲ ਸਿੰਘ ਸੇਖਾ ਦੀਆਂ ਸਾਹਿਤਕ ਕ੍ਰਿਤਾਂ ਨਾਲ ਜਾਣ ਪਛਾਣ ਕਰਵਾਈ। ਜਰਨੈਲ ਸਿੰਘ ਆਰਟਿਸਟ ਨੇ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਚਰਚਾ ਕੀਤੀ। ਡਾ. ਗੁਰਮਿੰਦਰ ਸਿੱਧੂ ਨੇ ਆਪਣੀ ਕਾਵਿਕ ਸ਼ੈਲੀ ਵਿਚ 'ਕੰਡਿਆਰੇ ਪੰਧ' ਦੇ ਵੱਖ ਵੱਖ ਲੇਖਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਪ੍ਰਸਿੱਧ ਸਾਹਿਤਕਾਰ ਅਜਮੇਰ ਰੋਡੇ ਨੇ ਕਿਹਾ ਕਿ ਜਰਨੈਲ ਸਿੰਘ ਸੇਖਾ ਦਾ ਇਹ ਵਡੱਪਣ ਹੈ ਕਿ ਉਨ੍ਹਾਂ ਆਪਣੀ ਸਵੈ-ਜੀਵਨੀ ਵਿਚ ਕਿਤੇ ਵੀ ਆਪਣੇ ਆਪ ਨੂੰ ਵਡਿਆਉਣ ਦੀ ਕੋਸ਼ਿਸ਼ ਨਹੀਂ ਕੀਤੀ (ਜੋ ਕਿ ਆਮ ਕਰਕੇ ਲੇਖਕ ਦੀ ਕਮਜ਼ੋਰੀ ਹੁੰਦੀ ਹੈ) ਸਗੋਂ ਬੜੀ ਸਹਿਜਤਾ ਨਾਲ ਆਪਣੀ ਸ਼ਖ਼ਸੀਅਤ ਦੇ ਸਾਰੇ ਪੱਖਾਂ ਦਾ ਪ੍ਰਗਟਾਵਾ ਕੀਤਾ ਹੈ। ਹਰਿੰਦਰ ਕੌਰ ਸੋਹੀ, ਡਾ. ਗੁਰਬਾਜ਼ ਬਰਾੜ, ਡਾ. ਪ੍ਰਿਥੀਪਾਲ ਸਿੰਘ ਸੋਹੀ, ਰਾਜਵੰਤ ਰਾਜ, ਡਾ. ਸਾਧੂ ਸਿੰਘ ਨੇ ਇਸ ਪੁਸਤਕ ਦੇ ਵਿਭਿੰਨ ਪੱਖਾਂ ਨੂੰ ਪਾਠਕਾਂ ਨਾਲ ਸਾਂਝਾ ਕੀਤਾ। ਅੰਤ ਵਿਚ ਜਰਨੈਲ ਸਿੰਘ ਸੇਖਾ ਨੇ ਇਸ ਪੁਸਤਕ ਦੇ ਹੋਂਦ ਵਿਚ ਆਉਣ ਬਾਰੇ ਦੱਸਿਆ ਅਤੇ ਪੁਸਤਕ ਉਪਰ ਆਪਣੇ ਵਿਚਾਰ ਪੇਸ਼ ਕਰਨ ਵਾਲੇ ਸਾਰੇ ਬੁਲਾਰਿਆਂ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸੁਰਿੰਦਰ ਚਾਹਲ, ਸੁਖਵਿੰਦਰ ਸਿੰਘ ਚੋਹਲਾ, ਅਮਰਜੀਤ ਚਾਹਲ, ਅਮਰੀਕ ਸਿੰਘ ਲੇਹਲ, ਹਰਦਮ ਸਿੰਘ ਮਾਨ, ਸੁਰਜੀਤ ਸਿੰਘ ਬਾਠ, ਡਾ. ਬਲਦੇਵ ਸਿੰਘ ਖਹਿਰਾ, ਮਨਜੀਤ ਸਿੰਘ ਮੱਲ੍ਹਾ, ਬਿੰਦਰ ਰੋਡੇ, ਗੁਰਦੀਪ ਭੁੱਲਰ ਅਤੇ ਸ. ਸੇਖਾ ਦੇ ਪਰਿਵਾਰਕ ਮੈਂਬਰ ਸ਼ਾਮਲ ਸਨ।

# ਕਰਤਾਰ ਸਿੰਘ ਸਰਾਭਾ ਤੇ ਸਾਥੀਆਂ ਨੂੰ ਸ਼ਰਧਾਂਜਲੀ




ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ ਗੁਜਰਾਂਵਾਲਾ ਖਾਲਸਾ ਕਾਲਜ ਲੁਧਿਆਣਾ ਅਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਸਹਿਯੋਗ ਨਾਲ ਸਾਂਝੇ ਤੌਰ ਤੇ ਕਰਤਾਰ ਸਿੰਘ ਸਰਾਭਾ ਅਤੇ ਉਸਦੇ ਛੇ ਸ਼ਹੀਦ ਸਾਥੀਆਂ ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ ਸੁਰ ਸਿੰਘ,ਸ਼ਹੀਦ ਹਰਨਾਮ ਸਿੰਘ ਸਿਆਲਕੋਟੀ, ਸ਼ਹੀਦ ਬਖਸ਼ੀਸ਼ ਸਿੰਘ ਗਿੱਲਵਾਲੀ, ਸ਼ਹੀਦ ਸਿਰੈਣ ਸਿੰਘ ਵੱਡਾ ਤੇ ਸ਼ਹੀਦ ਸਿਰੈਣ ਸਿੰਘ ਛੋਟਾ ਦੀ ਸ਼ਹਾਦਤ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਅੰਤਰਰਾਸ਼ਟਰੀ ਵੈਬੀਨਾਰ ਦੇ ਆਰੰਭ ਵਿਚ ਸਾਹਿਤ ਸੁਰ ਸੰਗਮ ਸਭਾ ਇਟਲੀ ਦੇ ਪ੍ਰਧਾਨ ਬਲਵਿੰਦਰ ਸਿੰਘ ਚਾਹਲ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਛੇ ਸਾਥੀਆਂ ਦੀ ਦੇਸ਼ ਕੌਮ ਲਈ ਦਿੱਤੀ ਸ਼ਹਾਦਤ ਨੂੰ ਯਾਦ ਕਰਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਸ਼ਹੀਦ ਕਰਤਾਰ ਸਿੰਘ ਸਰਾਭੇ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਯਾਦ ਕਰਦਿਆਂ ਕਿਹਾ ਕਿ ਅੱਜ ਲੋੜ ਹੈ ਉਨ੍ਹਾਂ ਯੋਧਿਆਂ ਦੀ ਕੁਰਬਾਨੀ ਤੋਂ ਸਿੱਖਿਆ ਲੈਣ ਦੀ ਜਿੰਨ੍ਹਾਂ ਨੇ ਅਜ਼ਾਦੀ ਸੰਗਰਾਮ ਵਿੱਚ ਯੋਗਦਾਨ ਪਾਇਆ। ਪ੍ਰੋਫ਼ੈਸਰ ਜਗਮੋਹਨ ਸਿੰਘ ਜੀ ਜੋ ਕਿ ਸ਼ਹੀਦ ਭਗਤ ਸਿੰਘ ਜੀ ਦੇ ਭਾਣਜੇ ਹਨ ਉਨ੍ਹਾਂ ਵੀ ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਬਾਰੇ ਆਪਣੇ ਕੀਮਤੀ ਵਿਚਾਰ ਸਾਂਝੇ ਕਰਦਿਆਂ ਇਤਿਹਾਸ ਦੇ ਬਹੁਤ ਸਾਰੇ ਲੁਕਵੇਂ ਪੱਖਾਂ ਨੂੰ ਉਜਾਗਰ ਕੀਤਾ ਤੇ ਕਰਤਾਰ ਸਿੰਘ ਸਰਾਭਾ ਨੂੰ ਛੋਟੀ ਉਮਰ ਦਾ ਵੱਡੀਆਂ ਪ੍ਰਾਪਤੀਆਂ ਵਾਲਾ ਚੇਤੰਨ ਸੂਰਮਾ ਆਖਿਆ। ਅਮਰੀਕ ਪਲਾਹੀ ਨੇ ਕਰਤਾਰ ਸਿੰਘ ਸਰਾਭਾ ਦੇ ਅਮਰੀਕਾ ਵਿੱਚ ਦਾਖ਼ਲੇ ਸਮੇਂ ਇਮੀਗ੍ਰੇਸ਼ਨ ਨਾਲ ਹੋਏ ਲਿਖਤੀ ਸੰਵਾਦ ਨੂੰ ਸਰੋਤਿਆਂ ਨਾਲ ਸਾਂਝਾ ਕੀਤਾ। ਹਰਦੀਪ ਸਿੰਘ ਸਰਾਭਾ ਅਤੇ ਸੁਖਵਿੰਦਰ ਖੰਡੂਰ ਅਤੇ ਉਸਦੇ ਸਾਥੀਆਂ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸਰਾਭਾ ਸਥਿਤ ਘਰੋਂ ਲਾਈਵ


ਹੋ ਕੇ ਕਰਤਾਰ ਸਿੰਘ ਸਰਾਭੇ ਦੇ ਜੱਦੀ ਘਰ ਦੇ ਦਰਸ਼ਨ ਕਰਵਾਏ। ਪੰਜਾਬ ਭਵਨ ਸਰੀ ਕਨੇਡਾ ਦੇ ਸੰਸਥਾਪਕ ਸੁੱਖੀ ਬਾਠ ਹੁਰਾਂ ਨੇ ਵੀ ਇਸ ਪ੍ਰੋਗਰਾਮ ਦੀ ਸ਼ਲਾਘਾ ਕੀਤੀ। ਕਵੀ ਦਰਬਾਰ ਵਿੱਚ ਸ਼ਹੀਦਾਂ ਨੂੰ ਸਮਰਪਿਤ ਰਚਨਾਵਾਂ ਸਾਝੀਆਂ ਕੀਤੀਆਂ ਗਈਆਂ। ਕਵਿੰਦਰ ਚਾਂਦ ਕੈਨੇਡਾ, ਅਮਰੀਕ ਪਲਾਹੀ ਕਨੇਡਾ, ਗੁਰਭਜਨ ਗਿੱਲ, ਨੀਲੂ ਜਰਮਨੀ, ਗੁਰਪ੍ਰੀਤ ਕੌਰ ਗਾਇਦੂ ਗ੍ਰੀਸ, ਜੀਤ ਸੁਰਜੀਤ ਬੈਲਜੀਅਮ, ਰਾਣਾ ਅਠੌਲਾ, ਸਿੱਕੀ ਝੱਜੀ ਪਿੰਡ ਵਾਲਾ, ਦਲਜਿੰਦਰ ਰਹਿਲ ਤੇ ਬਲਵਿੰਦਰ ਸਿੰਘ ਚਾਹਲ ਨੇ ਵੀ ਆਪੋ ਆਪਣੀਆਂ ਰਚਨਾਵਾਂ ਦੀ ਸਾਂਝ ਪਾਈ। ਪ੍ਰੋ. ਜਸਪਾਲ ਸਿੰਘ ਇਟਲੀ ਨੇ ਧੰਨਵਾਦ ਕੀਤਾ। ਮੰਚ ਸੰਚਾਲਕ ਦੀ ਭੂਮਿਕਾ ਦਲਜਿੰਦਰ ਰਹਿਲ ਨੇ ਨਿਭਾਈ।

## 'ਕੌਣ ਸੂਤਰਧਾਰ' ਲੋਕ ਅਰਪਣ



ਇੰਗਲੈਂਡ ਦੇ ਸ਼ਹਿਰ ਲੈਸਟਰ ਵਿੱਚ ਡਾ. ਕਰਨੈਲ ਸ਼ੇਰਗਿੱਲ ਦਾ ਕਾਵਿ ਸੰਗ੍ਰਹਿ 'ਕੌਣ ਸੂਤਰਧਾਰ' ਦਾ ਲੋਕ ਅਰਪਣ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮੇਂ ਸੁਖਦੇਵ ਸਿੰਘ ਬਾਂਸਲ ਦੀ ਅਧਿਆਤਮਿਕਤਾ ਨੂੰ ਮੁੱਖ ਰੱਖ ਕੇ ਲਿਖੀ ਕਿਤਾਬ 'ਜੋਤੀ ਸਰੂਪ ਦੀ ਲੋਅ' ਵੀ ਲੋਕ ਅਰਪਣ ਕੀਤੀ ਗਈ। ਡਾ. ਦਵਿੰਦਰ ਕੌਰ ਨੇ ਪਰਚਾ ਪੜ੍ਹਿਆ। ਇਸ ਸਮਾਗਮ ਵਿਚ ਕੁਲਵੰਤ ਕੌਰ ਢਿੱਲੋਂ ਪ੍ਰਧਾਨ ਸਾਹਿਤ ਕਲਾ ਕੇਂਦਰ ਸਾਊਥਹਾਲ, ਗੁਰਚਰਨ ਸੱਗੂ, ਦਰਸ਼ਨ ਬੁਲੰਦਵੀ, ਅਮਰੀਕ ਪੂਨੀ, ਡਾ. ਦਵਿੰਦਰ ਕੌਰ, ਮਹਿੰਦਰ ਗਿੱਲ, ਸਰਦੂਲ ਸਿੰਘ ਮਰਵਾਹ, ਸ਼ਿੰਦਰਪਾਲ ਸਿੰਘ, ਡਾ. ਬਲਦੇਵ ਸਿੰਘ ਕੰਦੋਲਾ, ਭੁਪਿੰਦਰ ਸੱਗੂ, ਦਲਬੀਰ ਕੌਰ, ਮਨਜੀਤ ਪੱਡਾ, ਮਹਿੰਦਰ ਸਿੰਘ ਮਹੇੜੂ, ਰਣਜੀਤ ਸਿੰਘ ਰਾਣਾ, ਡਾ. ਅਜੀਤਪਾਲ ਸਿੰਘ ਬਠਿੰਡਾ, ਮਹਿੰਦਰ ਗਿੱਲ, ਡਾ. ਕਰਨੈਲ ਸ਼ੇਰਗਿੱਲ ਤੇ ਸੁੱਖਦੇਵ ਸਿੰਘ ਬਾਂਸਲ ਆਦਿ ਤੇ ਹੋਰ ਅਨੇਕਾਂ ਸਾਹਿਤਕਾਰ ਹਾਜ਼ਰ ਹੋਏ।

# ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਸ਼ਰਧਾਂਜਲੀ



**ਸੇਵਾ ਸਿੰਘ ਸੇਖਵਾਂ**

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਜਥੇਦਾਰ ਸੇਵਾ ਸਿੰਘ ਸੇਖਵਾਂ ਦੇ ਅਕਾਲ ਚਲਾਣੇ ਤੇ ਸੋਗ ਪ੍ਰਗਟ ਹਿਤ ਕੀਤੀ ਸੋਗ ਸਭਾ ਵਿੱਚ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਹੁਦੇਦਾਰਾਂ, ਮੈਂਬਰਾਂ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ।

ਇਸ ਮੌਕੇ ਡਾ. ਸ. ਪ. ਸਿੰਘ ਨੇ ਸੇਵਾ ਸਿੰਘ ਸੇਖਵਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦੀ ਸਾਡੇ ਕਾਲਜ ਅਤੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਨੂੰ ਵਡਮੁੱਲੀ ਦੇਣ ਹੈ। ਉਨ੍ਹਾਂ ਨੇ ਸਾਲ 2011 ਵਿਚ ਕਾਲਜ ਵਿਚ ਪਰਵਾਸੀ ਸਾਹਿਤ ਅਧਿਅਨ ਕੇਂਦਰ ਦਾ ਨੀਂਹ ਪੱਥਰ ਰੱਖਿਆ ਅਤੇ ਕੇਂਦਰ ਦੇ ਸਾਹਿਤਕ ਅਤੇ ਅਕਾਦਮਿਕ ਕੰਮਾਂ ਲਈ ਦੋ ਲੱਖ ਰੁਪਏ ਦੀ ਗਰਾਂਟ ਵੀ ਦਿੱਤੀ। ਉਨ੍ਹਾਂ ਵੱਲੋਂ ਸ਼ੁਰੂ ਕੀਤੇ ਗਏ ਇਸ ਪਰਵਾਸੀ ਸਾਹਿਤ ਅਧਿਅਨ ਕੇਂਦਰ ਨੇ ਇਕ ਦਹਾਕੇ ਵਿਚ ਅੰਤਰਰਾਸ਼ਟਰੀ ਪੱਧਰ ਤੇ ਆਪਣੀ ਵਿਲੱਖਣ ਪਛਾਣ ਕਾਇਮ ਕੀਤੀ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਅਤੇ ਪ੍ਰੋ. ਗੁਰਭਜਨ ਗਿੱਲ ਸਾਬਕਾ ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ ਵੀ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਪ੍ਰੋਫ਼ੈਸਰ ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ. ਜੀ. ਐਨ. ਆਈ. ਐਮ. ਟੀ. ਜਿਹੜੇ ਕਿ ਉਸ ਸਮੇਂ ਪੰਜਾਬੀ ਵਿਭਾਗ ਦੇ ਮੁਖੀ ਸਨ ਨੇ ਕਿਹਾ ਕਿ ਜਥੇਦਾਰ ਸੇਖਵਾਂ ਦਾ ਸਦੀਵੀ ਵਿਛੋੜਾ ਸਾਡੇ ਲਈ ਕਦੇ ਵੀ ਨਾ ਪੂਰਾ ਹੋ ਸਕਣ ਵਾਲਾ ਵੱਡਾ ਘਾਟਾ ਹੈ। ਡਾ. ਤੇਜਿੰਦਰ ਕੌਰ ਕੋਆਰਡੀਨੇਟਰ ਪਰਵਾਸੀ ਸਾਹਿਤ ਅਧਿਐਨ ਕੇਂਦਰ ਨੇ ਕਿਹਾ ਕਿ ਜਥੇਦਾਰ ਸਰਦਾਰ ਸੇਵਾ ਸਿੰਘ ਸੇਖਵਾਂ ਦਾ ਪੰਜਾਬੀ ਭਾਸ਼ਾ ਅਤੇ ਸਾਹਿਤ ਨਾਲ ਡੂੰਘਾ ਲਗਾਵ ਸੀ। ਸਾਨੂੰ ਖੁਸ਼ੀ ਹੈ ਕਿ ਪਰਵਾਸੀ ਸਾਹਿਤ ਅਧਿਅਨ ਕੇਂਦਰ ਨੂੰ ਲੈ ਕੇ ਉਨ੍ਹਾਂ ਨੇ ਜਿਹੜਾ ਸੁਪਨਾ ਦੇਖਿਆ ਸੀ ਪਰਵਾਸੀ ਸਾਹਿਤ ਅਧਿਅਨ ਕੇਂਦਰ ਨੇ ਡਾ. ਸ. ਪ. ਸਿੰਘ ਜੀ ਦੀ ਸੁਯੋਗ ਅਗਵਾਈ ਅਧੀਨ ਉਸ ਸੁਪਨੇ ਨੂੰ ਪੂਰਾ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਇਸ ਮੌਕੇ ਪੰਜਾਬੀ ਵਿਭਾਗ ਦੇ ਮੁਖੀ ਡਾ. ਭੁਪਿੰਦਰ ਸਿੰਘ, ਡਾ. ਗੁਰਪ੍ਰੀਤ ਸਿੰਘ, ਪ੍ਰੋ. ਸ਼ਰਨਜੀਤ ਕੌਰ, ਡਾ. ਹਰਪ੍ਰੀਤ ਸਿੰਘ ਦੂਆ ਤੇ ਰਜਿੰਦਰ ਸਿੰਘ ਸੰਧੂ ਵੀ ਹਾਜ਼ਰ ਰਹੇ।

## ਸ਼ਾਇਰ ਸੁਖਵਿੰਦਰ ਰਾਮਪੁਰੀ



ਸੁਖਵਿੰਦਰ ਰਾਮਪੁਰੀ

ਟੋਰਾਂਟੋ ਵੱਸਦੇ ਕਵੀ ਅਤੇ ਗੀਤਕਾਰ ਸੁਖਮਿੰਦਰ ਰਾਮਪੁਰੀ ਸਦੀਵੀ ਵਿਛੋੜਾ ਦੇ ਗਏ ਹਨ। ਉਹ ਸਾਹਿਤ ਸਭਾ ਰਾਮਪੁਰ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਉੱਘੇ ਆਗੂ ਸਨ। ਉਹ ਪਿਛਲੇ ਦਹਾਕੇ ਤੋਂ ਕੈਨੇਡਾ ਵਿੱਚ ਰਹਿ ਰਹੇ ਸਨ। ਸਾਹਿਤਕ ਜਗਤ ਵਿੱਚ ਉਨ੍ਹਾਂ ਦੀ ਪਛਾਣ ਇੱਕ ਗੀਤਕਾਰ ਤੇ ਪ੍ਰਤੀਬੱਧ ਕਵੀ ਵਜੋਂ ਸਥਾਪਿਤ ਹੋਈ। ਸੁਖਮਿੰਦਰ ਰਾਮਪੁਰੀ ਨੇ ਪੰਜਾਬੀ ਸਾਹਿਤ ਨੂੰ 'ਯੁਗਾਂ ਯੁਗਾਂ ਦੀ ਪੀੜ', 'ਅਸੀਮਤ ਸਫ਼ਰ', 'ਮਿਹਰਬਾਨ ਹੱਥ', 'ਮੈਂ ਨਿਰੀ ਪਤਝੜ ਨਹੀਂ', 'ਧੀਆਂ', 'ਅੱਜ ਤੀਕ', 'ਇਹ ਸਫ਼ਰ ਜਾਰੀ ਰਹੇ', 'ਸਫ਼ਰ ਸਾਡੀ ਬੰਦਗੀ', 'ਤੁਹਾਨੂੰ ਕਿਵੇਂ ਲੱਗਦੀ ਹੈ' ਅਤੇ 'ਪੈਰੋਲ 'ਤੇ ਆਈ ਕਵਿਤਾ' ਆਦਿ ਕਾਵਿ ਸੰਗ੍ਰਹਿ ਦਿੱਤੇ। ਉਨ੍ਹਾਂ ਦਾ ਨਾਵਲ 'ਗੁਲਾਬੀ ਛਾਂ ਵਾਲੀ ਕੁੜੀ' ਖ਼ਾਸ ਚਰਚਿਤ ਰਿਹਾ। ਕੁੱਝ ਸੰਪਾਦਿਤ ਪੁਸਤਕਾਂ 'ਕੂੜ ਨਿਖੁੱਟੇ', 'ਕਿਰਨਾਂ ਦੇ ਰੰਗ', 'ਕਤਰਾ ਕਤਰਾ ਸੋਚ' ਤੇ 'ਨਿੱਕੇ ਨਿੱਕੇ ਫੁੱਲ ਨਿੱਕੀ ਵਾਸ਼ਨਾ' ਹਨ। ਉਹ ਆਪਣੇ ਸਮੇਂ ਦੇ ਉੱਘੇ ਖਿਡਾਰੀ ਵੀ ਸਨ। ਆਪਣੇ ਸਮਰੱਥ ਗੀਤਾਂ ਦੇ ਸਦਕਾ ਉਨ੍ਹਾਂ ਨੇ 19 ਵਾਰ ਦਿੱਲੀ ਵਿਖੇ ਕੌਮੀ ਕਵੀ ਦਰਬਾਰ ਵਿੱਚ ਹਾਜ਼ਰੀ ਭਰੀ। ਲਿਖਾਰੀ ਸਭਾ ਰਾਮਪੁਰ ਤੇ ਆਲੇ ਦੁਆਲੇ ਦੀਆਂ ਸਾਹਿਤਕ ਸੰਸਥਾਵਾਂ ਨੇ ਉਨ੍ਹਾਂ ਦੀ ਗੀਤਕਾਰੀ ਤੇ ਕਵਿਤਾਵਾਂ ਨੂੰ ਭਰਵਾਂ ਹੁੰਗਾਰਾ ਦਿੱਤਾ ਹੈ।

## ਰਾਜਵਿੰਦਰ ਸਿੰਘ



ਰਾਜਵਿੰਦਰ ਸਿੰਘ

ਕਪੂਰਥਲਾ ਸ਼ਹਿਰ ਦੇ ਮੱਧਵਰਗੀ ਪਰਿਵਾਰ ਵਿੱਚ ਪੈਦਾ ਹੋਏ ਰਾਜਵਿੰਦਰ ਸਿੰਘ ਜੋ ਕਿ ਪਿਛਲੇ ਤਕਰੀਬਨ ਚਾਲੀ ਸਾਲਾਂ ਤੋਂ ਵੀ ਵਧੇਰੇ ਸਮੇਂ ਤੋਂ ਜਰਮਨ ਵਿੱਚ ਰਹਿ ਰਹੇ ਸਨ, ਅਕਾਲ ਚਲਾਣਾ ਕਰ ਗਏ ਹਨ। ਜਰਮਨੀ ਅਤੇ ਸਪੈਨਿਸ਼ ਭਾਸ਼ਾ ਵਿੱਚ ਤਕਰੀਬਨ ਇੱਕ ਦਰਜਨ ਤੋਂ ਵੀ ਵੱਧ ਕਿਤਾਬਾਂ ਲਿਖ਼ਣ ਸਦਕਾ ਸਰਕਾਰ ਵੱਲੋਂ ਉਨ੍ਹਾਂ ਨੂੰ ਜਰਮਨੀ ਦੇ ਪੋਇਟ ਲੌਰੀਏਟ (ਜਰਮਨ ਦੇ ਰਾਜ ਕਵੀ) ਦੀ ਉਪਾਧੀ ਨਾਲ ਨਿਵਾਜਿਆ ਗਿਆ ਸੀ। ਮਾਂ ਬੋਲੀ ਪੰਜਾਬੀ ਵਿੱਚ ਉਨ੍ਹਾਂ ਦਾ ਪਹਿਲਾ ਕਾਵਿ-ਸੰਗ੍ਰਹਿ 'ਰਾਤ ਲੰਮੀ ਜ਼ਿੰਦਗੀ' ਤੇ 'ਘਰ ਪਰਵਾਜ਼ ਤੇ ਸਰਗਮ' ਪ੍ਰਕਾਸ਼ਿਤ ਹੋਏ। ਖੁਸ਼ਵੰਤ ਸਿੰਘ ਨੇ ਇੱਕ ਅਖ਼ਬਾਰੀ ਕਾਲਮ ਵਿੱਚ ਲਿਖਿਆ ਸੀ ਕਿ ਲੋਕ ਤਾਂ ਵਿਦੇਸ਼ਾਂ ਵਿੱਚ ਸਿਰਫ਼ ਨਾਵਾਂ ਕਮਾਉਣ ਜਾਂਦੇ ਨੇ ਪਰ ਰਾਜਵਿੰਦਰ ਸਿੰਘ ਉਹ ਸ਼ਖ਼ਸ ਹੈ ਜਿਸਨੇ ਗੁਜ਼ਾਰੇ ਜੋਗੇ ਨਾਵੇਂ ਦੇ ਨਾਲ-ਨਾਲ ਵਿਸ਼ਵ ਪੱਧਰ ਤੇ ਚੰਗੇਰਾ ਨਾਮ ਵੀ ਕਮਾਇਆ ਹੈ।

# ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ
# ਪਰਵਾਸੀ ਪੁਸਤਕ ਚਰਚਾ

## ਲੇਖਕ | ਪੁਸਤਕ | ਵਿਚਾਰ ਚਰਚਾ



**ਨੀਲੂ**
ਜਰਮਨੀ







**ਡਾ. ਗੁਰਇਕਬਾਲ ਸਿੰਘ**
ਸਾਬਕਾ ਪ੍ਰਿੰਸੀਪਲ
ਜੀ. ਟੀ. ਬੀ. ਨੈਸ਼ਨਲ ਕਾਲਜ, ਦਾਖਾ




**ਗੁਰਪ੍ਰੀਤ ਕੌਰ ਗੈਦੂ**
ਗਰੀਸ







**ਡਾ. ਹਰਪ੍ਰੀਤ ਸਿੰਘ ਹੁੰਦਲ**
ਪ੍ਰਿੰਸੀਪਲ
ਸਿੱਖ ਨੈਸ਼ਨਲ ਕਾਲਜ, ਕਾਦੀਆਂ

## ਲੇਖਕ | ਨਾਵਲ | ਵਿਚਾਰ ਚਰਚਾ



**ਨਦੀਮ ਪਰਮਾਰ**
ਸਰੀ, ਕੈਨੇਡਾ






**ਡਾ. ਹਰਸਿਮਰਨ ਕੌਰ**
ਅਸਿਸਟੈਂਟ ਪ੍ਰੋਫ਼ੈਸਰ
ਸ੍ਰੀ ਗੁਰੂ ਤੇਗ ਬਹਾਦਰ ਯੂਨੀਵਰਸਿਟੀ, ਕਾਲਜ
ਸਠਿਆਲਾ



**ਹਰਪ੍ਰੀਤ ਸੇਖਾ**
ਸਰੀ, ਕੈਨੇਡਾ






**ਡਾ. ਕੰਵਲਜੀਤ ਸਿੰਘ ਬੱਲ**
ਕਾਰਜਕਾਰੀ ਪ੍ਰਿੰਸੀਪਲ
ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ

# ਪਰਵਾਸੀ ਸਾਹਿਤ ਅਧਿਅਨ ਕੇਂਦਰ

ਵੱਲੋਂ

# 2022

# ਮੁਬਾਰਕ

**JANUARY**

| S | M | T | W | T | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

**FEBRUARY**

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | | | | | |

**MARCH**

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

**APRIL**

| S | M | T | W | T | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

**MAY**

| S | M | T | W | T | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

**JUNE**

| S | M | T | W | T | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

**JULY**

| S | M | T | W | T | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

**AUGUST**

| S | M | T | W | T | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

**SEPTEMBER**

| S | M | T | W | T | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | |

**OCTOBER**

| S | M | T | W | T | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

**NOVEMBER**

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

**DECEMBER**

| S | M | T | W | T | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |